14-NOV-PAGE-1.qxd 11/13/2025 10:05 PM Page 1


ਸ਼ੁੱਕਰਵਾਰ, 14 ਨਵੰਬਰ, 2025
29 ਕੱਤਕ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 164

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 14 NOVEMBER, 2025

ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


## ਯੇਦੀਯੁਰੱਪਾ ਖਿਲਾਫ ਪੋਕਸੋ ਤਹਿਤ ਹੀ ਕੇਸ ਚੱਲੇਗਾ



**ਬੇਂਗਲੁਰੂ** : ਕਰਨਾਟਕ ਹਾਈ ਕੋਰਟ ਨੇ ਵੀਰਵਾਰ ਸੀਨੀਅਰ ਭਾਜਪਾ ਆਗੂ ਤੇ ਸਾਬਕਾ ਮੁੱਖ ਮੰਤਰੀ ਬੀ ਐੱਸ ਯੇਦੀਯੁਰੱਪਾ ਦੀ ਉਸ ਵਿਰੁੱਧ ਬੱਚਿਆਂ ਨੂੰ ਯੌਨ ਹਮਲਿਆਂ ਤੋਂ ਬਚਾਉਣ ਦੇ ਕਾਨੂੰਨ (ਪੋਕਸੋ) ਤਹਿਤ ਦਰਜ ਕੇਸ ਰੱਦ ਕਰਨ ਦੀ ਮੰਗ ਠੁਕਰਾ ਦਿੱਤੀ। ਜਸਟਿਸ ਐੱਮ ਆਈ ਅਰੁਣ ਨੇ ਟਰਾਇਲ ਕੋਰਟ ਵੱਲੋਂ ਯੇਦੀਯੁਰੱਪਾ ਨੂੰ ਇਸ ਕਾਨੂੰਨ ਤਹਿਤ 28 ਫਰਵਰੀ ਨੂੰ ਜਾਰੀ ਸੰਮਨ ਨੂੰ ਜਾਇਜ਼ ਠਹਿਰਾਇਆ। ਇੱਕ ਮਹਿਲਾ ਨੇ ਦੋਸ਼ ਲਾਇਆ ਹੈ ਕਿ ਯੇਦੀਯੁਰੱਪਾ ਨੇ ਉਸ ਦੀ 17 ਸਾਲਾ ਧੀ 'ਤੇ ਯੌਨ ਹਮਲਾ ਕੀਤਾ ਸੀ, ਜਦੋਂ ਉਹ ਫਰਵਰੀ 2024 ਵਿੱਚ ਉਸ ਦੇ ਘਰ ਉਸ ਨੂੰ ਮਿਲਣ ਗਈ ਸੀ।

## ਅਮਰੀਕਾ 'ਚ ਤਾਲਾਬੰਦੀ ਖ਼ਤਮ

**ਵਾਸ਼ਿੰਗਟਨ** : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ ਰਾਤ ਸਰਕਾਰੀ ਫੰਡਾਂ ਨਾਲ ਸੰਬੰਧਤ ਬਿੱਲ 'ਤੇ ਦਸਤਖ਼ਤ ਕਰ ਦਿੱਤੇ, ਜਿਸ ਨਾਲ ਪਿਛਲੇ ਰਿਕਾਰਡ 43 ਦਿਨਾਂ ਤੋਂ ਜਾਰੀ ਤਾਲਾਬੰਦੀ ਖਤਮ ਹੋ ਗਈ। ਤਾਲਾਬੰਦੀ ਕਰਕੇ ਸੰਘੀ ਮੁਲਾਜ਼ਮਾਂ ਨੂੰ ਵੱਡਾ ਵਿੱਤੀ ਦਬਾਅ ਝੱਲਣਾ ਪੈ ਰਿਹਾ ਸੀ। ਮੁਲਾਜ਼ਮਾਂ ਨੂੰ ਤਨਖਾਹਾਂ ਨਹੀਂ ਮਿਲੀਆਂ, ਉਡਾਣਾਂ ਰੱਦ ਹੋਣ ਕਾਰਨ ਵੱਡੀ ਗਿਣਤੀ 'ਚ ਯਾਤਰੀ ਹਵਾਈ ਅੱਡਿਆਂ 'ਤੇ ਫਸ ਗਏ ਤੇ ਕੁਝ ਖੁਰਾਕੀ ਬੈਂਕਾਂ ਦੇ ਬਾਹਰ ਲੰਮੀਆਂ ਕਤਾਰਾਂ ਲੱਗ ਗਈਆਂ। ਇਸ ਤਾਲਾਬੰਦੀ ਨੇ ਵਾਸ਼ਿੰਗਟਨ ਵਿਚ ਪੱਖਪਾਤੀ ਵੰਡ ਨੂੰ ਹੋਰ ਹਵਾ ਦਿੱਤੀ, ਕਿਉਂਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਬੇਮਿਸਾਲ ਇਕਤਰਫ਼ਾ ਕਾਰਵਾਈ ਕੀਤੀ, ਜਿਸ ਵਿਚ ਪ੍ਰਾਜੈਕਟਾਂ ਨੂੰ ਰੱਦ ਕਰਨਾ ਤੇ ਸੰਘੀ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣ ਦੀ ਕੋਸ਼ਿਸ਼ ਕਰਨਾ ਸ਼ਾਮਲ ਸੀ, ਤਾਂ ਕਿ ਡੈਮੋਕਰੇਟਸ 'ਤੇ ਆਪਣੀਆਂ ਮੰਗਾਂ ਨੂੰ ਲੈ ਕੇ ਨਰਮ ਰੁਖ਼ ਅਪਣਾਉਣ ਲਈ ਦਬਾਅ ਬਣਾਇਆ ਜਾ ਸਕੇ। ਸਦਨ ਵੱਲੋਂ 222-209 ਦੇ ਬਹੁਮਤ ਨਾਲ ਬਿੱਲ ਪਾਸ ਕਰਨ ਤੋਂ ਕੁਝ ਘੰਟਿਆਂ ਬਾਅਦ ਟਰੰਪ ਨੇ ਇਸ 'ਤੇ ਸਹੀ ਪਾ ਦਿੱਤੀ। ਸੈਨੇਟ ਨੇ ਸੋਮਵਾਰ ਨੂੰ ਇਸ ਬਿੱਲ ਨੂੰ ਪਾਸ ਕਰ ਦਿੱਤਾ ਸੀ।

## ਕਸ਼ਮੀਰ 'ਚ ਕੜਾਕੇ ਦੀ ਠੰਢ

**ਸ੍ਰੀਨਗਰ** : ਜੰਮੂ-ਕਸ਼ਮੀਰ ਦੀ ਗਰਮੀਆਂ ਦੀ ਰਾਜਧਾਨੀ ਸ੍ਰੀਨਗਰ ਵਿਚ ਇਸ ਮੌਸਮ ਦੀ ਸਭ ਤੋਂ ਠੰਢੀ ਰਾਤ ਦਰਜ ਕੀਤੀ ਗਈ, ਜਿਸ ਦੌਰਾਨ ਇਲਾਕਾ ਗੁਲਮਰਗ ਸਭ ਤੋਂ ਠੰਢਾ ਰਿਹਾ। ਇੱਥੇ ਤਾਪਮਾਨ ਜ਼ੀਰੋ ਤੋਂ 2.1 ਡਿਗਰੀ ਸੈਲਸੀਅਸ ਹੇਠਾਂ ਰਿਹਾ। ਮੌਸਮ ਵਿਭਾਗ ਅਨੁਸਾਰ ਪਹਿਲਗਾਮ ਘਾਟੀ ਵਿਚ ਸਭ ਤੋਂ ਘੱਟ ਤਾਪਮਾਨ ਦਰਜ ਕੀਤਾ ਗਿਆ, ਜਿੱਥੇ ਪਾਰਾ ਜ਼ੀਰੋ ਤੋਂ 3.8 ਡਿਗਰੀ ਸੈਲਸੀਅਸ ਹੇਠਾਂ ਆ ਗਿਆ। ਕਾਜ਼ੀਗੁੰਡ ਵਿਚ ਨਿਊਨਤਮ ਤਾਪਮਾਨ -1.5, ਕੁਪਵਾੜਾ ਵਿਚ -2.2, ਕੁਕਰਨਗ ਵਿਚ -1.2, ਜਦੋਂ ਕਿ ਗੁਲਮਰਗ ਵਿਚ-0.5 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ।

# ਪਾਕਿਸਤਾਨੀ ਜਰਨੈਲਾਂ ਦੀਆਂ ਮੌਜਾਂ ਹੀ ਮੌਜਾਂ

**ਆਜ਼ਾਦੀ ਦੇ ਸ਼ਾਇਰ ਦਾਮਨ ਦੀਆਂ ਮਸ਼ਹੂਰ ਲਾਈਨਾਂ ਹਨ : ਪਾਕਿਸਤਾਨ ਦੀਆਂ ਮੌਜਾਂ ਹੀ ਮੌਜਾਂ, ਚਾਰੇ ਪਾਸੇ ਫੌਜਾਂ ਹੀ ਫੌਜਾਂ**



ਆਸਿਫ ਅਲੀ ਜ਼ਰਦਾਰੀ ਤੇ ਸਈਅਦ ਆਸਿਮ ਮੁਨੀਰ।

**ਇਸਲਾਮਾਬਾਦ** : ਪਾਕਿਸਤਾਨ ਦੀ ਹੋਂਦ ਤੋਂ ਹੀ ਫੌਜ ਦਾ ਦਬਦਬਾ ਰਿਹਾ ਹੈ, ਪਰ ਇਸ ਦੀ ਕੌਮੀ ਅਸੈਂਬਲੀ ਨੇ ਵੀਰਵਾਰ ਸੰਵਿਧਾਨ ਵਿੱਚ ਅਜਿਹੀ ਤਰਮੀਮ ਕਰ ਦਿੱਤੀ ਹੈ, ਜਿਸ ਨਾਲ ਜਰਨੈਲਾਂ ਦੀ ਤਾਕਤ ਹੋਰ ਵਧ ਜਾਵੇਗੀ। ਨਵੀਂ ਤਰਮੀਮ ਨਾਲ ਰਾਸ਼ਟਰਪਤੀ ਤੇ ਸੈਨਾ ਮੁਖੀ ਖਿਲਾਫ ਫੌਜਦਾਰੀ ਮੁਕੱਦਮਾ ਨਹੀਂ ਚੱਲ ਸਕੇਗਾ। ਦੋ-ਤਿਹਾਈ ਬਹੁਮਤ ਨਾਲ ਪਾਸ ਕੀਤੀ ਗਈ 27ਵੀਂ ਤਰਮੀਮ ਨਾਲ ਨਵਾਂ ਚੀਫ ਆਫ ਡਿਫੈਂਸ ਫੋਰਸਿਜ਼ ਬਣੇਗਾ, ਜਿਸ ਕੋਲ ਅਥਾਹ ਤਾਕਤਾਂ ਹੋਣਗੀਆਂ। ਇਸ ਤੋਂ ਇਲਾਵਾ ਵਰਤਮਾਨ ਸੁਪਰੀਮ ਕੋਰਟ ਨਾਲੋਂ ਵੱਖਰੀ ਫੈਡਰਲ ਕਾਂਸਟੀਚਿਊਸ਼ਨਲ ਕੋਰਟ ਵੀ ਕਾਇਮ ਕੀਤੀ ਜਾਵੇਗੀ। ਨਵੀਆਂ ਤਬਦੀਲੀਆਂ ਨਾਲ ਸੈਨਾ ਮੁਖੀ ਆਸਿਮ ਮੁਨੀਰ, ਜਿਸ ਨੂੰ ਮਈ ਵਿੱਚ ਭਾਰਤ ਨਾਲ ਟਕਰਾਅ ਤੋਂ ਬਾਅਦ ਫੀਲਡ ਮਾਰਸ਼ਲ ਬਣਾ ਦਿੱਤਾ ਗਿਆ ਸੀ, ਦੀ ਥਲ, ਹਵਾਈ ਤੇ ਜਲ ਸੈਨਾ 'ਤੇ ਕਮਾਂਡ ਹੋ ਜਾਵੇਗੀ। ਹੋਰਨਾਂ ਵੱਡੇ ਫੌਜੀ ਅਫਸਰਾਂ ਵਾਂਗ ਮੁਨੀਰ 'ਤੇ ਤਾਉਮਰ ਮੁਕੱਦਮਾ ਨਹੀਂ ਚਲਾਇਆ ਜਾ ਸਕੇਗਾ। ਜਿਹੜਾ ਵੀ ਅਫਸਰ ਫੀਲਡ ਮਾਰਸ਼ਲ, ਹਵਾਈ ਸੈਨਾ ਦਾ ਮਾਰਸ਼ਲ ਜਾਂ ਐਡਮਿਰਲ ਬਣੇਗਾ, ਉਹ ਉਮਰ-ਭਰ ਉਹ ਰੈਂਕ ਤੇ ਵਰਦੀ ਰੱਖੇਗਾ ਅਤੇ ਉਸ ਵਿਰੁੱਧ ਫੌਜਦਾਰੀ ਮੁਕੱਦਮਾ ਨਹੀਂ ਚਲਾਇਆ ਜਾ ਸਕੇਗਾ। ਪਹਿਲਾਂ ਇਹ ਛੋਟ ਸਿਰਫ ਰਾਸ਼ਟਰਪਤੀ ਨੂੰ ਹੀ ਸੀ।

ਇਸਲਾਮਾਬਾਦ ਅਧਾਰਤ ਵਕੀਲ ਓਸਾਮਾ ਮਲਿਕ ਨੇ ਕਿਹਾ ਕਿ ਸੰਵਿਧਾਨਕ ਤਰਮੀਮ ਨਾਲ ਤਾਨਾਸ਼ਾਹੀ ਵਧੇਗੀ ਅਤੇ ਦੇਸ਼ ਵਿੱਚ ਜਿਹੜੀ ਮਾੜੀ-ਮੋਟੀ ਜਮਹੂਰੀਅਤ ਹੈ, ਉਹ ਵੀ ਜਾਂਦੀ ਲੱਗੇਗੀ। ਉਸ ਨੇ ਅੱਗੇ ਕਿਹਾ ਕਿ ਫੌਜੀ ਸਰਗਰਮੀਆਂ 'ਤੇ ਅਦਾਲਤਾਂ ਦਾ ਕੁੰਡਾ ਖਤਮ ਹੋ ਜਾਵੇਗਾ ਅਤੇ ਸਾਰੇ ਸੈਨਾ ਮੁਖੀਆਂ ਨੂੰ ਬਰਾਬਰ ਰਖਦਾ ਸਿਸਟਮ ਵੀ ਤਬਾਹ ਹੋ ਜਾਵੇਗਾ। ਤਰਮੀਮ ਨਾਲ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਖਿਲਾਫ ਵੀ ਫੌਜਦਾਰੀ ਮੁਕੱਦਮਾ ਨਹੀਂ ਚਲਾਇਆ ਜਾ ਸਕੇਗਾ। ਤਾਂ ਵੀ ਨਵੀਂ ਤਰਮੀਮ ਵਿੱਚ ਇਹ ਗੱਲ ਕਹੀ ਗਈ ਹੈ ਕਿ ਜੇ ਸਾਬਕਾ ਰਾਸ਼ਟਰਪਤੀ ਕੋਈ ਨਵਾਂ ਜਨਤਕ ਅਹੁਦਾ ਹਾਸਲ ਕਰਦਾ ਹੈ ਤਾਂ ਉਸ ਦੀ ਛੋਟ ਖਤਮ ਹੋ ਜਾਵੇਗੀ। ਜ਼ਰਦਾਰੀ ਖਿਲਾਫ ਰਿਸ਼ਵਤ ਦੇ ਕਈ ਕੇਸ ਸ਼ੁਰੂ ਹੋਏ ਸੀ, ਪਰ ਫਿਰ ਰੋਕ ਦਿੱਤੇ ਗਏ। ਨਵੀਂ ਤਰਮੀਮ ਨਾਲ ਉਸ ਖਿਲਾਫ ਮੁਕੱਦਮਾ ਨਹੀਂ ਚੱਲ ਸਕੇਗਾ, ਜੇ ਉਹ ਨਵਾਂ ਜਨਤਕ ਅਹੁਦਾ ਨਹੀਂ ਲਵੇਗਾ। ਨਵੀਂ ਤਰਮੀਮ ਤਹਿਤ ਅਦਾਲਤਾਂ ਸੰਵਿਧਾਨਕ ਤਰਮੀਮ ਖਿਲਾਫ ਕਿਸੇ ਵੀ ਆਧਾਰ 'ਤੇ ਸੁਣਵਾਈ ਨਹੀਂ ਕਰ ਸਕਣਗੀਆਂ। ਹੁਣ ਇਹ ਬਿੱਲ ਕਾਨੂੰਨ ਬਣਨ ਲਈ ਰਾਸ਼ਟਰਪਤੀ ਦੇ ਦਸਤਖਤਾਂ ਲਈ ਜਾਵੇਗਾ।

# ਅੱਜ ਬਹੁਤਿਆਂ ਦਾ ਧਿਆਨ ਬਿਹਾਰ ਵੱਲ



ਕੋਈ ਜਿੱਤੇ, ਕੋਈ ਹਾਰੇ, ਹਾਰ ਵੇਚਣ ਵਾਲਿਆਂ ਦਾ ਧੰਦਾ ਅੱਜ ਵਧੀਆ ਰਹਿਣਾ

**ਪਟਨਾ** : 243 ਮੈਂਬਰੀ ਬਿਹਾਰ ਅਸੈਂਬਲੀ ਲਈ ਪਈਆਂ ਵੋਟਾਂ ਦੀ ਗਿਣਤੀ ਸ਼ੁੱਕਰਵਾਰ ਸਵੇਰੇ 8 ਵਜੇ ਸ਼ੁਰੂ ਹੋ ਜਾਵੇਗੀ ਤੇ ਇਕ-ਡੇਢ ਘੰਟੇ ਬਾਅਦ ਹੀ ਰੁਝਾਨ ਸਾਹਮਣੇ ਆਉਣ ਲੱਗ ਪੈਣਗੇ। ਬਹੁਤੇ ਐਗਜ਼ਿਟ ਪੋਲਾਂ ਨੇ ਨਿਤੀਸ਼ ਕੁਮਾਰ ਨੂੰ ਹੀ ਜਿਤਾਇਆ ਹੈ, ਪਰ ਮਹਾਂ-ਗੱਠਬੰਧਨ ਦਾ ਦਾਅਵਾ ਹੈ ਕਿ ਨਤੀਜੇ ਹੈਰਾਨ ਕਰ ਦੇਣਗੇ ਤੇ ਉਸ ਦੀ ਹੀ ਸਰਕਾਰ ਬਣੇਗੀ।

## 'ਵੰਦੇ ਮਾਤਰਮ' ਗਾਉਣ 'ਤੇ ਇਤਰਾਜ਼ ਕਰਨ ਵਾਲਾ ਟੀਚਰ ਮੁਅੱਤਲ

**ਅਲੀਗੜ੍ਹ** : ਇੱਥੇ ਸਵੇਰ ਦੀ ਸਭਾ ਦੌਰਾਨ ਕਥਿਤ ਤੌਰ 'ਤੇ 'ਵੰਦੇ ਮਾਤਰਮ' ਗਾਏ ਜਾਣ 'ਤੇ ਇਤਰਾਜ਼ ਜਤਾਉਣ ਦੇ ਦੋਸ਼ ਹੇਠ ਇੱਕ ਸਰਕਾਰੀ ਸਕੂਲ ਦੇ ਅਧਿਆਪਕ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਜ਼ਿਲ੍ਹਾ ਬੇਸਿਕ ਸਿੱਖਿਆ ਅਧਿਕਾਰੀ ਰਾਕੇਸ਼ ਕੁਮਾਰ ਸਿੰਘ ਨੇ ਦੱਸਿਆ ਕਿ ਇਹ ਘਟਨਾ ਬੁੱਧਵਾਰ ਸ਼ਾਹਪੁਰ ਕੁਤੁਬ ਖੇਤਰ ਦੇ ਸਰਕਾਰੀ ਹਾਇਰ ਸੈਕੰਡਰੀ ਸਕੂਲ ਵਿੱਚ ਵਾਪਰੀ। ਅਧਿਆਪਕ ਸ਼ਮਸੁਲ ਹਸਨ ਨੇ ਕਥਿਤ ਤੌਰ 'ਤੇ ਇਤਰਾਜ਼ ਉਠਾਇਆ, ਜਦੋਂ ਸਵੇਰ ਦੀ ਸਭਾ ਵਿੱਚ ਰਾਸ਼ਟਰੀ ਗੀਤ ਤੋਂ ਬਾਅਦ 'ਵੰਦੇ ਮਾਤਰਮ' ਗੀਤ ਨੂੰ ਸ਼ਾਮਲ ਕੀਤਾ ਗਿਆ ਸੀ। ਸਕੂਲ ਅਧਿਕਾਰੀਆਂ ਦੀ ਲਿਖਤੀ ਸ਼ਿਕਾਇਤ ਤੋਂ ਬਾਅਦ ਸਿੱਖਿਆ ਵਿਭਾਗ ਦੇ ਇੱਕ ਅਧਿਕਾਰੀ ਨੇ ਸਕੂਲ ਦਾ ਦੌਰਾ ਕੀਤਾ ਅਤੇ ਸਟਾਫ਼ ਦੇ ਬਿਆਨ ਦਰਜ ਕੀਤੇ। ਜਾਂਚ ਵਿੱਚ ਖੁਲਾਸਾ ਹੋਇਆ ਕਿ ਹਸਨ ਨੇ ਬਹਿਸ ਦੌਰਾਨ ਸਹਿਕਰਮੀਆਂ ਨਾਲ ਬਦਸਲੂਕੀ ਵੀ ਕੀਤੀ ਸੀ। ਸਕੂਲ ਦੀ ਪ੍ਰਿੰਸੀਪਲ ਸੁਸ਼ਮਾ ਰਾਣੀ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਹਸਨ ਨੇ ਦਾਅਵਾ ਕੀਤਾ ਸੀ ਕਿ 'ਵੰਦੇ ਮਾਤਰਮ' ਗਾਉਣਾ ਉਸ ਦੇ

• ਬਾਕੀ ਸਫਾ 2 'ਤੇ

# ਲੁਧਿਆਣਾ 'ਚ ਹੈਂਡ ਗਰਨੇਡ ਸਣੇ 10 ਗ੍ਰਿਫਤਾਰ

**ਲੁਧਿਆਣਾ** : ਸਥਾਨਕ ਪੁਲਸ ਨੇ ਵੱਡੀ ਦਹਿਸ਼ਤੀ ਸਾਜ਼ਿਸ਼ ਨੂੰ ਨਾਕਾਮ ਕਰਨ ਦਾ ਦਾਅਵਾ ਕੀਤਾ ਹੈ। ਪੁਲਸ ਦੀ ਸਮੇਂ ਸਿਰ ਅਤੇ ਸੁਚਾਰੂ ਤਰੀਕੇ ਨਾਲ ਕੀਤੀ ਗਈ ਕਾਰਵਾਈ ਨਾਲ ਗਰਨੇਡ ਹਮਲੇ ਨੂੰ ਰੋਕ ਦਿੱਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਇਸ ਮਾਮਲੇ ਵਿੱਚ 10 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੇ ਵਿਦੇਸ਼ ਅਧਾਰਤ ਹੈਂਡਲਰਾਂ, ਜਿਨ੍ਹਾਂ ਦੇ ਪਾਕਿਸਤਾਨ ਨਾਲ ਸੰਭਾਵਤ ਸੰਬੰਧ ਹਨ, ਦੀ ਤਲਾਸ਼ ਜਾਰੀ ਹੈ। ਗੈਰਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਯੂ ਪੀ ਏ ਪੀ ਅਧੀਨ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਰੈੱਡ ਕਾਰਨਰ ਨੋਟਿਸ ਵਿਦੇਸ਼ ਵਿੱਚ ਬੈਠੇ ਮੁਲਜ਼ਮਾਂ ਖ਼ਿਲਾਫ਼ ਜਾਰੀ ਕੀਤੇ ਗਏ ਹਨ। ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਲੁਧਿਆਣਾ ਪੁਲਸ ਨੇ ਐਕਸਪਲੋਸਿਵਜ਼ ਐਕਟ ਅਤੇ ਬੀ ਐੱਨ ਐੱਸ ਦੀਆਂ ਧਾਰਾਵਾਂ ਅਧੀਨ ਥਾਣਾ ਜੋਧੇਵਾਲ ਵਿੱਚ ਕੁਲਦੀਪ ਸਿੰਘ, ਸ਼ੇਖਰ ਸਿੰਘ, ਅਜੈ ਸਿੰਘ (ਤਿੰਨੇ ਮੁਕਤਸਰ ਸਾਹਿਬ ਵਾਸੀ) ਵਿਰੁੱਧ ਕੇਸ ਦਰਜ ਕੀਤਾ ਸੀ। ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਡੀ ਸੀ ਪੀ (ਇਨਵੈਸਟੀਗੇਸ਼ਨ) ਅਤੇ ਡੀ ਸੀ ਪੀ (ਸ਼ਹਿਰੀ) ਦੀ ਦੇਖ-ਰੇਖ ਹੇਠ ਖ਼ਾਸ ਟੀਮਾਂ ਬਣਾਈਆਂ ਗਈਆਂ। ਮੁਢਲੀ ਜਾਂਚ ਵਿੱਚ ਪਤਾ ਲੱਗਾ ਕਿ ਦੋਸ਼ੀਆਂ ਨੂੰ ਪਾਕਿਸਤਾਨ ਦੀ ਇੰਟਰ ਸਰਵਿਸਿਜ਼ ਇੰਟੈਲੀਜੈਂਸ (ਆਈ ਐੱਸ ਆਈ) ਨੇ ਆਪਣੇ ਵਿਦੇਸ਼ੀ ਹੈਂਡਲਰਾਂ ਰਾਹੀਂ ਲੁਧਿਆਣਾ ਦੇ ਸੰਘਣੀ ਅਬਾਦੀ ਵਾਲੇ ਖੇਤਰ ਵਿੱਚ ਗਰਨੇਡ ਹਮਲਾ ਕਰਨ ਦਾ ਕੰਮ ਸੌਂਪਿਆ ਸੀ, ਜਿਸ ਦਾ ਉਦੇਸ਼ ਦਹਿਸ਼ਤ ਫੈਲਾਉਣਾ ਸੀ। ਜਾਂਚ ਦੌਰਾਨ ਮਾਸਟਰਮਾਈਂਡਾਂ ਦੀ ਪਛਾਣ ਕੀਤੀ ਗਈ ਹੈ, ਜਿਸ ਵਿੱਚ ਅਜੈ ਮਲੇਸ਼ੀਆ, ਸਥਾਈ ਨਿਵਾਸੀ ਸ੍ਰੀ ਗੰਗਾਨਗਰ, ਜੱਸ ਬੇਹਬਲ (ਹੁਣ ਮਲੇਸ਼ੀਆ ਵਿੱਚ), ਪਵਨਦੀਪ, ਨਿਵਾਸੀ ਮਲੇਸ਼ੀਆ, ਸਥਾਈ ਸ੍ਰੀ ਗੰਗਾਨਗਰ, ਸ਼ਾਮਲ ਸਨ। ਅਧਿਕਾਰੀਆਂ ਨੇ ਦੱਸਿਆ ਕਿ ਜਾਂਚ ਦੌਰਾਨ ਪੰਜਾਬ ਵਿੱਚ ਹੈਂਡ ਗਰਨੇਡ ਦੀ ਸਪਲਾਈ ਵਿੱਚ ਸ਼ਾਮਲ ਸਥਾਨਕ ਸਮੂਹ ਦਾ ਖ਼ੁਲਾਸਾ ਹੋਇਆ ਹੈ।

ਇਸ ਦੌਰਾਨ ਸੁਖਜੀਤ ਸਿੰਘ ਉਰਫ਼ ਸੁੱਖ ਬਰਾੜ, ਸੁਖਵਿੰਦਰ ਸਿੰਘ ਦੋਵੇਂ ਨਿਵਾਸੀ ਫਰੀਦਕੋਟ ਅਤੇ ਕਰਨਵੀਰ ਸਿੰਘ ਉਰਫ ਵਿੱਕੀ, ਨਿਵਾਸੀ ਸ੍ਰੀ ਗੰਗਾਨਗਰ, ਰਾਜਸਥਾਨ ਅਤੇ ਸਾਜਨ ਕੁਮਾਰ ਉਰਫ ਸੰਜੂ ਨਿਵਾਸੀ ਸ੍ਰੀ ਮੁਕਤਸਰ ਸਾਹਿਬ ਨੂੰ ਕਾਬੂ ਕੀਤਾ ਗਿਆ ਹੈ। ਮੁਲਜ਼ਮਾਂ ਕੋਲੋਂ ਇੱਕ ਚੀਨੀ ਹੈਂਡ ਗਰਨੇਡ, ਇੱਕ ਕਿੱਟ, ਅਤੇ ਦਸਤਾਨੇ ਬਰਾਮਦ ਕੀਤੇ ਗਏ ਹਨ। ਕਮਿਸ਼ਨਰ ਨੇ ਕਿਹਾ ਕਿ ਮਾਮਲੇ ਦੀ ਜਾਂਚ ਜਾਰੀ ਹੈ।

# ਸ਼ੇਖ਼ ਹਸੀਨਾ ਬਾਰੇ 17 ਨੂੰ ਆਵੇਗਾ ਫ਼ੈਸਲਾ

**ਢਾਕਾ** : ਬੰਗਲਾਦੇਸ਼ ਦੀ ਵਿਸ਼ੇਸ਼ ਅਦਾਲਤ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ 17 ਨਵੰਬਰ ਨੂੰ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵਿਰੁੱਧ ਆਪਣਾ ਫੈਸਲਾ ਸੁਣਾਏਗੀ। ਸਰਕਾਰੀ ਵਕੀਲ ਨੇ ਹਸੀਨਾ ਵਿਰੁੱਧ ਪੰਜ ਗੰਭੀਰ ਦੋਸ਼ ਲਗਾਏ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਕਤਲ, ਅਪਰਾਧ ਨੂੰ ਰੋਕਣ ਵਿਚ ਅਸਫ਼ਲਤਾ ਅਤੇ ਮਨੁੱਖਤਾ ਵਿਰੁੱਧ ਅਪਰਾਧ ਹਨ। ਸਰਕਾਰੀ ਵਕੀਲ ਨੇ ਸ਼ੇਖ਼ ਹਸੀਨਾ ਲਈ ਫ਼ਾਂਸੀ ਦੀ ਸਜ਼ਾ ਦੀ ਮੰਗ ਕੀਤੀ ਹੈ। ਸ਼ੇਖ ਹਸੀਨਾ ਦੀ ਪਾਰਟੀ ਅਵਾਮੀ ਲੀਗ ਨੇ ਵੀਰਵਾਰ ਨੂੰ ਬੰਦ ਦਾ ਐਲਾਨ ਕੀਤਾ। ਅਵਾਮੀ ਲੀਗ ਬੰਦ ਕਾਰਨ ਰਾਜਧਾਨੀ ਢਾਕਾ ਵਿਚ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ ਅਤੇ ਤਾਲਾਬੰਦੀ ਵਰਗੀ ਸਥਿਤੀ ਲਾਗੂ ਕਰ ਦਿੱਤੀ ਗਈ ਹੈ। ਬੰਗਲਾਦੇਸ਼ ਹਾਈ ਅਲਰਟ 'ਤੇ ਹੈ। ਇਸਤਗਾਸਾ ਟੀਮ ਦੇ ਇਕ ਮੈਂਬਰ ਨੇ ਦੱਸਿਆ ਕਿ ਅਪਰਾਧਿਕ ਟ੍ਰਿਬਿਊਨਲ ਆਪਣਾ ਫੈਸਲਾ ਨਿਰਧਾਰਤ ਸਮੇਂ ਅਨੁਸਾਰ ਸੁਣਾਏਗਾ। ਸ਼ੇਖ ਹਸੀਨਾ ਵਿਰੁੱਧ ਫੈਸਲੇ ਦੇ ਮੱਦੇਨਜ਼ਰ ਸਰਕਾਰ ਨੇ ਢਾਕਾ ਵਿਚ ਫ਼ੌਜ, ਬਾਰਡਰ ਗਾਰਡ ਬੰਗਲਾਦੇਸ਼ ਅਤੇ ਦੰਗਾ ਵਿਰੋਧੀ ਪੁਲਸ ਤਾਇਨਾਤ ਕੀਤੀ ਹੈ। ਜਾਣਕਾਰੀ ਅਨੁਸਾਰ ਅਣਪਛਾਤੇ ਵਿਅਕਤੀਆਂ ਨੇ ਢਾਕਾ, ਮੁਨਸ਼ੀਗੰਜ, ਕੇਂਦਰੀ ਤਾਂਗੈਲ ਅਤੇ ਦੱਖਣ-ਪੱਛਮੀ ਗੋਪਾਲਗੰਜ ਵਿਚ ਪੰਜ ਖਾਲੀ ਬੱਸਾਂ ਨੂੰ ਅੱਗ ਲਗਾ ਦਿੱਤੀ ਹੈ। ਮਨੁੱਖਤਾ ਵਿਰੁੱਧ ਅਪਰਾਧ ਮਾਮਲੇ ਵਿਚ ਸਾਬਕਾ ਗ੍ਰਹਿ ਮੰਤਰੀ ਅਸਦੁਜ਼ਮਾਨ ਖਾਨ ਤੇ ਸਾਬਕਾ ਪੁਲਸ ਮੁਖੀ ਅਬਦੁੱਲਾ ਅਲ ਮਨੂਨ ਵੀ ਮੁਲਜ਼ਮ ਹਨ।

## ਬੰਗਲਾਦੇਸ਼ ਚੋਣਾਂ ਫਰਵਰੀ 'ਚ

**ਢਾਕਾ** : ਬੰਗਲਾਦੇਸ਼ ਦੇ ਅੰਤਰਮ ਸਰਕਾਰ ਦੇ ਮੁਖੀ ਮੁਹੰਮਦ ਯੂਨੁਸ ਨੇ ਵੀਰਵਾਰ ਐਲਾਨਿਆ ਕਿ ਦੇਸ਼ 'ਚ ਸੰਸਦੀ ਚੋਣਾਂ ਫਰਵਰੀ ਦੇ ਪਹਿਲੇ ਅੱਧ ਵਿੱਚ ਕਰਾਈਆਂ ਜਾਣਗੀਆਂ।

ਉਨ੍ਹਾ ਕਿਹਾ ਕਿ ਅੰਤਰਮ ਸਰਕਾਰ ਨੇ ਸੰਵਿਧਾਨ ਸੋਧਣ ਨੂੰ ਵੀ ਮਨਜ਼ੂਰੀ ਦੇ ਦਿੱਤੀ ਹੈ ਅਤੇ ਇਸ ਲਈ ਵੀ ਚੋਣਾਂ ਵਾਲੀ ਤਰੀਕ ਨੂੰ ਰਾਇਸ਼ੁਮਾਰੀ ਕਰਵਾਈ ਜਾਵੇਗੀ। ਯੂਨੁਸ ਨੇ ਪਹਿਲਾਂ ਅਪ੍ਰੈਲ ਵਿੱਚ ਚੋਣਾਂ ਕਰਾਉਣ ਦੀ ਗੱਲ ਕਹੀ ਸੀ, ਪਰ ਪ੍ਰਮੁੱਖ ਸਿਆਸੀ ਪਾਰਟੀਆਂ ਨੇ ਚੋਣਾਂ ਰਮਜ਼ਾਨ ਦੇ ਮਹੀਨੇ ਤੋਂ ਪਹਿਲਾਂ ਕਰਾਉਣ ਦੀ ਮੰਗ ਕੀਤੀ ਸੀ।




## ਚੰਗੇ ਸਮਾਜ ਦੀ ਸਿਰਜਣਾ ਲਈ ਮਿਲ ਕੇ ਯਤਨ ਕਰਨ ਦੀ ਲੋੜ : ਨੀਤੂ ਸਿੰਘ



**ਦੋਰਾਹਾ (ਹਰਮਿੰਦਰ ਸੇਠ)**-ਦੋਰਾਹਾ ਸ਼ਹਿਰ ਦੀ ਉੱਘੀ ਸਮਾਜ ਸੇਵਿਕਾ ਨੀਤੂ ਸਿੰਘ ਨੇ ਪਿਛਲੇ ਦਿਨੀਂ ਦੋਰਾਹਾ ਵਿਖੇ ਝੁੱਗੀ ਝੌਂਪੜੀਆਂ ਵਾਲੇ ਲੋਕਾਂ ਨੂੰ ਕੰਬਲ ਵੰਡੇ ਤਾਂ ਜੋ ਉਹ ਠੰਡ ਤੋਂ ਬਚ ਸਕਣ। ਪ੍ਰੈੱਸ ਨਾਲ ਗੱਲਬਾਤ ਦੌਰਾਨ ਨੀਤੂ ਸਿੰਘ ਨੇ ਕਿਹਾ ਕਿ ਨਿਰੋਏ ਸਮਾਜ ਦੀ ਸਿਰਜਣਾ ਲਈ ਸਾਂਝੇ ਤੌਰ 'ਤੇ ਯਤਨ ਕਰਨਾ ਅਤਿ ਹੀ ਜ਼ਰੂਰੀ ਹੈ ਤਾਂ ਕਿ ਸਮਾਜ ਵਿੱਚ ਫੈਲੀਆਂ ਬੁਰਾਈਆਂ ਨੂੰ ਖਤਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਸਭ ਸਾਰਿਆਂ ਵੱਲੋਂ ਸਾਂਝੇ ਤੌਰ 'ਤੇ ਹੰਭਲਾ ਮਾਰਨ ਕਰਕੇ ਹੀ ਹੋ ਸਕਦਾ ਹੈ ਤੇ ਸਾਡਾ ਫਰਜ਼ ਬਣਦਾ ਹੈ ਕਿ ਸਮਾਜ ਸੇਵਾ ਦੇ ਕੰਮਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਦੇ ਨਾਲ-ਨਾਲ ਲੋੜਵੰਦਾਂ ਦੀ ਮਦਦ ਵੀ ਕਰੀਏ। ਉਨ੍ਹਾਂ ਕਿਹਾ ਕਿ ਸਾਨੂੰ ਸਮਾਜ ਵਿੱਚ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਵੀ ਪੂਰੀ ਤਰ੍ਹਾਂ ਗੰਭੀਰਤਾ ਨਾਲ ਯਤਨ ਕਰਨੇ ਚਾਹੀਦੇ ਹਨ, ਤਾਂ ਜੋ ਸਮਾਜ ਵਿੱਚੋਂ ਅਨਪੜ੍ਹਤਾ ਖ਼ਤਮ ਕੀਤੀ ਜਾ ਸਕੇ। ਉਨ੍ਹਾਂ ਕਿਹਾ ਸਾਨੂੰ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਵੀ ਪੂਰੀ ਗੰਭੀਰਤਾ ਨਾਲ ਯਤਨ ਕਰਨੇ ਚਾਹੀਦੇ ਹਨ ਤਾਂ ਜੋ ਸਮਾਜਿਕ ਬੁਰਾਈਆਂ ਦਾ ਖਾਤਮਾ ਕਰਦੇ ਹੋਏ ਇੱਕ ਨਿਰੋਏ ਸਮਾਜ ਦੀ ਸਿਰਜਣਾ ਹੋ ਸਕੇ। ਇਸ ਮੌਕੇ ਉਨ੍ਹਾਂ ਨਾਲ ਸਤਵਿੰਦਰ ਸਿੰਘ, ਸੁਰਿੰਦਰ ਕੌਰ ਮਾਂਗਟ ਤੋਂ ਇਲਾਵਾ ਇਲਾਕਾ ਨਿਵਾਸੀ ਹਾਜ਼ਰ ਸਨ।

## ਸੱਤਵੇਂ ਨਾਭਾ ਕਬੱਡੀ ਕੱਪ ਦੀਆਂ ਤਿਆਰੀਆਂ ਦਾ ਚੇਅਰਮੈਨ ਜੱਸੀ ਵੱਲੋਂ ਜਾਇਜ਼ਾ



**ਨਾਭਾ (ਵਰਿੰਦਰ ਵਰਮਾ)**-ਸਥਾਨਕ ਰਿਪੁਦਮਨ ਕਾਲਜ ਸਟੇਡੀਅਮ ਵਿਖੇ 15 ਤੋਂ 16 ਨਵੰਬਰ ਨੂੰ ਹੋਣ ਵਾਲੇ ਸੱਤਵੇਂ ਨਾਭਾ ਕਬੱਡੀ ਕੱਪ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ।ਮੇਲਾ ਪ੍ਰਬੰਧਕ ਤੇ ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਾਲਜ ਸਟੇਡੀਅਮ ਵਿੱਚ ਪੁੱਜ ਕੇ ਤਿਆਰੀਆਂ ਦਾ ਜਾਇਜ਼ਾ ਲਿਆ।ਇਸ ਮੌਕੇ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਬੱਡੀ ਕੱਪ ਦੇ ਪਹਿਲੇ ਦਿਨ ਕਬੱਡੀ 45, 55 ਤੇ 65 ਕਿੱਲੋ ਦੇ ਮੈਚ ਖੇਡੇ ਜਾਣਗੇ ਤੇ ਦੂਜੇ ਦਿਨ ਸਵੇਰੇ 10 ਵਜੇ ਕਬੱਡੀ 75 ਕਿੱਲੋ ਦੇ ਮੈਚ ਕਰਵਾਏ ਜਾਣਗੇ। ਉਪਰੰਤ ਦੁਪਹਿਰ 12 ਵਜੇ ਪੰਜਾਬ ਕਬੱਡੀ ਐਸੋਸੀਏਸ਼ਨ ਦੀਆਂ 8 ਅਕੈਡਮੀਆਂ ਵਿਚਕਾਰ ਫਸਵੇਂ ਮੁਕਾਬਲੇ ਹੋਣਗੇ।ਉਨ੍ਹਾਂ ਦੱਸਿਆ ਕਿ ਇਸ ਮੌਕੇ ਪੰਜਾਬ ਦੇ ਪ੍ਰਸਿੱਧ ਗਾਇਕ ਆਰ ਨੇਤ, ਹਰਜੀਤ ਹਰਮਨ, ਸ਼ੱਬਾ, ਜੈਲੀ, ਸਤਿੰਦਰ ਸੱਤੀ, ਕੁਲਵਿੰਦਰ ਸੰਘੀ, ਗਾਇਕਾ ਅਮ੍ਰਿਤਾ ਵਿਰਕ ਤੇ ਐੱਸ ਕੌਰ ਦਰਸ਼ਕਾਂ ਦਾ ਮਨੋਰੰਜਨ ਕਰਨਗੇ।ਕਬੱਡੀ ਕੱਪ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ।ਉਨ੍ਹਾਂ ਦੱਸਿਆ ਕਿ ਪੰਜਾਬ ਦੇ ਵਿੱਤ ਤੇ ਯੋਜਨਾ ਅਤੇ ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ, ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਵੀਰ ਸਿੰਘ, ਪੇਂਡੂ ਵਿਕਾਸ ਤੇ ਪੰਚਾਇਤਾਂ ਅਤੇ ਸੱਭਿਆਚਾਰਕ ਤੇ ਸੈਰ ਸਪਾਟਾ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ, ਮਾਲ ਤੇ ਮੁੜ ਵਸੇਬਾ ਅਤੇ ਜਲ ਸਪਲਾਈ ਮੰਤਰੀ ਹਰਦੀਪ ਸਿੰਘ ਮੁੰਡੀਆਂ, ਯੁੱਗ ਨਸ਼ਿਆਂ ਵਿਰੁੱਧ ਮੋਰਚਾ ਪੰਜਾਬ ਦੇ ਮੁੱਖ ਬੁਲਾਰੇ ਬਲਤੇਜ ਪੰਨੂੰ ਤੋਂ ਇਲਾਵਾ ਹੋਰ ਕਈ ਸਨਮਾਨਯੋਗ ਸ਼ਖ਼ਸੀਅਤਾਂ ਪੁੱਜ ਰਹੀਆਂ ਹਨ।


## ਕੋਹਲੀ ਤੇ ਮੇਅਰ ਗੋਗੀਆ ਵੱਲੋਂ ਸੜਕ ਕਾਰਜਾਂ ਦੀ ਸ਼ੁਰੂਆਤ



**ਪਟਿਆਲਾ (ਰਾਜਿੰਦਰ ਥਿੰਦ)**-ਪਟਿਆਲਾ ਸ਼ਹਿਰ ਦੇ ਵਿਕਾਸ ਨੂੰ ਨਵੀਂ ਦਿਸ਼ਾ ਤੇ ਰਫ਼ਤਾਰ ਦਿੰਦਿਆਂ, ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਤੇ ਮੇਅਰ ਕੁੰਦਨ ਗੋਗੀਆ ਨੇ ਕਾਕਾ ਕਲੋਨੀ ਤੇ ਕੱਲਰ ਕਲੋਨੀ ਵਿੱਚ ਲਗਭਗ 95 ਲੱਖ ਰੁਪਏ ਦੀ ਲਾਗਤ ਨਾਲ ਸੜਕ ਨਿਰਮਾਣ ਦੇ ਵਿਕਾਸ ਕਾਰਜਾਂ ਦੀ ਸ਼ੁਰੂਆਤ ਕੀਤੀ। ਇਸ ਦੌਰਾਨ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਨੇ ਕਿਹਾ ਕਿ ਪਟਿਆਲਾ ਸ਼ਹਿਰ ਵਿੱਚ ਲੋਕਾਂ ਨੂੰ ਸੁਵਿਧਾਵਾਂ ਦੇਣ ਲਈ ਵਿਕਾਸੀ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸੜਕਾਂ ਦੀ ਖਰਾਬ ਹਾਲਤ ਬਾਰੇ ਲੋਕਾਂ ਦੀਆਂ ਲੰਬੇ ਸਮੇਂ ਤੋਂ ਆ ਰਹੀਆਂ ਮੰਗਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ, ਜਿਸ ਨਾਲ ਇਲਾਕਾ ਨਿਵਾਸੀਆਂ ਨੂੰ ਆਵਾਜਾਈ ਦੀ ਸੁਵਿਧਾ ਮਿਲੇਗੀ ਤੇ ਟ੍ਰੈਫਿਕ ਪ੍ਰਣਾਲੀ ਵਿੱਚ ਵੀ ਸੁਧਾਰ ਆਵੇਗਾ।ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਮਿਊਂਸਪਲ ਕਾਰਪੋਰੇਸ਼ਨ ਪਟਿਆਲਾ ਵੱਲੋਂ ਸ਼ਹਿਰ ਦੇ ਹਰ ਵਾਰਡ ਵਿੱਚ ਵਿਕਾਸ ਕਾਰਜਾਂ ਦੀ ਰਫ਼ਤਾਰ ਤੇਜ਼ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਹੇਠ ਕਾਕਾ ਕਲੋਨੀ ਤੇ ਕੱਲਰ ਕਲੋਨੀ ਦੀਆਂ ਮੁੱਖ ਗਲੀਆਂ ਤੇ ਜੁੜੀਆਂ ਲੇਨਾਂ ਵਿੱਚ ਨਵੀਂਆਂ ਸੜਕਾਂ ਬਣਾ ਕੇ ਡਰੇਨੇਜ ਪ੍ਰਣਾਲੀ ਨੂੰ ਵੀ ਬਿਹਤਰ ਕੀਤਾ ਜਾਵੇਗਾ, ਤਾਂ ਜੋ ਮੀਂਹ ਦੇ ਮੌਸਮ ਵਿੱਚ ਪਾਣੀ ਖੜ੍ਹਾ ਨਾ ਹੋਵੇ ਤੇ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਇਸ ਮੌਕੇ ਵਿਧਾਇਕ ਕੋਹਲੀ ਨੇ ਸਥਾਨਕ ਵਸਨੀਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਮੰਗਾਂ ਨੂੰ ਪੂਰਾ ਕੀਤਾ ਜਾਵੇਗਾ।ਸਥਾਨਕ ਨਿਵਾਸੀਆਂ ਨੇ ਵਿਧਾਇਕ ਤੇ ਮੇਅਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਸੜਕ ਨਿਰਮਾਣ ਕਾਰਜਾਂ ਨਾਲ ਉਨ੍ਹਾਂ ਨੂੰ ਕਈ ਸਾਲਾਂ ਤੋਂ ਚੱਲ ਰਹੀਆਂ ਸਮੱਸਿਆਵਾਂ ਤੋਂ ਰਾਹਤ ਮਿਲੇਗੀ।

## ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਸਮਾਗਮ

### ਪੰਜਾਬ ਸਰਕਾਰ ਨੇ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਵੱਡੇ ਪ੍ਰੋਗਰਾਮ ਉਲੀਕੇ : ਨਰਿੰਦਰ ਕੌਰ ਭਰਾਜ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦੇ 350ਵੇਂ ਵਰ੍ਹੇ ਨੂੰ ਸਮਰਪਤ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਗੁਰੂ ਸਾਹਿਬ ਦੇ ਜੀਵਨ, ਲਾਸਾਨੀ ਸ਼ਹਾਦਤ ਤੇ ਸਿੱਖਿਆਵਾਂ 'ਤੇ ਆਧਾਰਤ ਲਾਈਟ ਐਂਡ ਸਾਊਂਡ ਸ਼ੋਅ 'ਹਿੰਦ ਦੀ ਚਾਦਰ' ਦੀ ਪੇਸ਼ਕਾਰੀ ਬੀਤੇ ਮੰਗਲਵਾਰ ਦੀ ਸ਼ਾਮ ਨੂੰ ਸਰਕਾਰੀ ਰਣਬੀਰ ਕਾਲਜ ਵਿਖੇ ਕੀਤੀ ਗਈ, ਜਿੱਥੇ ਪੁੱਜੀ ਵੱਡੀ ਗਿਣਤੀ ਸੰਗਤ ਨੂੰ ਇਸ ਸ਼ੋਅ ਦੀ ਪੇਸ਼ਕਾਰੀ ਨੇ ਭਾਵੁਕ ਕਰ ਦਿੱਤਾ।ਇਸ ਦੌਰਾਨ ਢਾਡੀ ਸੁਖਦੇਵ ਸਿੰਘ ਬਲੱਗਣ ਦੇ ਜਥੇ ਨੇ ਵਾਰਾਂ ਦੇ ਗਾਇਨ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਵੱਲੋਂ ਦਿੱਤੀ ਸ਼ਹਾਦਤ ਦੇ ਪ੍ਰਸੰਗ ਸੁਣਾਏ।ਇਸ ਵਿਲੱਖਣ ਲਾਈਟ ਐਂਡ ਸਾਊਂਡ ਸ਼ੋਅ ਵਿੱਚ ਸੰਗਤ ਦੇ ਰੂਪ ਵਿੱਚ ਐੱਮ.ਐੱਲ.ਏ. ਸ੍ਰੀਮਤੀ ਨਰਿੰਦਰ ਕੌਰ ਭਰਾਜ ਵੀ ਸ਼ਾਮਲ ਹੋਏ।ਇਸ ਮੌਕੇ ਸ੍ਰੀਮਤੀ ਨਰਿੰਦਰ ਕੌਰ ਭਰਾਜ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350 ਸਾਲਾ ਸ਼ਤਾਬਦੀ ਨੂੰ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਇੱਕ ਸੇਵਕ ਵਜੋਂ ਵੱਡੇ ਪੱਧਰ 'ਤੇ ਮਨਾ ਰਹੀ ਹੈ।ਇਸ ਤਹਿਤ ਉਲੀਕੇ ਵੱਖ-ਵੱਖ ਸਮਾਗਮਾਂ ਦੀ ਲੜੀ ਤਹਿਤ ਇਸ 45 ਮਿੰਟ ਦੇ ਲਾਈਟ ਐਂਡ ਸਾਊਂਡ ਸ਼ੋਅ ਨੇ ਡਿਜੀਟਲ ਤਰੀਕੇ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਵਿਰਾਸਤ, ਸਿੱਖਿਆਵਾਂ, ਸਿੱਖ ਇਤਿਹਾਸ ਤੇ ਗੁਰੂ ਜੀ ਦੀ ਮਹਾਨ ਸ਼ਹਾਦਤ ਬਾਰੇ ਚਾਨਣਾ ਪਾਇਆ ਹੈ।ਉਨ੍ਹਾਂ ਕਿਹਾ ਕਿ 23 ਤੋਂ 25 ਨਵੰਬਰ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮਾਗਮ ਕਰਵਾਏ ਜਾ ਰਹੇ ਹਨ, ਜਦੋਂਕਿ ਸੰਗਰੂਰ ਜ਼ਿਲ੍ਹੇ ਭਰ ਅੰਦਰ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਅਸਥਾਨਾਂ ਵਿਖੇ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ।ਇਸ ਮੌਕੇ ਸਮੇਤ ਸ਼ਹਿਰ ਤੇ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਤੋਂ ਪੁੱਜੀ ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਿਰਕਤ ਕੀਤੀ।

## ਗੁਰਦੁਆਰਾ ਮੰਜੀ ਸਾਹਿਬ ਵਿਖੇ ਸ਼ਹੀਦੀ ਦਿਵਸ ਨੂੰ ਸਮਰਪਤ ਗੁਰਮਤਿ ਸਮਾਗਮ

### ਸਮੂਹ ਸੰਗਤ ਸ਼ਤਾਬਦੀ ਸਮਾਗਮਾਂ 'ਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰੇ : ਹਡਾਣਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨ ਛੋਹ ਅਸਥਾਨ ਗੁਰਦੁਆਰਾ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਰਾਏਪੁਰ ਮੰਡਲਾਂ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਤ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਇਆ ਗਿਆ।ਇਸ ਸਮਾਗਮ ਵਿੱਚ ਪੀਆਰਟੀਸੀ ਦੇ ਰਣਜੋਧ ਸਿੰਘ ਹਡਾਣਾ ਤੇ ਐੱਸ ਡੀ ਐੱਮ ਪਟਿਆਲਾ ਹਰਜੋਤ ਕੌਰ, ਤਹਿਸੀਲਦਾਰ ਕਰਨਦੀਪ ਸਿੰਘ ਭੁੱਲਰ, ਬੀਡੀਪੀਓ ਮਨਦੀਪ ਸਿੰਘ ਸਮੇਤ ਵੱਡੀ ਗਿਣਤੀ ਸੰਗਤ ਇਸ ਮੌਕੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਨਤਮਸਤਕ ਹੋਈ।ਸਮਾਗਮ ਦੌਰਾਨ ਰਾਗੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ, ਜਿਸ ਨਾਲ ਸਾਰਾ ਦਰਬਾਰ ਸਾਹਿਬ ਗੁਰੂ ਜੀ ਦੇ ਨਾਮ ਨਾਲ ਗੂੰਜ ਉਠਿਆ।ਇਸ ਮੌਕੇ ਸ੍ਰ. ਹਡਾਣਾ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀਆਂ ਬਲਿਦਾਨ ਤੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਯਾਦ ਕਰਦੇ ਹੋਏ ਕਿਹਾ ਕਿ ਗੁਰੂ ਸਾਹਿਬ ਨੇ ਕਿਸੇ ਦੂਸਰੇ ਧਰਮ ਦੀ ਰੱਖਿਆ ਲਈ ਆਪਣੀ ਜਾਨ ਨਿਛਾਵਰ ਕਰ ਦਿੱਤੀ।ਚੇਅਰਮੈਨ ਹਡਾਣਾ ਨੇ ਦੱਸਿਆ ਕਿ ਪਟਿਆਲਾ ਵਿਖੇ 18 ਨਵੰਬਰ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਕੀਰਤਨ ਦਰਬਾਰ ਕਰਵਾਉਣ ਸਮੇਤ 21 ਨਵੰਬਰ ਨੂੰ ਨਗਰ ਕੀਰਤਨ ਪਟਿਆਲਾ ਪੁੱਜੇਗਾ, ਇਸ ਲਈ ਸਮੂਹ ਸੰਗਤ ਨੂੰ ਹੁੰਮ-ਹੁਮਾ ਕੇ ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋਣ ਦੀ ਬੇਨਤੀ ਹੈ।ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ, ਸਥਾਨਕ ਸੰਗਤ, ਪੰਚਾਂ, ਸਰਪੰਚ ਤੇ ਇਲਾਕੇ ਦੇ ਪਤਵੰਤਿਆਂ ਨੇ ਵੱਡੀ ਗਿਣਤੀ 'ਚ ਹਾਜ਼ਰੀ ਭਰੀ।

# ਲਾਲ ਕਿਲ੍ਹਾ ਧਮਾਕਾ ਸਪੱਸ਼ਟ ਰੂਪ 'ਚ ਦਹਿਸ਼ਤੀ ਹਮਲਾ : ਮਾਰਕੋ ਰੂਬੀਓ

**ਓਟਾਰੀਓ :** ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਦਿੱਲੀ ਵਿਚ ਸੋਮਵਾਰ ਸ਼ਾਮ ਨੂੰ ਹੋਏ ਕਾਰ ਧਮਾਕੇ ਨੂੰ ਸਪੱਸ਼ਟ ਰੂਪ ਵਿਚ 'ਦਹਿਸ਼ਤੀ ਹਮਲਾ' ਕਰਾਰ ਦਿੱਤਾ ਹੈ। ਉਨ੍ਹਾਂ ਜਾਂਚ ਲਈ ਭਾਰਤ ਦੀ ਪੇਸ਼ੇਵਰ ਪਹੁੰਚ ਦੀ ਤਾਰੀਫ਼ ਕੀਤੀ। ਰੂਬੀਓ ਨੇ ਇਹ ਟਿੱਪਣੀ ਭਾਰਤ ਵੱਲੋਂ ਧਮਾਕੇ ਨੂੰ 'ਦਹਿਸ਼ਤੀ ਘਟਨਾ' ਐਲਾਨਣ ਬਾਰੇ ਮੀਡੀਆ ਦੇ ਇਕ ਸਵਾਲ ਦਾ ਜਵਾਬ ਦਿੰਦੇ ਹੋਏ ਕੀਤੀ। ਜੀ7 ਵਿਦੇਸ਼ ਮੰਤਰੀਆਂ ਦੀ ਬੈਠਕ ਤੋਂ ਇਕ ਪਾਸੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰੂਬੀਓ ਨੇ ਕਿਹਾ, "ਭਾਰਤੀਆਂ ਦੀ ਪ੍ਰਸ਼ੰਸਾ ਕੀਤੀ ਜਾਣੀ ਚਾਹੀਦੀ ਹੈ। ਉਹ ਇਸ ਜਾਂਚ ਨੂੰ ਬਹੁਤ ਚੰਗੇ ਤੇ ਪੇਸ਼ੇਵਰ ਢੰਗ ਨਾਲ ਅੰਜਾਮ ਦੇ ਰਹੇ ਹਨ। ਜਾਂਚ ਜਾਰੀ ਹੈ। ਸਪੱਸ਼ਟ ਤੌਰ 'ਤੇ ਇਹ ਦਹਿਸ਼ਤੀ ਹਮਲਾ ਸੀ। ਇਹ ਵਿਸਫੋਟਕ ਸਮੱਗਰੀ ਨਾਲ ਭਰੀ ਕਾਰ ਸੀ, ਜਿਸ ਵਿੱਚ ਧਮਾਕਾ ਹੋਇਆ ਅਤੇ ਬਹੁਤ ਸਾਰੇ ਲੋਕ ਮਾਰੇ ਗਏ।" ਉਨ੍ਹਾਂ ਕਿਹਾ, "ਮੈਨੂੰ ਲੱਗਦਾ ਹੈ ਕਿ ਉਹ ਜਾਂਚ ਨੂੰ ਲੈ ਕੇ ਬਹੁਤ ਵਧੀਆ ਕੰਮ ਕਰ ਰਹੇ ਹਨ ਅਤੇ ਜਦੋਂ ਉਨ੍ਹਾਂ ਕੋਲ ਤੱਥ ਹੋਣਗੇ, ਤਾਂ ਉਹ ਉਨ੍ਹਾਂ ਨੂੰ ਸਾਰਿਆਂ ਦੇ ਸਾਹਮਣੇ ਰੱਖਣਗੇ।" ਰੂਬੀਓ ਨੇ ਕਿਹਾ ਕਿ ਉਨ੍ਹਾਂ ਨੇ ਧਮਾਕੇ ਬਾਰੇ ਆਪਣੇ ਭਾਰਤੀ ਹਮਰੁਤਬਾ ਐੱਸ ਜੈਸ਼ੰਕਰ ਨਾਲ ਗੱਲ ਕੀਤੀ। ਰੂਬੀਓ ਨੇ ਕਿਹਾ, "ਅਮਰੀਕਾ ਨੇ ਭਾਰਤ ਨੂੰ ਮਦਦ ਦੀ ਪੇਸ਼ਕਸ਼ ਕੀਤੀ ਹੈ, ਪਰ ਮੈਨੂੰ ਲੱਗਦਾ ਹੈ ਕਿ ਭਾਰਤ ਜਾਂਚ ਨੂੰ ਸੰਭਾਲਣ ਵਿਚ 'ਬਹੁਤ ਸਮਰੱਥ' ਹੈ ਅਤੇ ਉਸ ਨੂੰ ਮਦਦ ਦੀ ਲੋੜ ਨਹੀਂ ਹੈ ਤੇ ਉਹ ਬਹੁਤ ਚੰਗਾ ਕੰਮ ਕਰ ਰਹੇ ਹਨ।" ਵਿਦੇਸ਼ ਮੰਤਰੀ ਜੈਸ਼ੰਕਰ ਅਤੇ ਰੂਬੀਓ ਨੇ ਕੈਨੇਡਾ ਦੇ ਨਿਆਗਰਾ ਵਿੱਚ ਜੀ 7 ਵਿਦੇਸ਼ ਮੰਤਰੀਆਂ ਦੀ ਮੀਟਿੰਗ ਤੋਂ ਇਕਪਾਸੇ ਮੁਲਾਕਾਤ ਕੀਤੀ ਸੀ।

## ਅਲ-ਫਲਾਹ ਯੂਨੀਵਰਸਿਟੀ ਨੂੰ ਕਾਰਨ ਦੱਸੋ ਨੋਟਿਸ

**ਨਵੀਂ ਦਿੱਲੀ :** ਲਾਲ ਕਿਲ੍ਹਾ ਕਾਰ ਧਮਾਕੇ ਤੋਂ ਕੁਝ ਦਿਨਾਂ ਬਾਅਦ ਨੈਸ਼ਨਲ ਅਸੈਸਮੈਂਟ ਐਂਡ ਐਕ੍ਰੀਡੇਸ਼ਨ ਕੌਂਸਲ ਨੇ ਫਰੀਦਾਬਾਦ ਸਥਿਤ ਅਲ-ਫਲਾਹ ਯੂਨੀਵਰਸਿਟੀ ਨੂੰ ਆਪਣੀ ਵੈੱਬਸਾਈਟ 'ਤੇ ਝੂਠੀ ਮਾਨਤਾ ਪ੍ਰਦਰਸ਼ਿਤ ਕਰਨ ਲਈ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਹੈ। ਯੂਨੀਵਰਸਿਟੀ ਨੇ ਆਪਣੀ ਵੈੱਬਸਾਈਟ 'ਤੇ ਦਾਅਵਾ ਕੀਤਾ ਹੈ ਕਿ ਦੋ ਸੰਸਥਾਵਾਂ—ਅਲ-ਫਲਾਹ ਸਕੂਲ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਅਤੇ ਅਲ-ਫਲਾਹ ਸਕੂਲ ਆਫ ਐਜੂਕੇਸ਼ਨ ਐਂਡ ਟਰੇਨਿੰਗ ਨੂੰ ਅਸੈਸਮੈਂਟ ਐਂਡ ਐਕ੍ਰੀਡੇਸ਼ਨ ਕੌਂਸਲ ਦੁਆਰਾ ਮਾਨਤਾ ਪ੍ਰਾਪਤ ਹੈ। ਨੋਟਿਸ ਵਿੱਚ ਦੱਸਿਆ ਗਿਆ ਹੈ ਕਿ ਇਹ ਦਾਅਵਾ ਗ਼ਲਤ ਹੈ ਕਿਉਂਕਿ ਇਹ ਮਾਨਤਾ ਬਹੁਤ ਪਹਿਲਾਂ ਖ਼ਤਮ ਹੋ ਚੁੱਕੀ ਹੈ, ਇਸ ਲਈ ਇਹ ਦਾਅਵਾ ਗੁੰਮਰਾਹਕੁੰਨ ਸੀ। ਅਲ-ਫਲਾਹ ਸਕੂਲ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਫਤਿਹਪੁਰ ਨੂੰ 23 ਮਾਰਚ, 2013 ਤੋਂ 22 ਮਾਰਚ, 2018 ਦੀ ਮਿਆਦ ਲਈ ਮਾਨਤਾ ਜਾਰੀ ਕੀਤੀ ਗਈ ਸੀ। ਡਿਪਾਰਟਮੈਂਟ ਆਫ ਟੀਚਰ ਐਜੂਕੇਸ਼ਨ, ਅਲ-ਫਲਾਹ ਸਕੂਲ ਆਫ ਐਜੂਕੇਸ਼ਨ ਐਂਡ ਟਰੇਨਿੰਗ, ਫਤਿਹਪੁਰ ਦੀ ਮਾਨਤਾ ਮਾਰਚ 2016 ਵਿੱਚ ਖਤਮ ਹੋ ਗਈ ਸੀ। ਮਾਨਤਾ ਪੰਜ ਸਾਲਾਂ ਦੀ ਮਿਆਦ ਲਈ ਦਿੱਤੀ ਜਾਂਦੀ ਹੈ। ਦੋਵਾਂ ਕਾਲਜਾਂ ਨੇ ਅਸੈਸਮੈਂਟ ਐਂਡ ਐਕ੍ਰੀਡੇਸ਼ਨ ਕੌਂਸਲ ਦੀ ਸਾਈਕਲ-2 ਅਸੈਸਮੈਂਟ ਅਤੇ ਐਕ੍ਰੀਡੇਸ਼ਨ (ਏ ਐਂਡ ਏ) ਪ੍ਰਕਿਰਿਆ ਲਈ ਖੁਦ ਅੱਗੇ ਹੋ ਕੇ ਅਰਜ਼ੀ ਨਹੀਂ ਦਿੱਤੀ। ਅਸੈਸਮੈਂਟ ਐਂਡ ਐਕ੍ਰੀਡੇਸ਼ਨ ਕੌਂਸਲ ਨੇ ਯੂਨੀਵਰਸਿਟੀ ਨੂੰ ਪੁੱਛਿਆ ਹੈ ਕਿ ਅਲ-ਫਲਾਹ ਯੂਨੀਵਰਸਿਟੀ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਿਉਂ ਨਾ ਸ਼ੁਰੂ ਕੀਤੀ ਜਾਵੇ। ਕੌਂਸਲ ਨੇ ਯੂਨੀਵਰਸਿਟੀ ਨੂੰ ਆਪਣੀ ਵੈੱਬਸਾਈਟ ਤੋਂ ਅਸੈਸਮੈਂਟ ਐਂਡ ਐਕ੍ਰੀਡੇਸ਼ਨ ਕੌਂਸਲ ਮਾਨਤਾ ਦੇ ਵੇਰਵੇ ਹਟਾਉਣ ਲਈ ਕਿਹਾ ਹੈ। ਕੌਂਸਲ ਨੇ ਇੱਕ ਨੋਟਿਸ ਵਿੱਚ ਕਿਹਾ ਕਿ ਯੂਨੀਵਰਸਿਟੀ ਇਸ ਕਾਰਨ ਦੱਸੋ ਨੋਟਿਸ ਦੀ ਪ੍ਰਾਪਤੀ ਤੋਂ 7 ਦਿਨਾਂ ਦੇ ਅੰਦਰ ਜਵਾਬ ਦੇ ਸਕਦੀ ਹੈ।

## ਧਮਾਕੇ ਦੀ ਆਵਾਜ਼ ਤੋਂ ਬਾਅਦ ਦਿੱਲੀ 'ਚ ਫਿਰ ਦਹਿਸ਼ਤ

**ਨਵੀਂ ਦਿੱਲੀ :** ਵੀਰਵਾਰ ਸਵੇਰੇ ਦੱਖਣੀ-ਪੱਛਮੀ ਦਿੱਲੀ ਦੇ ਮਹੀਪਾਲਪੁਰ ਇਲਾਕੇ ਵਿੱਚ ਇੱਕ ਤੇਜ਼ ਆਵਾਜ਼ ਸੁਣਨ ਤੋਂ ਬਾਅਦ ਥੋੜ੍ਹੇ ਸਮੇਂ ਲਈ ਦਹਿਸ਼ਤ ਦਾ ਮਾਹੌਲ ਬਣ ਗਿਆ। ਸ਼ੁਰੂ ਵਿੱਚ ਇਸ ਆਵਾਜ਼ ਨੂੰ ਹੋਟਲ ਰੈਡੀਸਨ ਨੇੜੇ ਇੱਕ ਧਮਾਕਾ ਹੋਣ ਦਾ ਸ਼ੱਕ ਕੀਤਾ ਗਿਆ ਸੀ। ਬਾਅਦ ਵਿੱਚ ਪੁਲਸ ਨੇ ਪੁਸ਼ਟੀ ਕੀਤੀ ਕਿ ਇਹ ਆਵਾਜ਼ ਡੀ ਟੀ ਸੀ ਬੱਸ ਦਾ ਟਾਇਰ ਫਟਣ ਕਾਰਨ ਹੋਈ ਸੀ। ਅਧਿਕਾਰੀਆਂ ਅਨੁਸਾਰ ਹੋਟਲ ਨੇੜੇ ਕਥਿਤ ਧਮਾਕੇ ਬਾਰੇ ਇੱਕ ਕਾਲ ਪ੍ਰਾਪਤ ਹੋਈ ਸੀ, ਜਿਸ ਤੋਂ ਬਾਅਦ ਪੁਲਸ ਟੀਮਾਂ ਤੁਰੰਤ ਮੌਕੇ 'ਤੇ ਪਹੁੰਚੀਆਂ। ਡੀ ਸੀ ਪੀ (ਦੱਖਣੀ-ਪੱਛਮੀ) ਅਮਿਤ ਗੋਇਲ ਨੇ ਦੱਸਿਆ, "ਕਾਲ ਕਰਨ ਵਾਲੇ ਨਾਲ ਸੰਪਰਕ ਕੀਤਾ ਗਿਆ ਅਤੇ ਉਸ ਨੇ ਦੱਸਿਆ ਕਿ ਜਦੋਂ ਉਹ ਗੁਰੂਗ੍ਰਾਮ ਜਾ ਰਿਹਾ ਸੀ ਤਾਂ ਉਸ ਨੇ ਇੱਕ ਤੇਜ਼ ਆਵਾਜ਼ ਸੁਣੀ। ਜਾਂਚ ਦੌਰਾਨ ਘਟਨਾ ਵਾਲੀ ਕੋਈ ਥਾਂ ਨਹੀਂ ਮਿਲੀ। ਬਾਅਦ ਵਿੱਚ ਇੱਕ ਸਥਾਨਕ ਸੁਰੱਖਿਆ ਗਾਰਡ ਨੇ ਪੁਲਸ ਨੂੰ ਸੂਚਿਤ ਕੀਤਾ ਕਿ ਧੌਲਾ ਕੂਆਂ ਵੱਲ ਜਾ ਰਹੀ ਇੱਕ ਡੀ ਟੀ ਸੀ ਬੱਸ ਦਾ ਪਿਛਲਾ ਟਾਇਰ ਫਟ ਗਿਆ ਸੀ, ਜਿਸ ਕਾਰਨ ਇਹ ਤੇਜ਼ ਆਵਾਜ਼ ਆਈ। ਡੀ ਸੀ ਪੀ ਨੇ ਅੱਗੇ ਕਿਹਾ, ਸਥਿਤੀ ਆਮ ਹੈ ਅਤੇ ਚਿੰਤਾ ਦੀ ਕੋਈ ਗੱਲ ਨਹੀਂ ਹੈ।

## ਉਮਰ ਨਬੀ ਹੀ ਚਲਾ ਰਿਹਾ ਸੀ ਧਮਾਕੇ ਵਾਲੀ ਕਾਰ-ਡੀ ਐੱਨ ਏ ਟੈਸਟ ਤੋਂ ਪੁਸ਼ਟੀ

**ਨਵੀਂ ਦਿੱਲੀ :** ਲਾਲ ਕਿਲ੍ਹੇ ਨੇੜੇ ਧਮਾਕੇ ਵਾਲੀ ਥਾਂ ਤੋਂ ਇਕੱਤਰ ਕੀਤੇ ਨਮੂਨਿਆਂ ਦੇ ਡੀ ਐੱਨ ਏ ਟੈਸਟ ਤੋਂ ਸਾਫ਼ ਹੋ ਗਿਆ ਹੈ ਕਿ ਡਾ. ਉਮਰ ਨਬੀ ਉਸ ਕਾਰ ਨੂੰ ਚਲਾ ਰਿਹਾ ਸੀ, ਜਿਸ ਵਿਚ ਸੋਮਵਾਰ ਸ਼ਾਮ ਨੂੰ ਧਮਾਕਾ ਹੋਇਆ ਸੀ। ਪੁਲਸ ਵਿਚਲੇ ਸੂਤਰਾਂ ਨੇ ਦੱਸਿਆ ਕਿ ਉਮਰ ਦੀ ਮਾਂ ਦੇ ਡੀ ਐੱਨ ਏ ਨਮੂਨੇ ਮੰਗਲਵਾਰ ਨੂੰ ਇਕੱਠੇ ਕੀਤੇ ਗਏ ਸਨ ਅਤੇ ਜਾਂਚ ਲਈ ਭੇਜੇ ਗਏ ਸਨ। ਉਨ੍ਹਾਂ ਕਿਹਾ ਕਿ ਧਮਾਕੇ ਵਾਲੀ ਥਾਂ ਤੋਂ ਇਕੱਠੇ ਕੀਤੇ ਗਏ ਮਨੁੱਖੀ ਅੰਗਾਂ ਨਾਲ ਉਨ੍ਹਾਂ ਦਾ ਮਿਲਾਨ ਕੀਤਾ ਗਿਆ ਸੀ। ਸੂਤਰ ਨੇ ਕਿਹਾ ਕਿ ਡੀ ਐੱਨ ਏ ਦੇ ਨਤੀਜੇ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਧਮਾਕੇ ਵਾਲੀ ਕਾਰ ਨੂੰ ਉਮਰ ਚਲਾ ਰਿਹਾ ਸੀ। ਉਮਰ ਇਸ ਹਫ਼ਤੇ ਦੇ ਸ਼ੁਰੂ ਵਿੱਚ ਫ਼ਰੀਦਾਬਾਦ ਵਿੱਚ ਬੇਨਕਾਬ ਕੀਤੇ ਗਏ 'ਵਾਈਟ ਕਾਲਰ' ਅੱਤਵਾਦੀ ਮੌਡਿਊਲ ਦਾ ਮੁੱਖ ਮੈਂਬਰ ਸੀ। ਉਹ ਜੰਮੂ ਅਤੇ ਕਸ਼ਮੀਰ ਦੇ ਪੁਲਵਾਮਾ ਦੇ ਕੋਇਲ ਪਿੰਡ ਦਾ ਰਹਿਣ ਵਾਲਾ ਸੀ। ਕਾਬਿਲੇਗੌਰ ਹੈ ਕਿ ਪੁਲਸ ਵੱਲੋਂ ਪਾਬੰਦੀਸ਼ੁਦਾ ਜੈਸ਼-ਏ-ਮੁਹੰਮਦ ਅਤੇ ਅੰਸਾਰ ਗਜ਼ਵਤ-ਉਲ-ਹਿੰਦ ਨਾਲ ਸੰਬੰਧਾਂ ਵਾਲੇ ਦਹਿਸ਼ਤੀ ਮੌਡਿਊਲ ਨੂੰ ਬੇਨਕਾਬ ਕਰਨ ਅਤੇ ਤਿੰਨ ਡਾਕਟਰਾਂ ਸਮੇਤ ਅੱਠ ਲੋਕਾਂ ਨੂੰ ਗ੍ਰਿਫਤਾਰ ਕਰਨ ਦੇ ਕੁਝ ਘੰਟਿਆਂ ਬਾਅਦ, ਸੋਮਵਾਰ ਸ਼ਾਮ ਨੂੰ ਦਿੱਲੀ ਦੇ ਲਾਲ ਕਿਲ੍ਹਾ ਖੇਤਰ ਨੇੜੇ ਧੀਮੀ ਰਫ਼ਤਾਰ ਨਾਲ ਚੱਲਦੀ ਕਾਰ ਵਿੱਚ ਜ਼ੋਰਦਾਰ ਧਮਾਕਾ ਹੋਇਆ ਸੀ। ਜੰਮੂ-ਕਸ਼ਮੀਰ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ ਫੈਲੇ ਇਸ ਅੱਤਵਾਦੀ ਮੌਡਿਊਲ ਦੀ ਪੈੜ ਨੱਪਣ ਮਗਰੋਂ ਪੁਲਸ ਨੇ ਕਰੀਬ 3,000 ਕਿਲੋਗ੍ਰਾਮ ਅਮੋਨੀਅਮ ਨਾਈਟਰੇਟ, ਪੋਟਾਸ਼ੀਅਮ ਕਲੋਰੇਟ ਅਤੇ ਸਲਫਰ ਜ਼ਬਤ ਕੀਤੇ ਸਨ।

## ਅੱਜ-ਨਾਮਾ

ਦਿਨ ਤਾਂ ਤਿੰਨ ਆ ਲੰਘੇ ਕਿ ਕਈ ਥਾਂਈਂ,  
ਏ ਸੀ, ਪੱਖਾ ਕਈ ਰਹੇ ਸਨ ਚੱਲ ਮੀਆਂ।  
ਬਿਜਲੀ ਕੱਟ ਵੇਲੇ ਕਿਤੇ ਜੇ ਜਾਈਦਾ ਸੀ,  
ਮਿਲਦੇ ਲੋਕ ਸਨ ਪੱਖੀ ਰਹੇ ਝੱਲ ਮੀਆਂ।  
ਦਿਨਾਂ ਤਿੰਨਾਂ ਹੀ ਬਦਲ ਇਹ ਰੁੱਤ ਦਿੱਤੀ,  
ਮੋਰਚੇ ਗਰਮੀ ਦੇ ਠੰਢ ਲਏ ਮੱਲ ਮੀਆਂ।  
ਏ ਸੀ ਬੰਦ ਤੇ ਪੱਖਾ ਕੋਈ ਚੱਲਦਾ ਨਹੀਂ,  
ਚੱਲਦੇ ਪਏ ਸੀ ਜਿਵੇਂ ਉਹ ਕੱਲ੍ਹ ਮੀਆਂ।  
ਏਨੀ ਤੇਜ਼ ਇਹ ਰੁੱਤ ਫਿਰ ਫਿਰੀ ਜਿੱਦਾਂ,  
ਆਉਂਦੇ ਦਿਨਾਂ ਦੇ ਸਮਝੀਏ ਤੌਰ ਮੀਆਂ।  
ਅਵੇਸਲੇ ਹੋਣ ਦਾ ਸਮਾਂ ਨਾ ਰਿਹਾ ਮੀਆਂ,  
ਠੰਢ ਤੋਂ ਬਚਣ ਵਾਲਾ ਇਹੋ ਦੌਰ ਮੀਆਂ।

-ਤੀਸ ਮਾਰ ਖਾਂ

## ਮਾਡਰਨ ਕਾਲਜ ਦਾ ਐੱਮ ਐੱਸ ਸੀ ਆਈ ਟੀ ਦਾ ਨਤੀਜਾ ਸ਼ਾਨਦਾਰ





**ਚੀਮਾ ਮੰਡੀ (ਗਵਿੰਦਰ ਚੀਮਾ)**-ਪੰਜਾਬੀ ਯੂਨੀਵਰਸਿਟੀ ਵੱਲੋਂ ਐਲਾਨ ਕੀਤੇ ਗਏ ਨਤੀਜੇ ਐੱਮ ਐੱਸ ਸੀ ਆਈ ਟੀ ਸਮੈਸਟਰ ਦਾ ਨਤੀਜਾ ਮਾਡਰਨ ਕਾਲਜ ਬੀਰ ਕਲਾਂ ਦਾ ਸ਼ਾਨਦਾਰ ਰਿਹਾ। ਸਹਾਇਕ ਪ੍ਰੋਫੈਸਰ ਰਾਜਵੀਰ ਕੌਰ ਨੇ ਦੱਸਿਆ ਕਿ ਕਮਲਦੀਪ ਕੌਰ ਨੇ 600 ਅੰਕਾਂ ਵਿੱਚੋਂ 437 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਕਮਲਦੀਪ ਕੌਰ ਨੇ 430 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਸੁਖਪ੍ਰੀਤ ਸ਼ਰਮਾ ਨੇ 425 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਕਾਲਜ ਦੇ ਚੇਅਰਮੈਨ ਡਾਕਟਰ ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਣੇ ਨੇ ਚੰਗੇ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ। ਉਨ੍ਹਾਂ ਵਿਦਿਆਰਥੀਆਂ ਨੂੰ ਸਿੱਖਿਆ 'ਚ ਹੋਰ ਬੁਲੰਦੀਆਂ ਹਾਸਲ ਕਰਨ ਲਈ ਪ੍ਰੇਰਤ ਕੀਤਾ।ਇਸ ਮੌਕੇ ਸਮੂਹ ਸਟਾਫ ਤੇ ਕਾਲਜ ਦੇ ਵਿਦਿਆਰਥੀ ਹਾਜ਼ਰ ਸਨ।

# ਕੇਂਦਰੀ ਸਿੱਖਿਆ ਮੰਤਰੀ ਵੱਲੋਂ ਸੱਤਿਆ ਭਾਰਤੀ ਸਕੂਲ ਦਾ ਦੌਰਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਬੁੱਧਵਾਰ ਨੇੜਲੇ ਪਿੰਡ ਖਾਨਪੁਰ ਬੇਟ ਵਿਖੇ ਸਥਿਤ ਸੱਤਿਆ ਭਾਰਤੀ ਐਲੀਮੈਂਟਰੀ ਸਕੂਲ ਦਾ ਦੌਰਾ ਕਰਨ ਆਏ, ਜਿਨ੍ਹਾਂ ਨਾਲ ਵਾਈਸ ਚੇਅਰਮੈਨ ਰਾਕੇਸ਼ ਭਾਰਤੀ ਮਿੱਤਲ ਵੀ ਹਾਜ਼ਰ ਸਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਂਦਰੀ ਮੰਤਰੀ ਧਰਮਿੰਦਰ ਪ੍ਰਧਾਨ ਨੇ ਕਿਹਾ ਕਿ ਰਾਸ਼ਟਰੀ ਸਿੱਖਿਆ ਨੀਤੀ ਬੱਚਿਆਂ ਵਿੱਚ ਨਵੀਂ ਰੂਹ ਫੂਕੇਗੀ। ਉਨ੍ਹਾਂ ਵਾਈਸ ਚੇਅਰਮੈਨ ਰਾਕੇਸ਼ ਭਾਰਤੀ ਮਿੱਤਲ ਵੱਲੋਂ ਖੋਲ੍ਹੇ ਗਏ ਸੱਤਿਆ ਭਾਰਤੀ ਸਕੂਲਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਕੂਲ ਸਾਡੇ ਪਿੰਡਾਂ ਵਿੱਚ ਪੜ੍ਹਨ ਵਾਲੇ ਗਰੀਬ ਬੱਚਿਆਂ ਦਾ ਸਿੱਖਿਆ ਪੱਧਰ ਉੱਚਾ ਚੁੱਕ ਰਹੇ ਹਨ। ਕੇਂਦਰੀ ਮੰਤਰੀ ਧਰਮਿੰਦਰ ਪ੍ਰਧਾਨ ਨੇ ਸਕੂਲੀ ਵਿਦਿਆਰਥੀਆਂ ਵੱਲੋਂ ਲਗਾਈ ਗਈ ਪ੍ਰਦਰਸ਼ਨੀ, ਕਲਾਸਰੂਮ ਦੇਖੇ ਤੇ ਕਿਹਾ ਕਿ ਇਸ ਸਕੂਲ ਵਿੱਚ ਪਹਿਲੀ ਜਮਾਤ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਪੰਜਾਬੀ ਵਿਸ਼ੇ ਵਿੱਚ ਪੜ੍ਹਾਈ ਕਰਵਾਈ ਜਾ ਰਹੀ ਹੈ, ਸਾਰੀਆਂ ਸੁਵਿਧਾਵਾਂ ਦਿੱਤੀਆਂ ਜਾ ਰਹੀਆਂ ਹਨ। ਕੇਂਦਰੀ ਮੰਤਰੀ ਧਰਮਿੰਦਰ ਪ੍ਰਧਾਨ ਵੱਲੋਂ ਸਕੂਲੀ ਬੱਚਿਆਂ ਨਾਲ ਸਿੱਧੀ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਪੁੱਛਿਆ ਕਿ ਉਹ ਵੱਡੇ ਹੋ ਕੇ ਕੀ ਬਣਨਾ ਚਾਹੁੰਦੇ ਹਨ? ਬੱਚਿਆਂ ਦੀਆਂ ਗੱਲਾਂ ਤੋਂ ਉਹ ਬੇਹੱਦ ਪ੍ਰਭਾਵਿਤ ਹੋਏ ਤੇ ਉਨ੍ਹਾਂ ਕਿਹਾ ਕਿ ਉਹ ਆਪਣੀ ਮਾਤ ਭਾਸ਼ਾ ਪੰਜਾਬੀ ਵਿੱਚ ਗੱਲ ਕਰਨ ਤੇ ਇਸ ਨਾਲ ਹੀ ਜੁੜ ਕੇ ਰਹਿਣ। ਇਸ ਮੌਕੇ ਉਨ੍ਹਾਂ ਸਕੂਲ ਵਿੱਚ ਤਿਆਰ ਹੋਇਆ ਮਿਡ-ਡੇ ਮੀਲ ਦਾ ਖਾਣਾ ਵੀ ਖਾਧਾ ਤੇ ਸਮੂਹ ਸਟਾਫ਼ ਦੇ ਸੁਚੱਜੇ ਪ੍ਰਬੰਧਾਂ ਤੇ ਪੰਚਾਇਤ ਦੇ ਕਾਰਜਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਪਿੰਡ ਦੇ ਸਮਾਜ ਸੇਵੀ ਸ਼ਕਤੀ ਆਨੰਦ, ਸਰਪੰਚ ਬਿੱਟੂ ਖਾਨਪੁਰ ਨੇ ਕੇਂਦਰੀ ਮੰਤਰੀ ਧਰਮਿੰਦਰ ਪ੍ਰਧਾਨ ਤੇ ਵਾਈਸ ਚੇਅਰਮੈਨ ਰਾਕੇਸ਼ ਭਾਰਤੀ ਮਿੱਤਲ ਦੇ ਧਿਆਨ ਵਿੱਚ ਲਿਆਂਦਾ ਕਿ ਜਦੋਂ ਤੋਂ ਇਹ ਸਕੂਲ ਉਨ੍ਹਾਂ ਦੇ ਪਿੰਡ ਵਿੱਚ ਖੁੱਲ੍ਹਿਆ ਹੈ ਤਾਂ ਉਸ ਸਮੇਂ ਤੋਂ ਸਾਡੇ ਪੱਛੜੇ ਬੇਟ ਖੇਤਰ ਵਿਚ ਬੱਚਿਆਂ ਨੂੰ ਮਿਆਰੀ ਸਿੱਖਿਆ ਮਿਲ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਸਕੂਲ ਨੂੰ ਹੁਣ ਐਲੀਮੈਂਟਰੀ ਤੋਂ ਹਾਈ ਜਾਂ ਸੀਨੀਅਰ ਸੈਕੰਡਰੀ ਸਕੂਲ ਬਣਾਇਆ ਜਾਵੇ ਤੇ ਇੱਥੇ ਇੱਕ ਲਾਇਬ੍ਰੇਰੀ ਵੀ ਖੋਲ੍ਹੀ ਜਾਵੇ, ਜਿਸ ਵਿਚ ਪੰਚਾਇਤ ਪੂਰਾ ਸਹਿਯੋਗ ਦੇਵੇਗੀ। ਭਾਰਤੀ ਇੰਟਰਪ੍ਰਾਈਜਸ ਵਾਈਸ ਚੇਅਰਮੈਨ ਰਾਕੇਸ਼ ਭਾਰਤੀ ਨੇ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਦੀ ਮੰਗ ਨੂੰ ਜਲਦ ਪੂਰਾ ਕਰਨ ਦੀ ਕੋਸ਼ਿਸ਼ ਕਰਨਗੇ।

ਇਸ ਮੌਕੇ ਕੇਂਦਰੀ ਸਿੱਖਿਆ ਮੰਤਰੀ ਵੱਲੋਂ ਸਕੂਲ ਵਿਚ ਇੱਕ ਪੌਦਾ ਵੀ ਲਗਾਇਆ ਗਿਆ ਤੇ ਪਿੰਡ ਦੀ ਪੰਚਾਇਤ ਵੱਲੋਂ ਉਨ੍ਹਾਂ ਨੂੰ ਗੁਰੂ ਸਾਹਿਬ ਜੀ ਦਾ ਯਾਦਗਾਰੀ ਚਿੱਤਰ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਐਡਵੋਕੇਟ ਕਪਿਲ ਆਨੰਦ, ਡਾ. ਦੀਪ ਆਨੰਦ, ਨੰਬਰਦਾਰ ਹੈਨਰੀ ਆਨੰਦ, ਕ੍ਰਿਸ਼ਨ ਗੋਪਾਲ ਆਨੰਦ, ਵਿਜੈ ਕੁਮਾਰ ਆਨੰਦ, ਲਵਲੀ ਆਨੰਦ, ਸੰਤ ਰਾਮ ਸਾਬਕਾ ਸਰਪੰਚ ਹਾਜ਼ਰ ਸਨ।

# ਝਾੜ ਸਾਹਿਬ ਕਾਲਜ ਵਿਖੇ ਬਲਾਕ ਪੱਧਰੀ ਖੇਡ ਮੁਕਾਬਲੇ ਕਰਵਾਏ



**ਸਮਰਾਲਾ/ਮਾਛੀਵਾੜਾ ਸਾਹਿਬ (ਸੁਰਜੀਤ ਸਿੰਘ/ ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਗੁਰੂ ਗੋਬਿਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਸਪੋਰਟਸ ਵਿਭਾਗ ਦੇ ਇੰਚਾਰਜ ਰਣਵੀਰ ਸਿੰਘ ਸੋਮਲ ਤੇ ਖੇਡ ਮੰਤਰਾਲਾ ਭਾਰਤ ਸਰਕਾਰ 'ਮੇਰਾ ਯੁਵਾ ਭਾਰਤ' ਵੱਲੋਂ ਡਿਪਟੀ ਡਾਇਰੈਕਟਰ ਮੈਡਮ ਰਸਮੀਤ ਕੌਰ ਬਲਾਕ ਇੰਚਾਰਜ ਕਿਰਨਜੀਤ ਕੌਰ ਦੇ ਯਤਨਾਂ ਸਦਕਾ ਬਲਾਕ ਪੱਧਰੀ ਖੇਡ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਰੱਸੀਕੱਸੀ, ਵਾਲੀਬਾਲ, ਬੈਡਮਿੰਟਨ ਤੇ ਐਥਲੈਟਿਕਸ ਮੁਕਾਬਲੇ ਕਰਵਾਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਦੀਆਂ ਟੀਮਾਂ ਬਣਾ ਕੇ ਵਾਲੀਬਾਲ, ਬੈਡਮਿੰਟਨ ਤੇ ਰੱਸਾਕੱਸੀ ਦੀਆਂ ਖੇਡਾਂ ਕਰਾਈਆਂ ਗਈਆਂ ਤੇ ਐਥਲੈਟਿਕਸ ਵਿੱਚ 400 ਮੀਟਰ ਰੇਸ ਵਿੱਚ ਸਿਮਰਨਜੀਤ ਕੌਰ ਬੀ.ਏ. ਭਾਗ ਪਹਿਲਾ ਦੀ ਵਿਦਿਆਰਥਣ ਨੇ ਪਹਿਲਾ, ਅਮਨਦੀਪ ਕੌਰ ਬੀ.ਏ. ਭਾਗ ਪਹਿਲਾ ਦੀ ਵਿਦਿਆਰਥਣ ਨੇ ਦੂਜਾ ਸਥਾਨ ਤੇ ਗੁਰਪ੍ਰੀਤ ਕੌਰ ਬੀ.ਏ. ਭਾਗ ਪਹਿਲਾ ਦੀ ਵਿਦਿਆਰਥਣ ਨੇ ਤੀਜਾ ਸਥਾਨ ਪ੍ਰਾਪਤ ਕੀਤਾ।800 ਮੀਟਰ ਰੇਸ ਵਿੱਚ ਗੁਰਪ੍ਰੀਤ ਕੌਰ ਬੀ ਏ ਭਾਗ ਪਹਿਲਾ, ਗੁਰਪ੍ਰੀਤ ਕੌਰ ਬੀ ਏ ਭਾਗ ਪਹਿਲਾ, ਸਿਮਰਨਜੀਤ ਕੌਰ ਬੀ ਏ ਭਾਗ ਪਹਿਲਾ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।ਲੌਂਗਜੰਪ ਵਿੱਚ ਸਿਮਰਨਜੀਤ ਕੌਰ ਬੀ ਏ ਭਾਗ ਪਹਿਲਾ, ਤਨਵੀਰ ਕੌਰ ਬੀ ਏ ਭਾਗ ਪਹਿਲਾ, ਅਮਨਦੀਪ ਕੌਰ ਬੀ ਏ ਭਾਗ ਪਹਿਲਾ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥਣਾਂ ਨੂੰ ਸੰਬੋਧਤ ਹੁੰਦਿਆਂ ਕਿਹਾ ਕਿ ਇਨ੍ਹਾਂ ਖੇਡਾਂ ਦਾ ਮਕਸਦ ਵਿਦਿਆਰਥਣਾਂ ਨੂੰ ਖੇਡਾਂ ਨਾਲ ਜੋੜਨਾ ਤੇ ਸਿਹਤ ਨੂੰ ਤੰਦਰੁਸਤ ਰੱਖਣਾ ਹੈ।ਜੇਕਰ ਅਸੀਂ ਤੰਦਰੁਸਤ ਹੋਵਾਂਗੇ ਤਾਂ ਸਾਡਾ ਸਮਾਜ ਵੀ ਤੰਦਰੁਸਤ ਹੋਵੇਗਾ।ਖੇਡਾਂ ਦੀ ਸਮਾਪਤੀ ਤੋਂ ਬਾਅਦ ਡਾ. ਸੁਨੀਤਾ ਕੌਸ਼ਲ ਮੁਖੀ ਸਮਾਜ ਸ਼ਾਸਤਰ ਵਿਭਾਗ ਨੇ ਵਿਦਿਆਰਥਣਾਂ ਨੂੰ ਇਨਾਮ ਵੰਡੇ।ਇਸ ਮੌਕੇ ਖੇਡਾਂ ਨੂੰ ਸੁਚਾਰੂ ਰੂਪ ਵਿੱਚ ਕਰਵਾਉਣ ਲਈ ਕੇਸਰ ਸਿੰਘ ਵਾਲੀਬਾਲ ਕੋਚ, ਸੁਖਵੀਰ ਸਿੰਘ ਤੇ ਰਜਿੰਦਰ ਸਿੰਘ ਨੇ ਆਪਣਾ ਸਹਿਯੋਗ ਦਿੱਤਾ।ਕਾਲਜ ਦੀ ਲੋਕਲ ਮੈਨੇਜਿੰਗ ਕਮੇਟੀ ਨੇ ਸਪੋਰਟਸ ਵਿਭਾਗ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

# ਟਰਾਈਡੈਂਟ ਦੇ ਮੈਗਾ ਮੈਡੀਕਲ ਕੈਂਪ 'ਚ ਸਿਹਤ ਸੇਵਾਵਾਂ ਦਾ ਹੜ੍ਹ

### ਮਰੀਜ਼ ਇਸ ਨੇਕ ਕਾਰਜ ਲਈ ਪਦਮਸ਼੍ਰੀ ਰਜਿੰਦਰ ਗੁਪਤਾ ਨੂੰ ਦੇ ਰਹੇ ਨੇ ਦੁਆਵਾਂ



**ਬਰਨਾਲਾ (ਰਾਜਿੰਦਰ ਬਰਾੜ)**

ਟਰਾਈਡੈਂਟ ਗਰੁੱਪ ਦੁਆਰਾ 29 ਅਕਤੂਬਰ ਨੂੰ ਸ਼ੁਰੂ ਕੀਤੇ ਗਏ 'ਫਰੀ ਮੈਗਾ ਮੈਡੀਕਲ ਕੈਂਪ 2025' ਨੇ 12 ਨਵੰਬਰ ਨੂੰ ਆਪਣਾ ਤੀਜਾ ਪੜ੍ਹਾਅ ਸ਼ੁਰੂ ਕੀਤਾ ਅਤੇ ਕੈਂਪ ਵਿੱਚ ਪਹੁੰਚਣ ਵਾਲੇ ਮਰੀਜ਼ਾਂ ਦੀ ਭਾਰੀ ਭੀੜ ਨੇ ਇਸ ਉਪਰਾਲੇ ਦੀ ਅਹਿਮੀਅਤ ਨੂੰ ਦਰਸਾ ਦਿੱਤਾ ਹੈ।ਇਸ ਕੈਂਪ ਰਾਹੀਂ ਲੋਕਾਂ ਨੂੰ ਨਾ ਸਿਰਫ਼ ਮੁਫ਼ਤ ਜਾਂਚ ਤੇ ਮਾਹਰ ਡਾਕਟਰੀ ਸਲਾਹ ਮਿਲ ਰਹੀ ਹੈ, ਬਲਕਿ ਲੋੜੀਂਦੀਆਂ ਦਵਾਈਆਂ ਵੀ ਬਿਲਕੁਲ ਮੁਫ਼ਤ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਇਹ ਕੈਂਪ ਖਾਸ ਤੌਰ 'ਤੇ ਉਨ੍ਹਾਂ ਪਰਵਾਰਾਂ ਲਈ ਵੱਡੀ ਰਾਹਤ ਬਣਿਆ ਹੈ, ਜੋ ਮਹਿੰਗੇ ਇਲਾਜ ਕਰਵਾਉਣ ਦੀ ਸਮਰੱਥਾ ਨਹੀਂ ਰੱਖਦੇ।ਮਰੀਜ਼ਾਂ ਨੇ ਇਸ ਸਮਾਜ ਸੇਵੀ ਪਹਿਲਕਦਮੀ ਲਈ ਟਰਾਈਡੈਂਟ ਗਰੁੱਪ ਦੇ ਸੰਸਥਾਪਕ ਤੇ ਰਾਜ ਸਭਾ ਮੈਂਬਰ ਪਦਮਸ਼੍ਰੀ ਰਾਜਿੰਦਰ ਗੁਪਤਾ, ਸੀ.ਐੱਸ.ਆਰ. ਹੈੱਡ ਮੈਡਮ ਮਧੂ ਗੁਪਤਾ ਤੇ ਸੀ.ਐਕਸ.ਓ. ਅਭਿਸ਼ੇਕ ਗੁਪਤਾ ਦੀ ਖੁੱਲ੍ਹੇ ਦਿਲੋਂ ਤਾਰੀਫ਼ ਕੀਤੀ।ਉਨ੍ਹਾਂ ਕਿਹਾ ਕਿ ਇਨ੍ਹਾਂ ਯਤਨਾਂ ਸਦਕਾ ਹੀ ਬਰਨਾਲਾ ਦੇ ਲੋੜਵੰਦ ਮਰੀਜ਼ਾਂ ਨੂੰ ਸੀ.ਐੱਮ.ਸੀ. ਹਸਪਤਾਲ ਵਰਗੀਆਂ ਉੱਚ ਪੱਧਰੀ ਸਿਹਤ ਸਹੂਲਤਾਂ ਦਾ ਫਾਇਦਾ ਮਿਲ ਰਿਹਾ ਹੈ।ਲੋਕਾਂ ਨੇ ਟਰਾਈਡੈਂਟ ਗਰੁੱਪ ਦੀ ਤਰੱਕੀ ਤੇ ਸਮਾਜ ਸੇਵਾ ਦੇ ਖੇਤਰ ਵਿੱਚ ਅਜਿਹੇ ਕਾਰਜ ਲਗਾਤਾਰ ਜਾਰੀ ਰੱਖਣ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਸਟਾਫ਼ ਵੱਲੋਂ ਮਰੀਜ਼ਾਂ ਦੀ ਨਿਰੰਤਰ ਸਹਾਇਤਾ ਕੀਤੀ ਜਾ ਰਹੀ ਹੈ। ਇਹ ਕੈਂਪ 14 ਨਵੰਬਰ, 19, 20, 21 ਨਵੰਬਰ, 26, 27, 28 ਨਵੰਬਰ ਤੇ 3, 4, 5 ਦਸੰਬਰ ਤੱਕ ਜਾਰੀ ਰਹੇਗਾ।ਕੈਂਪ ਵਿੱਚ ਟਰਾਈਡੈਂਟ ਗਰੁੱਪ ਦਾ ਸਮਰਪਤ ਸਟਾਫ਼, ਜਿਸ ਵਿੱਚ ਕੈਂਪ ਇੰਚਾਰਜ ਪਵਨ ਸਿੰਗਲਾ ਸਮੇਤ ਚਰਨਜੀਤ ਸਿੰਘ, ਇੰਸ. ਤਰਸੇਮ ਸਿੰਘ, ਜਗਰਾਜ ਪੰਡੋਰੀ, ਗੁਰਵਿੰਦਰ ਕੌਰ, ਰੁਪਿੰਦਰ ਕੌਰ, ਰੀਚਾ ਪ੍ਰਭਾਕਰ, ਗੁਰਪ੍ਰੀਤ ਸਿੰਘ, ਗੁਰਦੀਪ ਸਿੰਘ, ਚਰਨਜੀਤ ਸਿੰਘ ਤੇ ਨਰਿੰਦਰ ਸਿੰਘ ਸ਼ਾਮਲ ਹਨ, ਮਰੀਜ਼ਾਂ ਦੀ ਪੂਰੀ ਮਦਦ ਕਰ ਰਹੇ ਹਨ।ਸਟਾਫ਼ ਮੈਂਬਰ ਮਰੀਜ਼ਾਂ ਦੀ ਰਜਿਸਟ੍ਰੇਸ਼ਨ ਤੋਂ ਲੈ ਕੇ ਡਾਕਟਰੀ ਜਾਂਚ ਤੇ ਮੁਫ਼ਤ ਦਵਾਈਆਂ ਪ੍ਰਾਪਤ ਕਰਨ ਤੱਕ ਹਰ ਕਦਮ 'ਤੇ ਉਨ੍ਹਾਂ ਨਾਲ ਹਨ, ਤਾਂ ਜੋ ਕਿਸੇ ਨੂੰ ਵੀ ਕੋਈ ਪ੍ਰੇਸ਼ਾਨੀ ਨਾ ਆਵੇ। ਟਰਾਈਡੈਂਟ ਗਰੁੱਪ ਦੇ ਸੰਸਥਾਪਕ ਤੇ ਮੈਂਬਰ ਰਾਜ ਸਭਾ ਪਦਮਸ਼੍ਰੀ ਰਜਿੰਦਰ ਗੁਪਤਾ ਵੱਲੋਂ ਲਗਾਏ ਗਏ ਮੈਗਾ ਮੈਡੀਕਲ ਕੈਂਪ ਦੌਰਾਨ ਹਜ਼ਾਰਾਂ ਲੋਕ ਸਿਹਤ ਸੇਵਾਵਾਂ ਦਾ ਲਾਭ ਲੈ ਚੁੱਕੇ ਹਨ ਤੇ ਇਹ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ।ਮਰੀਜ਼ ਇਸ ਨੇਕ ਕਾਰਜ ਲਈ ਪਦਮਸ਼੍ਰੀ ਰਜਿੰਦਰ ਗੁਪਤਾ ਦਾ ਧੰਨਵਾਦ ਕਰ ਰਹੇ ਹਨ।

# ਕਿਸਾਨ ਆਗੂਆਂ ਨੂੰ ਇਨਸਾਫ਼ ਦਿਵਾਉਣ ਲਈ ਵਫ਼ਦ ਡੀ ਸੀ ਨੂੰ ਮਿਲਿਆ

### 10 ਲੱਖ ਦੇ ਮੁਆਵਜ਼ੇ, ਕਰਜ਼ਾ ਮੁਆਫ਼ੀ ਤੇ ਸਰਕਾਰੀ ਨੌਕਰੀ ਦੀ ਕੀਤੀ ਮੰਗ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਫਾਜ਼ਿਲਕਾ ਦੇ ਹੜ੍ਹ ਪੀੜਤ ਪਿੰਡਾਂ ਦੇ ਕਿਸਾਨਾਂ ਨੂੰ ਕਣਕ ਦਾ ਬੀਜ ਵੰਡ ਕੇ ਵਾਪਸ ਪਰਤਦੇ ਸਮੇਂ ਹਾਦਸੇ ਦਾ ਸ਼ਿਕਾਰ ਬਣੇ ਕਿਸਾਨ ਆਗੂਆਂ ਨੂੰ ਇਨਸਾਫ ਦਿਵਾਉਣ ਲਈ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਜਨਰਲ ਸਕੱਤਰ ਸ਼ਿੰਗਾਰਾ ਸਿੰਘ ਮਾਨ ਦੀ ਅਗਵਾਈ ਵਿੱਚ ਜਨਤਕ ਜਥੇਬੰਦੀਆਂ ਦਾ ਵੱਡਾ ਵਫਦ ਡਿਪਟੀ ਕਮਿਸ਼ਨਰ ਮੁਕਤਸਰ ਅਭਿਜੀਤ ਕਪਲਿਸ਼ ਨੂੰ ਮਿਲਿਆ, ਜਿਸ ਵਿੱਚ ਜਥੇਬੰਦੀਆਂ ਦੇ ਵਫਦ ਨੇ ਸਥਾਨਕ ਕੋਟਕਪੂਰਾ ਰੋਡ ਤੇ ਪਿੰਡ ਉਦੇਕਰਨ ਕੋਲ ਰੋਡਵੇਜ਼ ਦੀ ਬੱਸ ਨਾਲ ਹੋਏ ਹਾਦਸੇ ਦੀ ਨਿਰਪੱਖ ਜਾਂਚ ਕਰਕੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਉਣ 'ਤੇ ਜ਼ੋਰ ਦਿੱਤਾ।ਵਫਦ ਨੇ ਪ੍ਰਸ਼ਾਸਨਕ ਅਧਿਕਾਰੀ ਤੋਂ ਹਾਦਸੇ ਵਿੱਚ ਜਾਨ ਗੁਆ ਗਏ ਕਿਸਾਨ ਆਗੂ ਹਰਜੀਤ ਸਿੰਘ ਕੋਟਕਪੂਰਾ ਦੇ ਪਰਵਾਰ ਨੂੰ ਤੁਰੰਤ 10 ਲੱਖ ਲੱਖ ਰੁਪਏ ਦਾ ਮੁਆਵਜ਼ਾ ਦੇਣ, ਪਰਵਾਰ ਦੇ ਸਰਕਾਰੀ ਤੇ ਗੈਰ-ਸਰਕਾਰੀ ਕਰਜ਼ੇ 'ਤੇ ਲੀਕ ਫੇਰਨ ਤੇ ਪਰਵਾਰ ਦੇ ਇੱਕ ਮੈਂਬਰ ਲਈ ਸਰਕਾਰੀ ਨੌਕਰੀ ਦੀ ਮੰਗ ਕੀਤੀ।ਉਨ੍ਹਾਂ ਗੰਭੀਰ ਹਾਲਤ 'ਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਕਿਸਾਨ ਆਗੂ ਬਲਵੰਤ ਸਿੰਘ ਨੰਗਲ ਦਾ ਮੁਕੰਮਲ ਇਲਾਜ ਸਰਕਾਰੀ ਖਰਚੇ 'ਤੇ ਕਰਵਾਉਣ ਦੀ ਮੰਗ ਵੀ ਰੱਖੀ।ਵਫਦ ਵਿੱਚ ਸ਼ਾਮਲ ਜਨਤਕ ਜਥੇਬੰਦੀਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲ ਵਾਲੀ ਤੇ ਜ਼ਿਲ੍ਹਾ ਆਗੂ ਹਰਪ੍ਰੀਤ ਸਿੰਘ ਝਬੇਲ ਵਾਲੀ, ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ ਤੇ ਸਕੱਤਰ ਗੁਰਭਗਤ ਸਿੰਘ ਭਲਾਈਆਣਾ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਤਰਸੇਮ ਸਿੰਘ ਖੁੰਡੇ ਹਲਾਲ, ਕਾਕਾ ਸਿੰਘ ਖੁੰਡੇ ਹਲਾਲ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਗੋਬਿੰਦ ਸਿੰਘ ਤੇ ਤਰਕਸ਼ੀਲ ਸੁਸਾਇਟੀ ਦੇ ਸੂਬਾਈ ਆਗੂ ਰਾਮ ਸਵਰਨ ਲੱਖੇਵਾਲੀ ਨੇ ਹਾਦਸੇ ਦਾ ਸ਼ਿਕਾਰ ਹੋਏ ਕਿਸਾਨ ਆਗੂਆਂ ਤੇ ਪਰਵਾਰਾਂ ਨੂੰ ਪਹਿਲ ਦੇ ਆਧਾਰ ਇਨਸਾਫ਼ ਦੇਣ ਮੰਗ ਦੀ ਤਾਈਦ ਕੀਤੀ।ਵਫਦ ਵਿੱਚ ਹੋਰਨਾਂ ਤੋਂ ਇਲਾਵਾ ਗੁਰਮੀਤ ਸਿੰਘ ਬਿੱਟੂ ਮੱਲਣ, ਹਰਫੂਲ ਸਿੰਘ ਭਾਗਸਰ, ਅਜਾਇਬ ਸਿੰਘ ਕੋਠੇ ਅਮਨਗੜ੍ਹ, ਰਾਜਾ ਸਿੰਘ ਤੇ ਜਸਵਿੰਦਰ ਸਿੰਘ ਸੰਗੂ ਧੌਣ ਆਦਿ ਮਜ਼ਦੂਰ, ਕਿਸਾਨ ਆਗੂ ਵੱਡੀ ਗਿਣਤੀ ਵਿੱਚ ਸ਼ਾਮਲ ਸਨ।

# ਹਰੀ ਸਿੰਘ ਖਾਈ ਨੂੰ ਜ਼ਿਲ੍ਹਾ ਕਾਂਗਰਸ ਪ੍ਰਧਾਨ ਬਣਨ 'ਤੇ ਦਿੱਤੀ ਵਧਾਈ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਹਲਕਾ ਬਾਘਾ ਪੁਰਾਣਾ ਦੇ ਸੀਨੀਅਰ ਕਾਂਗਰਸੀ ਆਗੂ ਤੇ ਮੁੱਖ ਸੇਵਾਦਾਰ ਜਗਸੀਰ ਸਿੰਘ ਕਾਲੇਕੇ ਨੇ ਕਾਂਗਰਸ ਪ੍ਰਦੇਸ਼ ਕਮੇਟੀ ਵੱਲੋਂ ਹਰੀ ਸਿੰਘ ਖਾਈ ਨੂੰ ਜ਼ਿਲਾ ਕਾਂਗਰਸ ਪ੍ਰਧਾਨ ਨਿਯੁਕਤ ਕਰਨ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਉਨ੍ਹਾਂ ਨੂੰ ਦਿਲੋਂ ਵਧਾਈ ਦਿੱਤੀ ਹੈ।ਇਸ ਮੌਕੇ ਜਗਸੀਰ ਸਿੰਘ ਕਾਲੇਕੇ ਨੇ ਕਿਹਾ ਕਿ ਹਰੀ ਸਿੰਘ ਖਾਈ ਦੀ ਨਿਯੁਕਤੀ ਨਾਲ ਮੋਗਾ ਜ਼ਿਲ੍ਹੇ ਦੀ ਕਾਂਗਰਸ ਪਾਰਟੀ ਨੂੰ ਨਵੀਂ ਮਜ਼ਬੂਤੀ ਤੇ ਏਕਤਾ ਮਿਲੇਗੀ।ਉਨ੍ਹਾਂ ਕਿਹਾ ਕਿ ਸ੍ਰ. ਹਰੀ ਸਿੰਘ ਖਾਈ ਕਾਂਗਰਸ ਪਾਰਟੀ ਦੇ ਸੀਨੀਅਰ, ਤਜਰਬੇਕਾਰ ਤੇ ਇਮਾਨਦਾਰ ਆਗੂ ਹਨ, ਜਿਨ੍ਹਾਂ ਹਮੇਸ਼ਾ ਜਨਤਾ ਦੇ ਹਿੱਤਾਂ ਤੇ ਪਾਰਟੀ ਦੇ ਸਿਧਾਂਤਾਂ ਨੂੰ ਪਹਿਲ ਦਿੱਤੀ ਹੈ।ਉਨ੍ਹਾ ਵਿਸ਼ਵਾਸ ਜਤਾਇਆ ਕਿ ਖਾਈ ਦੀ ਅਗਵਾਈ ਹੇਠ ਜ਼ਿਲ੍ਹੇ ਦੀ ਕਾਂਗਰਸ ਲੀਡਰਸ਼ਿਪ ਇੱਕ ਪਲੇਟਫਾਰਮ 'ਤੇ ਇਕੱਠੀ ਹੋ ਕੇ ਮਜ਼ਬੂਤ ਢੰਗ ਨਾਲ ਕੰਮ ਕਰੇਗੀ।ਕਾਲੇਕੇ ਨੇ ਇਸ ਮੌਕੇ ਕਾਂਗਰਸ ਪ੍ਰਦੇਸ਼ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਕਾਂਗਰਸ ਹਾਈ ਕਮਾਂਡ ਦਾ ਵੀ ਧੰਨਵਾਦ ਕੀਤਾ ਕਿ ਉਨ੍ਹਾਂ ਇੱਕ ਸਿਆਣੇ ਤੇ ਜਨ-ਸੇਵਕ ਆਗੂ ਨੂੰ ਇਹ ਜ਼ਿੰਮੇਵਾਰੀ ਸੌਂਪੀ ਹੈ।ਉਨ੍ਹਾਂ ਕਿਹਾ ਕਿ ਇਹ ਫੈਸਲਾ ਪਾਰਟੀ ਵਰਕਰਾਂ ਦੇ ਮਨੋਬਲ ਨੂੰ ਹੋਰ ਵਧਾਉਣ ਵਾਲਾ ਹੈ ਤੇ ਮੋਗਾ ਜ਼ਿਲ੍ਹੇ ਵਿੱਚ ਕਾਂਗਰਸ ਪਾਰਟੀ ਦੁਬਾਰਾ ਆਪਣੀ ਪੁਰਾਣੀ ਸ਼ਾਨ ਹਾਸਲ ਕਰੇਗੀ।ਅੰਤ ਵਿੱਚ ਜਗਸੀਰ ਸਿੰਘ ਕਾਲੇਕੇ ਨੇ ਕਿਹਾ ਕਿ ਹਰੀ ਸਿੰਘ ਖਾਈ ਦੀ ਅਗਵਾਈ ਹੇਠ ਮੋਗਾ ਜ਼ਿਲ੍ਹੇ ਦੀ ਕਾਂਗਰਸ ਟੀਮ ਸੰਗਠਨਕ ਮਜ਼ਬੂਤੀ ਤੇ ਲੋਕਾਂ ਦੇ ਭਰੋਸੇ ਨਾਲ ਪੰਜਾਬ ਵਿੱਚ ਕਾਂਗਰਸ ਦੇ ਝੰਡੇ ਨੂੰ ਹੋਰ ਉੱਚਾ ਲਹਿਰਾਏਗੀ।

## ...ਸਫ਼ਾ 1 ਦੇ ਬਾਕੀ

### 'ਵੰਦੇ ਮਾਤਰਮ' ਗਾਉਣ...

ਧਰਮ ਦੇ ਸਿਧਾਂਤਾਂ ਦੇ ਵਿਰੁੱਧ ਹੈ। ਕਈ ਅਧਿਆਪਕਾਂ ਨੇ ਪੁਸ਼ਟੀ ਕੀਤੀ ਕਿ ਹਸਨ ਨੇ ਚਿੰਤਾ ਪ੍ਰਗਟਾਈ ਸੀ ਕਿ ਕੁਝ ਮੁਸਲਿਮ ਪਰਵਾਰ ਸਕੂਲ ਵਿੱਚ ਇਹ ਗੀਤ ਗਾਏ ਜਾਣ 'ਤੇ ਇਤਰਾਜ਼ ਕਰ ਸਕਦੇ ਹਨ। ਜਾਂਚ ਤੋਂ ਬਾਅਦ ਸਿੱਖਿਆ ਵਿਭਾਗ ਨੇ ਅਧਿਕਾਰਤ ਨਿਰਦੇਸ਼ਾਂ ਦੀ ਕਥਿਤ ਤੌਰ 'ਤੇ ਉਲੰਘਣਾ ਕਰਨ ਅਤੇ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਹਸਨ ਨੂੰ ਮੁਅੱਤਲ ਕਰਨ ਦਾ ਹੁਕਮ ਦਿੱਤਾ। ਆਪਣੇ ਜਵਾਬ ਵਿੱਚ ਹਸਨ ਨੇ ਸਹਿਕਰਮੀਆਂ ਨਾਲ ਬਦਸਲੂਕੀ ਕਰਨ ਤੋਂ ਇਨਕਾਰ ਕੀਤਾ ਪਰ ਨਵੀਂ ਪ੍ਰਥਾ 'ਤੇ ਸਵਾਲ ਚੁੱਕਣ ਦੀ ਪੁਸ਼ਟੀ ਕੀਤੀ। ਉਸ ਨੇ ਕਿਹਾ, 'ਕਿਉਂਕਿ ਇਹ ਗੀਤ ਨਵਾਂ ਸ਼ੁਰੂ ਕੀਤਾ ਜਾ ਰਿਹਾ ਸੀ, ਇਸ ਲਈ ਮੈਂ ਸਿਰਫ਼ ਇਹੀ ਸੁਝਾਅ ਦਿੱਤਾ ਸੀ ਕਿ ਸਕੂਲ ਨੂੰ ਇਸ ਨੂੰ ਲਾਗੂ ਕਰਨ ਤੋਂ ਪਹਿਲਾਂ ਉਨ੍ਹਾਂ ਪਰਵਾਰਾਂ ਨਾਲ ਸਲਾਹ ਕਰਨੀ ਚਾਹੀਦੀ ਹੈ, ਜਿਨ੍ਹਾਂ ਨੂੰ ਕੋਈ ਇਤਰਾਜ਼ ਹੋ ਸਕਦਾ ਹੈ। ਸਿੱਖਿਆ ਵਿਭਾਗ ਨੇ ਇਸ ਮਾਮਲੇ ਵਿੱਚ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਉੱਤਰ ਪ੍ਰਦੇਸ਼ ਦੇ ਸਾਰੇ ਸਕੂਲਾਂ ਤੇ ਵਿਦਿਅਕ ਸੰਸਥਾਵਾਂ ਵਿੱਚ 'ਵੰਦੇ ਮਾਤਰਮ' ਗਾਉਣਾ ਲਾਜ਼ਮੀ ਕਰ ਦਿੱਤਾ ਸੀ।

## ਖੇਤਾਂ 'ਚੋਂ ਸਰਚ ਦੌਰਾਨ 558 ਗ੍ਰਾਮ ਹੈਰੋਇਨ ਦਾ ਪੈਕੇਟ ਤੇ ਡਰੋਨ ਬਰਾਮਦ


**ਫ਼ਿਰੋਜ਼ਪੁਰ (ਗੁਰਬਚਨ ਸਿੰਘ)**-ਸਰਹੱਦੀ ਪਿੰਡ ਮਾਛੀਵਾੜਾ ਦੇ ਖੇਤਾਂ ਵਿਚੋਂ ਬੀਐੱਸਐੱਫ ਦੇ ਜਵਾਨਾਂ ਨੇ ਸਰਚ ਦੌਰਾਨ ਇੱਕ ਪੈਕੇਟ ਹੈਰੋਇਨ ਤੇ 1 ਡਰੋਨ ਬਰਾਮਦ ਕੀਤਾ ਹੈ।ਬਰਾਮਦ ਕੀਤੇ ਹੈਰੋਇਨ ਦੇ ਪੈਕੇਟ ਦਾ ਵਜ਼ਨ 558 ਗ੍ਰਾਮ ਹੈ।ਥਾਣਾ ਸਦਰ ਫ਼ਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ਼ ਐੱਨਡੀਪੀਐੱਸ ਐਕਟ ਅਤੇ ਏਅਰ ਕਰਾਫਟ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਇਕ ਪਤਰ ਨੰਬਰ ਡੀ/ਓਪੀਐੱਸ/ਐੱਫਆਈਆਰ/155/2025/4 21 ਵੱਲੋਂ ਆਫ਼ਿਸ ਆਫ਼ ਦੀ ਕੰਪਨੀ ਕਮਾਂਡਰ 'ਡੀ' ਕੰਪਨੀ 155 ਬਟਾਲੀਅਨ ਬੀਐੱਸਐੱਫ ਬੀਓਪੀ ਜਗਦੀਸ਼, ਫ਼ਿਰੋਜ਼ਪੁਰ 12 ਨਵੰਬਰ 2025 ਵੱਲੋਂ ਪ੍ਰਮੋਦ ਕੁਮਾਰ ਅਸਿਸਟੈਂਟ ਕਮਾਂਡੈਂਟ ਬੀਐੱਸਐੱਫ ਬੀਓਪੀ ਜਗਦੀਸ਼ ਫ਼ਿਰੋਜ਼ਪੁਰ ਕਾਰਵਾਈ ਕਰਨ ਲਈ ਮੌਸੂਲ ਥਾਣਾ ਆਇਆ।ਪ੍ਰਮੋਦ ਕੁਮਾਰ ਅਸਿਸਟੈਂਟ ਕਮਾਂਡਰ ਬੀਐੱਸਐੱਫ ਬੀਓਪੀ ਜਗਦੀਸ਼ ਫ਼ਿਰੋਜ਼ਪੁਰ ਨੇ ਦੱਸਿਆ ਕਿ 12 ਨਵੰਬਰ 2025 ਨੂੰ ਬੀਐੱਸਪੀ, ਬੀਓਪੀ ਜਗਦੀਸ਼ ਫ਼ਿਰੋਜ਼ਪੁਰ ਦੇ ਅਧਿਕਾਰੀਆਂ ਵੱਲੋਂ ਪਿੰਡ ਮਾਛੀਵਾੜਾ ਦੇ ਖੇਤਾਂ ਵਿਚੋਂ ਦੌਰਾਨ ਸਰਚ ਇੱਕ ਪੈਕੇਟ ਬਰਾਮਦ ਕੀਤਾ, ਜਿਸ ਨੂੰ ਖੋਲ੍ਹ ਕੇ ਚੈੱਕ ਕੀਤਾ ਤਾਂ ਉਸ ਵਿਚੋਂ 558 ਗ੍ਰਾਮ ਹੈਰੋਇਨ ਤੇ 1 ਡਰੋਨ ਬਰਾਮਦ ਹੋਇਆ।ਜਾਂਚਕਰਤਾ ਸੁਖਬੀਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਅਣਪਛਾਤੇ ਵਿਅਕਤੀ ਖਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

## ਹੋਲੀ ਹਾਰਟ ਦੇ ਬੱਚਿਆਂ ਨੂੰ ਚੱਕ ਨਾਨਕੀ ਬਾਰੇ ਦਿੱਤੀ ਜਾਣਕਾਰੀ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿੱਚ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਨਾਲ ਜਾਣੂ ਕਰਾਉਣ ਲਈ ਇਕ ਵਿਸ਼ੇਸ਼ ਸਿੱਖਿਆ ਸੈਸ਼ਨ ਆਯੋਜਿਤ ਕੀਤਾ ਗਿਆ।ਇਸ ਦੌਰਾਨ ਬੱਚਿਆਂ ਨੂੰ ਚੱਕ ਨਾਨਕੀ, ਜਿਸ ਨੂੰ ਅੱਜ ਆਨੰਦਪੁਰ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਅਧਿਆਪਕਾਂ ਨੇ ਦੱਸਿਆ ਕਿ ਚੱਕ ਨਾਨਕੀ ਦੀ ਸਥਾਪਨਾ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਕੀਤੀ ਗਈ ਸੀ, ਜੋ ਬਾਅਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ 'ਚ ਆਨੰਦਪੁਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋਇਆ।ਇਹ ਓਹੀ ਧਰਤੀ ਹੈ, ਜਿੱਥੇ 1699 ਵਿੱਚ ਖਾਲਸਾ ਪੰਥ ਦੀ ਸਥਾਪਨਾ ਹੋਈ ਸੀ। ਬੱਚਿਆਂ ਨੂੰ ਦੱਸਿਆ ਗਿਆ ਕਿ ਇਹ ਸਥਾਨ ਸਿੱਖ ਧਰਮ ਦੇ ਇਤਿਹਾਸ ਵਿੱਚ ਅਤਿ ਮਹੱਤਵਪੂਰਨ ਹੈ ਤੇ ਇੱਥੇ ਦੀ ਹਰ ਇਕ ਥਾਂ ਸਿੱਖਾਂ ਦੀ ਸ਼ਾਨ ਤੇ ਸੂਰਬੀਰਤਾ ਦੀ ਗਵਾਹ ਹੈ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼ੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਬੱਚਿਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਸਿੱਖ ਇਤਿਹਾਸ ਬਾਰੇ ਹੋਰ ਵੀ ਪੜ੍ਹਨ ਤੇ ਸਮਝਣ ਦੀ ਕੋਸ਼ਿਸ਼ ਕਰਨ, ਤਾਂ ਜੋ ਆਪਣੀ ਵਿਰਾਸਤ 'ਤੇ ਮਾਣ ਕਰ ਸਕਣ।

## ਕੋਟਭਾਈ ਦੇ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਖੁਸ਼ੀ ਦਾ ਪ੍ਰਗਟਾਵਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਕਾਂਗਰਸ ਪਾਰਟੀ ਵੱਲੋਂ ਜਾਰੀ ਕੀਤੀ ਸੂਚੀ ਅਨੁਸਾਰ ਬਠਿੰਡਾ ਦਿਹਾਤੀ ਤੋਂ ਸਾਬਕਾ ਵਿਧਾਇਕ ਤੇ ਸੀਨੀਅਰ ਕਾਂਗਰਸੀ ਆਗੂ ਪ੍ਰੀਤਮ ਸਿੰਘ ਕੋਟਭਾਈ ਨੂੰ ਪਾਰਟੀ ਵੱਲੋਂ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਪ੍ਰੀਤਮ ਕੋਟਭਾਈ 2017 ਦੀਆਂ ਚੋਣਾਂ ਵਿੱਚ ਹਲਕਾ ਭੁੱਚੋ ਤੋਂ ਵਿਧਾਇਕ ਬਣੇ ਤੇ ਉਨ੍ਹਾਂ ਨੇ ਹਲਕੇ ਵਿੱਚ ਕਰੋੜਾਂ ਦੀਆਂ ਗ੍ਰਾਂਟਾਂ ਨਾਲ ਵਿਕਾਸ ਕਰਾਇਆ। ਉਨ੍ਹਾਂ ਦੇ ਅਤਿ ਨਜ਼ਦੀਕੀ ਸਾਥੀ ਤੇ ਹਲਕਾ ਰਾਮਪੁਰਾ ਫੂਲ ਦੇ ਸੀਨੀਅਰ ਕਾਂਗਰਸੀ ਆਗੂ ਐਡਵੋਕੇਟ ਜਸਵਿੰਦਰ ਸਿੰਘ ਜੱਸ ਨੇ ਦੱਸਿਆ ਕਿ ਪ੍ਰੀਤਮ ਕੋਟਭਾਈ ਦਾ ਜ਼ਿਲ੍ਹੇ ਅੰਦਰ ਕੋਈ ਧੜਾ ਨਹੀਂ ਹੈ। ਸਿਰਫ਼ ਕਾਂਗਰਸ ਪਾਰਟੀ ਦੇ ਵਰਕਰ ਹੀ ਉਨ੍ਹਾਂ ਦਾ ਧੜਾ ਹਨ ਤੇ ਪ੍ਰੀਤਮ ਕੋਟਭਾਈ ਸਾਰੇ ਜ਼ਿਲ੍ਹੇ ਦੇ ਆਗੂਆਂ ਤੇ ਵਰਕਰਾਂ ਨੂੰ ਨਾਲ ਲੈ ਕੇ ਚੱਲਣਗੇ। ਜਿਸ ਨਾਲ ਪਾਰਟੀ ਮਜ਼ਬੂਤ ਹੋਵੇਗੀ। ਐਡਵੋਕੇਟ ਜੱਸ ਬੱਜੋਆਣਾ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਜਨੀਤੀ ਵਿੱਚ ਲੈ ਕੇ ਆਉਣ ਵਾਲੇ ਕੋਟਭਾਈ ਹੀ ਹਨ। ਪਾਰਟੀ ਹਾਈਕਮਾਂਡ ਨੇ ਧੜੇਬੰਦੀ ਨੂੰ ਖਤਮ ਕਰਨ ਲਈ ਕੋਟਭਾਈ ਦੇ ਹੱਥ 'ਚ ਕਮਾਨ ਸੌਂਪੀ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

14 Nov Page 3.qxd 11/13/2025 10:51 PM Page 1



## ਸੋਹਨ ਸਿੰਘ ਜੋਸ਼ ਦੇ ਜਨਮ ਦਿਨ ਮੌਕੇ ਸੀ ਪੀ ਆਈ ਵੱਲੋਂ ਕਾਨਫਰੰਸ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਭਾਰਤੀ ਕਮਿਊਨਿਸਟ ਪਾਰਟੀ ਅੰਮ੍ਰਿਤਸਰ ਦਿਹਾਤੀ ਵੱਲੋਂ ਉੱਘੇ ਦੇਸ਼ ਭਗਤ, ਮਹਾਨ ਅਜ਼ਾਦੀ ਘੁਲਾਟੀਏ ਅਤੇ ਪ੍ਰਸਿੱਧ ਪੱਤਰਕਾਰ ਕਾ: ਸੋਹਨ ਸਿੰਘ ਜੋਸ਼ ਦੇ ਜਨਮ ਦਿਹਾੜੇ ਮੌਕੇ ਉਹਨਾਂ ਦੇ ਜੱਦੀ ਪਿੰਡ ਚੇਤਨਪੁਰਾ ਵਿਖੇ ਵਿਸ਼ਾਲ ਰਾਜਨੀਤਕ ਕਾਨਫਰੰਸ ਕੀਤੀ ਗਈ। ਕਾਨਫਰੰਸ ਦੀ ਸ਼ੁਰੂਆਤ ਪਿੰਡ ਚੇਤਨਪੁਰਾ ਵਿਖੇ ਉਨ੍ਹਾਂ ਦੀ ਯਾਦਗਾਰ 'ਤੇ ਝੰਡਾ ਲਹਿਰਾ ਕੇ ਕੀਤੀ ਗਈ। ਝੰਡਾ ਲਹਿਰਾਉਣ ਦੀ ਰਸਮ ਉਹਨਾਂ ਦੇ ਪੋਤਰੇ ਡਾ. ਪਰਮਜੀਤ ਸਿੰਘ ਨੇ ਨਿਭਾਈ। ਪਾਰਟੀ ਵੱਲੋਂ ਅੱਜ ਦਾ ਇਹ ਸਮਾਗਮ ਕਮਿਊਨਿਸਟ ਪਾਰਟੀ ਦੀ 100ਵੀਂ ਵਰੇਗੰਢ ਨੂੰ ਸਮਰਪਤ ਕੀਤਾ ਗਿਆ। ਇਸ ਸਮੇਂ ਇੱਕ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਜ਼ਿਲ੍ਹਾ ਅੰਮ੍ਰਿਤਸਰ ਦੇ ਸਕੱਤਰ ਕਾ: ਲਖਬੀਰ ਸਿੰਘ ਨਿਜ਼ਾਮਪੁਰਾ ਨੇ ਕਿਹਾ ਕਿ ਕਾ: ਜੋਸ਼ ਭਾਰਤ ਵਿੱਚ ਕਮਿਊਨਿਸਟ ਪਾਰਟੀ ਦੇ ਸੰਸਥਾਪਕਾਂ ਵਿੱਚੋਂ ਇੱਕ ਸਨ। ਉਹਨਾਂ ਆਪਣੀ ਸਾਰੀ ਉਮਰ ਦੇਸ਼ ਦੇ ਮਿਹਨਤਕਸ਼ ਲੋਕਾਂ ਦੇ ਲੇਖੇ ਲਾਈ। ਭਰ ਜਵਾਨੀ ਵਿੱਚ ਗੁਰਦੁਆਰਿਆਂ ਦਾ ਅੰਗਰੇਜ਼ਾਂ ਦੇ ਮਹੰਤਾਂ ਤੋਂ ਕਬਜ਼ਾ ਛੁਡਾਉਣ ਵਾਸਤੇ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਦੀਆਂ ਕੁੰਜੀਆਂ ਅਤੇ ਗੁਰੂ ਕੇ ਬਾਗ ਦੇ ਮੋਰਚੇ ਤੋਂ ਤੋਂ ਇਲਾਵਾ ਮਹੰਤਾਂ ਨੂੰ



ਗੁਰਦੁਆਰਿਆਂ ਵਿੱਚੋਂ ਕੱਢਣ ਲਈ ਲਗਾਏ ਮੋਰਚਿਆਂ ਵਿੱਚ ਮਹੱਤਵਪੂਰਨ ਰੋਲ ਅਦਾ ਕੀਤਾ। ਉਹਨਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਵਜੋਂ ਕੰਮ ਕੀਤਾ। ਕਾਂਗਰਸ ਪਾਰਟੀ ਵਿੱਚ ਵੀ ਉੱਚ ਅਹੁਦਿਆਂ ਤੇ ਕੰਮ ਕਰਨ ਤੋਂ ਇਲਾਵਾ ਉਨ੍ਹਾਂ ਸ਼ਹੀਦ ਭਗਤ ਸਿੰਘ ਨਾਲ ਰਲ ਕੇ ਨੌਜਵਾਨ ਭਾਰਤ ਸਭਾ ਦਾ ਗਠਨ ਕੀਤਾ। ਉਹ ਕਿਰਤੀ ਕਿਸਾਨ ਪਾਰਟੀ ਅਤੇ ਕਮਿਊਨਿਸਟ ਪਾਰਟੀ ਦੇ ਮੋਢੀਆਂ ਵਿੱਚੋਂ ਇੱਕ ਸਨ। ਕਾ: ਬਲਵਿੰਦਰ ਦੁਧਾਲਾ ਨੇ ਕਿਹਾ ਕਿ ਦੇਸ਼ ਵਿੱਚੋਂ ਫਾਸ਼ੀਵਾਦੀ ਤਾਕਤਾਂ ਨੂੰ ਭਾਂਜ ਦੇਣ ਲਈ ਜ਼ਰੂਰੀ ਹੈ ਕਿ ਕਾ: ਜੋਸ਼ ਦੇ ਨਕਸ਼ੇ ਕਦਮਾਂ 'ਤੇ ਚੱਲਿਆ ਜਾਵੇ। ਉਨ੍ਹਾਂ ਮਜ਼ਦੂਰਾਂ ਕਿਸਾਨਾਂ ਅਤੇ ਦਬਲੇ ਕੁਚਲੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ 16 ਸਾਲ ਤੱਕ ਜੇਲ੍ਹ ਕੱਟੀ। ਕਾਮਰੇਡ ਬਲਕਾਰ ਦੁਧਾਲਾ ਨੇ ਕਿਹਾ ਕਿ ਉਨ੍ਹਾਂ ਪੱਤਰਕਾਰੀ ਦੇ ਖੇਤਰ ਵਿੱਚ ਵੀ ਵਡਮੁੱਲਾ ਯੋਗਦਾਨ ਪਾਇਆ। ਉਨ੍ਹਾਂ ਕਿਰਤੀ ਉਪਰੰਤ ਸ਼ੁਰੂ ਕੀਤੇ ਗਏ 'ਜੰਗੇ ਆਜ਼ਾਦੀ' ਅਤੇ 1952 ਵਿੱਚ ਸ਼ੁਰੂ ਕੀਤੇ ਉਰਦੂ ਪੇਪਰ ਨਇਆ ਜ਼ਮਾਨਾ ਤੇ 1956 ਵਿੱਚ ਸ਼ੁਰੂ ਹੋਏ 'ਨਵਾਂ ਜਮਾਨਾ' ਅਖਬਾਰ ਦੇ ਐਡੀਟਰ ਦੇ ਤੌਰ 'ਤੇ ਕੰਮ ਕੀਤਾ। ਉਨਾਂ ਇਤਿਹਾਸਕ ਕਿਤਾਬਾਂ ਜਿਹਨਾਂ ਵਿੱਚ ਅਕਾਲੀ ਮੋਰਚਿਆਂ ਦਾ ਇਤਿਹਾਸ, ਗਦਰ ਪਾਰਟੀ ਦਾ ਇਤਿਹਾਸ ਅਤੇ ਆਪਣੀ ਸਵੈ ਜੀਵਨੀ ਸਮੇਤ ਕਈ ਕਿਤਾਬਾਂ ਦੀ ਰਚਨਾ ਕੀਤੀ। ਇਸ ਸਮੇਂ ਸੰਬੋਧਨ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਡਾ. ਸਤਨਾਮ ਸਿੰਘ ਅਜਨਾਲਾ ਪ੍ਰਧਾਨ ਜਮਹੂਰੀ ਕਿਸਾਨ ਸਭਾ, ਬਲਵਿੰਦਰ ਸਿੰਘ ਦੁਧਾਲਾ, ਸੁਖਵੰਤ ਸਿੰਘ ਚੇਤਨਪੁਰਾ, ਟਹਿਲ ਸਿੰਘ ਚੇਤਨਪੁਰਾ, ਹੁਸ਼ਿਆਰ ਸਿੰਘ ਝੰਡੇਰ, ਨਰਿੰਦਰ ਬੱਲ, ਬਲਕਾਰ ਸਿੰਘ ਦੁਧਾਲਾ, ਗੁਰਦੀਪ ਸਿੰਘ ਗੁਰੂਵਾਲੀ, ਕੁਲਵੰਤ ਸਿੰਘ ਮੱਲੂ ਨੰਗਲ, ਮੰਗਲ ਸਿੰਘ ਖਜਾਲਾ, ਗੁਰਮੁਖ ਸਿੰਘ ਸ਼ੇਰਗਿੱਲ ਅਤੇ ਜਗਜੀਤ ਸਿੰਘ ਅਲੂਣਾ ਨੇ ਵੀ ਸੰਬੋਧਨ ਕੀਤਾ। ਇਸ ਸਮੇਂ ਹੋਰ ਹਾਜ਼ਰ ਸ਼ਖਸੀਅਤਾਂ ਵਿੱਚ ਅਮਰਜੀਤ ਸਿੰਘ ਗਿੱਲ, ਕਾ: ਬਲਜਿੰਦਰ ਸਿੰਘ, ਕਾ: ਜੋਗਾ ਸਿੰਘ, ਬਲਰਾਜ ਸਿੰਘ ਗਿੱਲ, ਨਿਰੰਜਨ ਸਿੰਘ ਦਬੁਰਜੀ, ਕੁਲਵੰਤ ਸਿੰਘ ਗਿੱਲ ਆਦਿ ਦੇ ਨਾਂਅ ਸ਼ਾਮਲ ਹਨ।

## ਏ ਡੀ ਸੀ ਨੇ ਮਾਲ ਅਧਿਕਾਰੀਆਂ ਨਾਲ ਕੀਤੀ ਮੀਟਿੰਗ

### ਸਟੈਂਪਸ ਤੇ ਰਜਿਸਟਰੇਸ਼ਨ ਸੰਬੰਧੀ ਰਿਕਵਰੀ ਦੀ ਕੀਤੀ ਸਮੀਖਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ ਭੁੱਲਰ ਨੇ ਵੱਖ-ਵੱਖ ਵਿਭਾਗਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਵੱਲੋਂ ਚਲਾਏ ਜਾ ਰਹੇ ਪ੍ਰੋਗਰਾਮਾਂ ਅਤੇ ਯੋਜਨਾਵਾਂ ਦੀ ਪ੍ਰਗਤੀ ਦੀ ਦੀ ਮੌਜੂਦਾ ਸਥਿਤੀ ਦੀ ਜਾਣਕਾਰੀ ਲਈ ਗਈ। ਵਧੀਕ ਡਿਪਟੀ ਕਮਿਸ਼ਨਰ ਨੇ ਸਟੈਂਪਸ ਅਤੇ ਰਜਿਸਟਰੇਸ਼ਨ ਨਾਲ ਜੁੜੀ ਰਿਕਵਰੀ ਦਾ ਵਿਸਥਾਰ ਨਾਲ ਜਾਇਜ਼ਾ ਲਿਆ। ਉਨ੍ਹਾਂ ਲੰਬਿਤ ਜ਼ਮੀਨੀ ਮਾਮਲਿਆਂ ਦੇ ਬਕਾਏ ਦੀ ਵਸੂਲੀ



ਵਿਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਭੂਮੀ ਪ੍ਰਾਪਤੀ ਦੇ ਚੱਲ ਰਹੇ ਮਾਮਲਿਆਂ ਦੀ ਸਥਿਤੀ ਰਿਪੋਰਟ, ਖਸਰਾ ਵਾਈਜ਼ ਮੈਪਿੰਗ, ਮੁਸਾਫੀ ਕੈਂਡਸਟ੍ਰਲ ਡਿਜੀਟਾਈਜੇਸ਼ਨ, ਜਮ੍ਹਾਬੰਦੀ, ਡਿਜੀਟਲ ਕਰਾਪ ਸਰਵੇ ਅਤੇ ਵਿਸਥਾਰ ਨਾਲ ਸਮੀਖਿਆ ਕੀਤੀ। ਇਸ ਦੌਰਾਨ ਮਾਲ ਵਿਭਾਗ ਦੇ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਨੇ ਮਾਲ ਸਬੰਧੀ ਵੱਖ-ਵੱਖ ਮਾਮਲਿਆਂ, ਯੋਜਨਾਵਾਂ ਅਤੇ ਲੰਬਿਤ ਕੰਮਾਂ ਦੀ ਗੰਭੀਰਤਾ ਨਾਲ ਸਮੀਖਿਆ ਕੀਤੀ ਅਤੇ ਅਧਿਕਾਰੀਆਂ ਨੂੰ ਨਿਸ਼ਚਿਤ ਸਮੇਂ ਵਿਚ ਕੰਮ ਪੂਰਨ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗ ਵਿਚ ਈਜ਼ੀ ਰਜਿਸਟਰੇਸ਼ਨ ਅਤੇ ਮੁਕੇਰੀਆਂ ਤਹਿਸੀਲ ਕੰਪਲੈਕਸ ਦੇ ਨਵੀਨੀਕਰਨ ਸਬੰਧੀ ਪ੍ਰਗਤੀ 'ਤੇ ਚਰਚਾ ਹੋਈ। ਇਸ ਦੇ ਨਾਲ ਹੀ 'ਮੇਰਾ ਘਰ ਮੇਰੇ ਨਾਮ' ਸਕੀਮ ਈਜ਼ੀ ਜਮ੍ਹਾਬੰਦੀ ਸੇਵਾਵਾਂ (ਆਨਲਾਈਨ ਸੇਵਾਵਾਂ, ਮਿਊਟੇਸ਼ਨ, ਰਪਟ, ਫਰਦ ਬਦਰ, ਬੈਂਕ ਲਾਗਇਨ ਆਈ.ਡੀ. ਬਣਾਉਣ ਆਦਿ) ਦੀ ਸਮੀਖਿਆ ਕੀਤੀ ਗਈ। ਮੀਟਿੰਗ ਵਿਚ ਡਿਸਟ੍ਰਿਕਟ ਮਿਨਰਲ ਫਾਊਂਡੇਸ਼ਨ ਦੇ ਕੰਮਾਂ ਦੀ ਪ੍ਰਗਤੀ 'ਤੇ ਵੀ ਵਿਸਥਾਰ ਨਾਲ ਖਰਚਾ ਹੋਈ। ਵਧੀਕ ਡਿਪਟੀ ਕਮਿਸ਼ਨਰ ਅਮਰਬੀਰ ਕੌਰ ਭੁੱਲਰ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਮਾਲ ਵਿਭਾਗ ਦੀਆਂ ਸਾਰੀਆਂ ਸੇਵਾਵਾਂ ਆਮ ਜਨਤਾ ਨੂੰ ਆਸਾਨ ਅਤੇ ਪਾਰਦਰਸ਼ੀ ਢੰਗ ਨਾਲ ਉਪਲਬੱਧ ਕਰਵਾਈਆਂ ਜਾਣ।

## ਜ਼ਿਲ੍ਹਾ ਖੇਡ ਅਫ਼ਸਰ ਵੱਲੋਂ ਤੇਜਪ੍ਰਤਾਪ ਨੂੰ ਸਥਾਨ ਹਾਸਲ ਕਰਨ 'ਤੇ ਮੁਬਾਰਕਬਾਦ



**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਜ਼ਿਲ੍ਹਾ ਖੇਡ ਅਫ਼ਸਰ ਤਰਨ ਤਾਰਨ ਸਤਵੰਤ ਕੌਰ ਨੇ ਐਥਲੈਟਿਕਸ ਖਿਡਾਰੀ ਤੇਜਪ੍ਰਤਾਪ ਸਿੰਘ ਵੱਲੋਂ ਈਵੈਂਟ 400 ਮੀਟਰ ਹਰਡਲਜ਼ ਸੀਨੀਅਰ ਸਟੇਟ ਗੋਲਡ ਮੈਡਲ ਗਰੇਡ ਪਿਕਸ-3 ਵਿੱਚ ਤੀਸਰਾ ਸਥਾਨ ਹਾਸਲ ਕਰਨ 'ਤੇ ਮੁਬਾਰਕਬਾਦ ਦਿੱਤੀ । ਸ੍ਰੀ ਗੁਰੂ ਅਰਜਨ ਦੇਵ ਖੇਡ ਸਟੇਡੀਅਮ (ਸਿੰਥੈਟਿਕਸ ਟਰੈਕ) ਤਰਨ ਤਾਰਨ ਦੇ ਐਥਲੈਟਿਕਸ ਖਿਡਾਰੀ ਤੇਜਪ੍ਰਤਾਪ ਸਿੰਘ ਪੁ ਨੇ ਈਵੈਂਟ 400 ਮੀਟਰ ਹਰਡਲਜ਼ ਸੀਨੀਅਰ ਸਟੇਟ ਗੋਲਡ ਮੈਡਲ ਗਰੇਡ ਪਿਕਸ-3 ਜਿਲ੍ਹਾ ਲੁਧਿਆਣਾ ਵਿਖੇ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ ਅਤੇ ਉਸ ਨੇ ਸੀਨੀਅਰ ਨੈਸ਼ਨਲ ਵਿੱਚ ਭਾਗ ਲਿਆ ਹੈ। ਜ਼ਿਲ੍ਹਾ ਖੇਡ ਅਫ਼ਸਰ ਨੇ ਦੱਸਿਆ ਕਿ ਇਸ ਖਿਡਾਰੀ ਦਾ ਪਰਸਨਲ ਬੈਸਟ 400 ਮੀਟਰ ਹਰਡਲਜ਼ ਦਾ 51.67 ਸੈਕਿੰਡ ਦਾ ਸਮਾਂ ਰਿਹਾ । ਖਿਡਾਰੀ ਤੇਜਪ੍ਰਤਾਪ ਸਿੰਘ ਦੀ (ਨੈਸ਼ਨਲ ਕੈਂਪ ਆਫ਼ ਐਕਸੀਲੈਂਸੀ) ਇੰਡੀਆ ਕੈਂਪ ਵਿੱਚ ਸਿਲੈਕਸ਼ਨ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਖਿਡਾਰੀ ਨੇ ਜ਼ਿਲ੍ਹਾ ਤਰਨ ਤਾਰਨ ਦਾ ਨਾਮ ਰੌਸ਼ਨ ਕੀਤਾ।ਇਸ ਮੌਕੇ ਤੇ ਸਤਵੰਤ ਕੌਰ ਜ਼ਿਲ੍ਹਾ ਖੇਡ ਅਫਸਰ ਨੇ ਖਿਡਾਰੀ ਅਤੇ ਖਿਡਾਰੀ ਦੇ ਕੋਚ ਕੁਲਵਿੰਦਰ ਸਿੰਘ ਐਥਲੈਟਿਕਸ ਕੋਚ ਨੂੰ ਮੁਬਾਰਕਾਂ ਦਿੱਤੀਆਂ। ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਅਤੇ ਸਮੂਹ ਸਟਾਫ ਵੱਲੋਂ ਖਿਡਾਰੀ ਨੂੰ ਸ਼ੁੱਭ ਇਛਾਵਾਂ ਦੇ ਕੇ ਕੈਂਪ ਲਈ ਰਵਾਨਾ ਕੀਤਾ ਗਿਆ।

## ਸੁਖਮਨੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵੱਲੋਂ ਫਰੈਸ਼ਰ ਪਾਰਟੀ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਸੁਖਮਨੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵੱਲੋਂ ਵਿਦਿਆਰਥੀਆਂ ਦੇ ਨਵੇਂ ਬੈਚ ਦਾ ਬਹੁਤ ਉਤਸ਼ਾਹ ਅਤੇ ਜਸ਼ਨ ਨਾਲ ਸਵਾਗਤ ਕਰਨ ਲਈ ਆਪਣੀ ਸਾਲਾਨਾ ਫਰੈਸ਼ਰ ਪਾਰਟੀ 'ਆਗਾਜ਼ 2025' ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੀ ਮੁੱਖ ਗੱਲ ਬਾਲੀਵੁੱਡ ਦੀ ਪ੍ਰਸਿੱਧ ਗਾਇਕਾ ਅਫ਼ਸਾਨਾ ਖਾਨ ਦਾ ਮਨਮੋਹਕ ਲਾਈਵ ਪ੍ਰਦਰਸ਼ਨ ਸੀ, ਜਿਸ ਨੇ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ।ਇਸ ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਕੰਵਲਜੀਤ ਸਿੰਘ ਚੇਅਰਮੈਨ ਐਸ ਐਸ ਜੀ ਆਈ, ਡਾ. ਦਮਨਜੀਤ ਸਿੰਘ, (ਡਾਇਰੈਕਟਰ ਐਸ ਐਸ ਜੀ ਆਈ) ਅਤੇ ਕੰਵਲਜੀਤ ਕੌਰ ਦੇ ਨਿੱਘੇ ਸਵਾਗਤ ਨਾਲ ਹੋਈ। ਕਾਲਜ ਵਿੱਚ ਨਵੇਂ ਦਾਖਲ ਹੋਏ ਵਿਦਿਆਰਥੀਆਂ ਦਾ ਸਵਾਗਤ ਕਰਨ ਅਤੇ ਮਨੋਰੰਜਨ ਕਰਨ ਲਈ ਹੀ ਨਹੀਂ ਬਲਕਿ ਸਟਾਫ ਅਤੇ ਫੈਕਲਟੀ ਦਾ ਮਨੋਰੰਜਨ ਕਰਨ ਲਈ ਵੀ ਕਈ ਸੱਭਿਆਚਾਰਕ ਪ੍ਰੋਗਰਾਮ ਆਯੋਜਿਤ ਕੀਤੇ ਗਏ।ਸ਼ਾਮ ਦਾ ਇੱਕ ਮੁੱਖ ਆਕਰਸ਼ਣ ਮਿਸਟਰ ਐਂਡ ਮਿਸ ਫਰੈਸ਼ਰ ਮੁਕਾਬਲਾ ਸੀ। ਖਿਤਾਬ ਪ੍ਰਾਪਤ ਕਰਨ ਵਾਲੇ ਸਨ : ਮਿਸਟਰ ਐਂਡ ਮਿਸ ਫਰੈਸ਼ਰਜ਼ (ਐਸ ਐਸ ਆਈ ਐਚਐਮ) ਅਮਨਿੰਦਰ ਸਿੰਘ ਅਤੇ ਪਰਮਿੰਦਰ ਕੌਰ ਲਈ; ਮਿਸਟਰ ਐਂਡ ਮਿਸ ਫਰੈਸ਼ਰਜ਼ (ਐਸਐਸ ਆਈ ਈਟੀ) ਅਨਮੋਲ ਅਤੇ ਨਿਕਿਤਾ: ਮਿਸਟਰ ਐਂਡ ਮਿਸ ਫਰੈਸ਼ਰਜ਼ (ਐਸ ਐਸ ਆਈ ਪੀ) ਉਤਕਰਸ਼ ਅਤੇ ਪ੍ਰੀਸ਼ਾ: ਮਿਸਟਰ ਐਂਡ ਮਿਸ ਫਰੈਸ਼ਰਜ਼ (ਐਸ ਐਸ ਡੀ ਸੀਐਚ) ਹਰਮਨਦੀਪ ਅਤੇ ਅਰਸ਼ੀਆ ਮਿਸਟਰ ਐਂਡ ਮਿਸ ਫਰੈਸ਼ਰਜ਼ (ਐਸ ਐਸ ਸੀ ਐਲ) ਸਮਰਵੀਰ ਅਤੇ ਕਥਰੀਨ ਮਿਸਟਰ ਐਂਡ ਮਿਸ



ਫਰੈਸ਼ਰਜ਼ (ਐਸ ਐਸ ਪੀ) ਯਸ਼ ਅਤੇ ਜਸ਼ਨਪ੍ਰੀਤ। ਹਿਮਾਂਸ਼ੂ ਅਤੇ ਪਰਨੀਤ ਨੇ ਮਿਸਟਰ ਹੈਂਡਸਮ ਅਤੇ ਮਿਸ ਐਲੀਗੈਂਸ ਦੇ ਖਿਤਾਬ ਜਿੱਤੇ।ਜਿਵੇਂ ਹੀ ਅਫ਼ਸਾਨਾ ਖਾਨ ਨੇ ਸਟੇਜ ਸੰਭਾਲੀ, ਪੂਰਾ ਸਥਾਨ ਤਾੜੀਆਂ ਨਾਲ ਗੂੰਜ ਉੱਠਿਆ। ਵਿਦਿਆਰਥੀ ਉਸ ਦੇ ਚਾਰਟ-ਟੌਪਿੰਗ ਹਿੱਟ ਗੀਤਾਂ ਜਿਵੇਂ ਕਿ ਧੋਖੇਬਾਜ਼ ਮੈਂ ਰਹਿਕਰ ਧੋਖੇਬਾਜ਼ ਬਣ ਗਏ, ਤਿਤਲੀਆਂ ਵਰਗਾ ਅਤੇ ਕਈ ਹੋਰ ਸੁਪਰਹਿੱਟ ਗੀਤਾਂ 'ਤੇ ਉਤਸ਼ਾਹ ਨਾਲ ਨੱਚਿਆ।ਕਾਲਜ ਪ੍ਰਸ਼ਾਸਨ ਦੇ ਸਮਰਪਿਤ ਯਤਨਾਂ ਸਦਕਾ ਇਹ ਪ੍ਰੋਗਰਾਮ ਸ਼ਾਨਦਾਰ ਸਫਲਤਾ ਨੂੰ ਪ੍ਰਾਪਤ ਹੋਇਆ। ਇਸ ਮੌਕੇ ਸੰਸਥਾ ਦੇ ਚੇਅਰਮੈਨ ਕੰਵਲਜੀਤ ਸਿੰਘ ਅਤੇ ਡਾਇਰੈਕਟਰ ਦਮਨਜੀਤ ਸਿੰਘ ਨੇ ਕਿਹਾ ਕਿ ਅਜਿਹੇ ਸੱਭਿਆਚਾਰਕ ਪ੍ਰੋਗਰਾਮ ਨਾ ਸਿਰਫ਼ ਵਿਦਿਆਰਥੀਆਂ ਦਾ ਮਨੋਰੰਜਨ ਕਰਦੇ ਹਨ ਬਲਕਿ ਉਨ੍ਹਾਂ ਵਿੱਚ ਵਿਸ਼ਵਾਸ, ਟੀਮ ਵਰਕ ਅਤੇ ਭਾਈਚਾਰੇ ਦੀ ਭਾਵਨਾ ਪੈਦਾ ਕਰਨ ਵਿੱਚ ਵੀ ਮਦਦ ਕਰਦੇ ਹਨ।

## ਹਰ ਨਾਗਰਿਕ ਦੀ ਜ਼ਿੰਮੇਵਾਰੀ ਨਾਲ ਹੀ ਸੁਰੱਖਿਅਤ ਰਹੇਗਾ ਭਾਰਤ : ਸਲਾਰੀਆ

**ਪਠਾਨਕੋਟ, ਬਟਾਲਾ (ਤਰਲੋਕ ਬੱਗਾ)**- ਦੇਸ਼ ਦੀ ਸੁਰੱਖਿਆ ਅੱਜ ਇੱਕ ਐਸਾ ਵਿਸ਼ਾ ਬਣ ਚੁੱਕਾ ਹੈ ਜਿਸ 'ਤੇ ਹਰ ਨਾਗਰਿਕ ਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਇਹ ਸ਼ਬਦ ਅੰਤਰਰਾਸ਼ਟਰੀ ਸੰਸਥਾ ਪੀਸੀਟੀ ਹਿਊਮੈਨਿਟੀ ਦੇ ਸੰਸਥਾਪਕ ਜੋਗਿੰਦਰ ਸਿੰਘ ਸਲਾਰੀਆ ਨੇ ਕਹੇ। ਉਨ੍ਹਾਂ ਕਿਹਾ ਕਿ ਜਦ ਤੱਕ ਦੇਸ਼ ਦਾ ਹਰ ਵਿਅਕਤੀ ਆਪਣੀ ਜ਼ਿੰਮੇਵਾਰੀ ਨਹੀਂ ਸਮਝੇਗਾ, ਤਦ ਤੱਕ ਸੁਰੱਖਿਆ ਪ੍ਰਣਾਲੀ ਮਜ਼ਬੂਤ ਨਹੀਂ ਹੋ ਸਕਦੀ। ਪਿਛਲੇ ਕੁਝ ਸਾਲਾਂ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਹੋਈਆਂ ਸ਼ੱਕੀ ਘਟਨਾਵਾਂ ਅਤੇ ਹਮਲਿਆਂ ਨੇ ਇਹ ਸਾਬਤ ਕੀਤਾ ਹੈ ਕਿ ਸੁਰੱਖਿਆ ਸਿਰਫ਼ ਪੁਲਸ ਜਾਂ ਫੌਜ ਦੀ ਨਹੀਂ, ਸਗੋਂ ਹਰ ਨਾਗਰਿਕ ਦੀ ਜ਼ਿੰਮੇਵਾਰੀ ਵੀ ਹੈ। ਸਲਾਰੀਆ ਨੇ ਕਿਹਾ ਕਿ ਅੱਜਕਲ੍ਹ ਦੇ ਸਮੇਂ ਵਿੱਚ ਬਹੁਤ ਲੋਕ ਆਪਣੇ ਘਰ ਜਾਂ ਦੁਕਾਨ ਬਿਨਾਂ ਕਿਸੇ ਜਾਂਚ-ਪੜਤਾਲ ਦੇ ਕਿਰਾਏ 'ਤੇ ਦੇ ਦਿੰਦੇ ਹਨ, ਜੋ ਬਹੁਤ ਹੀ ਖਤਰਨਾਕ ਰੁਝਾਨ ਹੈ। ਕਈ ਵਾਰ ਐਸੇ ਮਾਮਲੇ ਸਾਹਮਣੇ ਆਏ ਹਨ ਜਿੱਥੇ ਸ਼ੱਕੀ ਲੋਕਾਂ ਨੇ



ਜਾਲਸਾਜ਼ੀ ਕਰਕੇ ਕਿਰਾਏ 'ਤੇ ਘਰ ਜਾਂ ਦੁਕਾਨ ਲਈ ਅਤੇ ਬਾਅਦ ਵਿੱਚ ਉੱਥੋਂ ਅਪਰਾਧਿਕ ਜਾਂ ਆਤੰਕੀ ਗਤੀਵਿਧੀਆਂ ਨੂੰ ਅੰਜਾਮ ਦਿੱਤਾ। ਇਸ ਤਰ੍ਹਾਂ ਦੀਆਂ ਘਟਨਾਵਾਂ ਨਾ ਸਿਰਫ਼ ਦੇਸ਼ ਦੀ ਸੁਰੱਖਿਆ ਲਈ ਖਤਰਾ ਹਨ, ਸਗੋਂ ਸਮਾਜ ਲਈ ਵੀ ਚਿੰਤਾ ਦਾ ਕਾਰਨ ਬਣਦੀਆਂ ਹਨ। ਸਲਾਰੀਆ ਨੇ ਕਿਹਾ ਕਿ ਹਰ ਵਿਅਕਤੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਕਿਰਾਏਦਾਰੀ ਸਿਰਫ਼ ਆਰਥਿਕ ਲੈਣ-ਦੇਣ ਦਾ ਮਾਮਲਾ ਨਹੀਂ, ਸਗੋਂ ਇਹ ਰਾਸ਼ਟਰੀ ਸੁਰੱਖਿਆ ਨਾਲ ਵੀ ਜੁੜਿਆ ਹੋਇਆ ਹੈ। ਕਿਸੇ ਨੂੰ ਵੀ ਘਰ ਜਾਂ ਦੁਕਾਨ ਕਿਰਾਏ 'ਤੇ ਦੇਣ ਤੋਂ ਪਹਿਲਾਂ ਉਸਦੀ ਪੂਰੀ ਜਾਂਚ ਕਰਨੀ ਲਾਜ਼ਮੀ ਹੈ। ਕਿਰਾਏਦਾਰ ਦੇ ਆਧਾਰ ਕਾਰਡ, ਪੈਨ ਕਾਰਡ, ਵੋਟਰ ਆਈਡੀ, ਡਰਾਈਵਿੰਗ ਲਾਇਸੈਂਸ ਜਾਂ ਕਿਸੇ ਹੋਰ ਸਰਕਾਰੀ ਪਛਾਣ ਪੱਤਰ ਦੀ ਕਾਪੀ ਲੈਣੀ ਚਾਹੀਦੀ ਹੈ। ਨਾਲ ਹੀ, ਇੱਕ ਲਿਖਤੀ ਕਿਰਾਇਆਨਾਮਾ ਤਿਆਰ ਕਰਵਾ ਕੇ ਉਸ ਦੀ ਕਾਨੂੰਨੀ ਪ੍ਰਮਾਣਿਕਤਾ ਸਬੰਧੀ ਕਾਰਵਾਈ ਕਰਨੀ ਚਾਹੀਦੀ ਹੈ। ਇਸ ਦੇ ਨਾਲ ਨਾਲ ਕਿਰਾਏਦਾਰ ਦੀ ਜਾਣਕਾਰੀ ਨੇੜਲੇ ਪੁਲਸ ਥਾਣੇ ਵਿੱਚ ਦਰਜ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਜੋ ਹਮਲੇ ਅਤੇ ਅਸਮਾਜਿਕ ਘਟਨਾਵਾਂ ਹੋ ਰਹੀਆਂ ਹਨ, ਉਹ ਕਿਸੇ ਨਾ ਕਿਸੇ ਤਰੀਕੇ ਨਾਲ ਸਾਡੀ ਲਾਪਰਵਾਹੀ ਦਾ ਨਤੀਜਾ ਹਨ। ਅਸੀਂ ਅਕਸਰ ਥੋੜ੍ਹੇ ਆਰਥਿਕ ਲਾਭ ਲਈ ਆਪਣੀ ਜ਼ਿੰਮੇਵਾਰੀ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ।

## ਹੈਰੋਇਨ ਸਮੇਤ ਨੌਜਵਾਨ ਕਾਬੂ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਥਾਣਾ ਧਾਰੀਵਾਲ ਦੀ ਪੁਲੀਸ ਨੇ 10 ਗ੍ਰਾਮ ਹੈਰੋਇਨ ਸਮੇਤ ਇਕ ਨੌਜਵਾਨ ਨੂੰ ਕਾਬੂ ਕਰਕੇ ਉਸ ਵਿਰੁੱਧ ਐਨ ਡੀ ਪੀ ਐਸ ਐਕਟ ਤਹਿਤ ਮੁੱਕਦਮਾ ਦਰਜ ਕੀਤਾ ਹੈ। ਥਾਣਾ ਧਾਰੀਵਾਲ ਦੇ ਏ ਐਸ ਆਈ ਬਲਬੀਰ ਸਿੰਘ ਨੇ ਸਮੇਤ ਪੁਲਸ ਪਾਰਟੀ ਭੈੜੇ ਪੁਰਸ਼ਾਂ ਦੀ ਤਲਾਸ਼ ਵਿੱਚ ਗਸ਼ਤ ਦੌਰਾਨ ਸ਼ਹਿਰ ਦੇ ਬਾਹਰਵਾਰ ਤਰੀਜਾ ਨਗਰ ਮੋੜ ਨੈਸ਼ਨਲ ਹਾਈਵੇਅ ਬਾਈਪਾਸ ਧਾਰੀਵਾਲ ਤੋਂ ਸ਼ੱਕ ਦੇ ਇਕ ਨੌਜਵਾਨ ਨੂੰ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਸ ਕੋਲੋਂ ਮਿਲੇ ਮੋਮੀ ਲਿਫਾਫੇ ਵਿੱਚੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਮੁਲਜ਼ਮ ਦੀ ਪਛਾਣ ਰੋਹਿਤ ਪੁੱਤਰ ਤਰਸੇਮ ਵਾਸੀ ਮਿੱਲ ਕੁਆਟਰ ਵਾਰਡ ਨੰਬਰ 10 ਧਾਰੀਵਾਲ ਵਜੋਂ ਹੋਈ।

## ਪ੍ਰਕਾਸ਼ ਉਤਸਵ ਮੌਕੇ ਵਿਦਿਆਰਥੀਆਂ ਨੂੰ ਜਾਣਕਾਰੀ ਮੁਹੱਈਆ

**ਅੰਮ੍ਰਿਤਸਰ (ਅਰੋੜਾ)**- ਗੁਰੂ ਕੀ ਨਗਰੀ ਵਿਖੇ ਦੇਸ਼ ਅਤੇ ਸਮਾਜ ਭਲਾਈ ਕੰਮਾਂ ਵਿੱਚ ਹਮੇਸ਼ਾ ਅੱਗੇ ਰਹਿਣ ਵਾਲੀ ਸੰਸਥਾ ਲੋੜਵੰਦ ਪਰਵਾਰਾਂ ਦੇ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇ ਨਾਲ ਨਾਲ ਕੰਪਿਊਟਰ ਸਿੱਖਿਆ, ਪੁਸਤਕਾਂ, ਕੱਪੜੇ ਅਤੇ ਹੋਰ ਸਮੱਗਰੀ



ਮੁਹੱਈਆ ਕਰਵਾਉਣ ਵਾਲੀ ਏ ਆਈ ਸੀ ਈ ਸੁਸਾਇਟੀ ਰਜਿ. ਵੱਲੋਂ ਸੋਸਾਇਟੀ ਦੇ ਪੈਟਰਨ ਸਾਬਕਾ ਉੱਚ ਬੈਂਕ ਅਧਿਕਾਰੀ ਰਸਜੀਤ ਸਿੰਘ ਖੇੜਾ ਅਤੇ ਚੀਫ਼ ਐਡਵਾਈਜ਼ਰ ਸਾਬਕਾ ਜ਼ਿਲ੍ਹਾ ਖਜ਼ਾਨਾ ਅਧਿਕਾਰੀ ਵਿਜੇ ਭਸੀਨ ਦੀ ਦੇਖ ਰੇਖ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਮੌਕੇ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਰਸਜੀਤ ਸਿੰਘ ਖੇੜਾ ਅਤੇ ਵਿਜੇ ਭਸੀਨ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਮੌਕੇ ਕਈ ਤਰ੍ਹਾਂ ਦੀ ਬਹੁਮੁੱਲੀ ਜਾਣਕਾਰੀ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਈ। ਸਮਾਗਮ ਦੇ ਅੰਤ ਵਿੱਚ ਵਿਦਿਆਰਥੀਆਂ ਨੂੰ ਖਾਣ ਪੀਣ ਦੀ ਸਮੱਗਰੀ ਦੇ ਡੱਬੇ ਪ੍ਰਸ਼ਾਦ ਦੇ ਰੂਪ ਵਿੱਚ ਵੰਡੇ ਗਏ। ਇਸ ਮੌਕੇ ਮਹਾਂ ਮੀਤ ਪ੍ਰਧਾਨ ਸੰਜੇ ਮਲਿਕ, ਸੀਨੀਅਰ ਮੈਂਬਰ ਅੰਦੇਸ਼ ਭੱਲਾ, ਡਾ. ਕੁਲਦੀਪ ਸਿੰਘ ਅਰੋੜਾ, ਅਸ਼ੋਕ ਗ੍ਰੋਵਰ, ਡਾ. ਜਸਪ੍ਰੀਤ ਗ੍ਰੋਵਰ, ਡਾ. ਨਰੇਸ਼ ਗ੍ਰੋਵਰ, ਡਾ. ਰਕੇਸ਼ ਅਰੋੜਾ, ਡਾ. ਰਮਨ ਗੁਪਤਾ, ਜਸਪਾਲ ਸਿੰਘ ਲੰਬ, ਸੈਂਟਰ ਦੀ ਮੁੱਖ ਅਧਿਆਪਕ ਮੈਡਮ ਕਮਲਦੀਪ ਕੌਰ, ਮੈਡਮ ਪੂਨੀਤ, ਮੈਡਮ ਪ੍ਰੀਤੀ, ਆਸ਼ੂ ਪਹਿਲਵਾਨ ਸਹਿਤ ਸਮੂਹ ਮੈਂਬਰ ਮੌਜੂਦ ਸਨ।

## ਬੇਜ਼ਮੀਨੇ-ਸਾਧਨਹੀਨ ਪੇਂਡੂ ਕਿਰਤੀ ਪਰਵਾਰਾਂ ਦੀਆਂ ਮੰਗਾਂ ਸੰਬੰਧੀ ਪੰਜਾਬ ਸਰਕਾਰ ਨੂੰ ਮੰਗ ਪੱਤਰ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਦਿਹਾਤੀ ਮਜ਼ਦੂਰ ਸਭਾ ਪੰਜਾਬ ਵੱਲੋਂ ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਹੜ੍ਹਾਂ/ਬਾਰਿਸ਼ਾਂ ਦੌਰਾਨ ਹੋਏ ਭਾਰੀ ਨੁਕਸਾਨ ਦਾ ਯੋਗ ਮੁਆਵਜ਼ਾ ਅਤੇ ਮਜ਼ਦੂਰਾਂ ਦੀਆਂ ਹੋਰ ਭਖਦੀਆਂ ਮੰਗਾਂ ਸੰਬੰਧੀ ਮੰਗ ਪੱਤਰ ਭੇਜਿਆ ਗਿਆ। ਜਿਸ ਦੀ ਅਗਵਾਈ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ, ਬਲਦੇਵ ਸਿੰਘ ਪੰਡੋਰੀ, ਜਰਨੈਲ ਸਿੰਘ ਰਸੂਲਪੁਰ, ਨਛੱਤਰ ਸਿੰਘ ਤੁੜ ਨੇ ਕੀਤੀ। ਮੰਗ ਪੱਤਰ 'ਚ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਪੰਜਾਬ 'ਚ ਹੜ੍ਹ ਤੇ ਬਾਰਸ਼ਾਂ ਨਾਲ ਹੋਏ ਭਾਰੀ ਨੁਕਸਾਨ ਦੀ ਪੂਰਤੀ ਲਈ ਅਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਯੋਗ ਮੁਆਵਜ਼ਾ ਤੁਰੰਤ ਦਿੱਤਾ ਜਾਵੇ। ਮਗਨਰੇਗਾ ਕਾਨੂੰਨ ਅਧੀਨ ਸਾਰੇ ਕਿਰਤੀ ਪਰਵਾਰਾਂ ਦੇ ਸਮੁੱਚੇ ਜੀਆਂ ਨੂੰ ਘੱਟੋ-ਘੱਟ 700 ਰੁਪਏ ਦਿਹਾੜੀ ਨਾਲ ਪੂਰਾ ਸਾਲ ਕੰਮ ਦਿੱਤਾ ਜਾਵੇ ਅਤੇ ਇਸ ਐਕਟ ਦਾ ਘੇਰਾ ਵਧਾ ਕੇ ਸ਼ਹਿਰੀ ਮਜ਼ਦੂਰਾਂ ਨੂੰ ਵੀ ਬੱਝਵਾਂ ਰੁਜ਼ਗਾਰ ਦਿੱਤਾ ਜਾਵੇ। ਉਜ਼ਰਤ ਅਦਾਇਗੀ ਤੁਰੰਤ ਕੀਤੇ ਜਾਣ ਦੀ ਵਿਵਸਥਾ ਬਣਾਈ ਜਾਵੇ।ਨਿੱਤ ਵਧਦੀ ਮਹਿੰਗਾਈ ਨੂੰ ਸਖਤੀ ਨਾਲ ਠੱਲ੍ਹ ਪਾਉਣ ਲਈ ਜ਼ਖੀਰੇਬਾਜ਼ੀ ਨੂੰ ਨੱਥ ਪਾਈ ਜਾਵੇ, ਗਰੀਬ ਵਸੋਂ ਨੂੰ ਸਰਵਪੱਖੀ ਜਨਤਕ ਵੰਡ ਪ੍ਰਣਾਲੀ ਰਾਹੀਂ ਨਿੱਤ ਵਰਤੋਂ ਦੀਆਂ



ਸਾਰੀਆਂ ਜ਼ਰੂਰੀ ਵਸਤਾਂ ਸਰਕਾਰੀ ਡਿਪੂਆਂ ਰਾਹੀਂ ਸਸਤੇ ਭਾਅ 'ਤੇ ਮੁਹੱਈਆ ਕਰਵਾਈਆਂ ਜਾਣ, ਲੋੜਵੰਦਾਂ ਦੇ ਕੱਟੇ ਕਾਰਡ ਬਹਾਲ ਕੀਤੇ ਜਾਣ ਅਤੇ ਰਹਿੰਦੇ ਤੁਰੰਤ ਬਣਾਏ ਜਾਣ।ਬੇਘਰੇ, ਲੋੜਵੰਦਾਂ ਨੂੰ ਪਿੰਡਾਂ ਅੰਦਰ 10-10 ਮਰਲੇ ਦੇ ਰਿਹਾਇਸ਼ੀ ਪਲਾਟ ਤੇ ਮਕਾਨ ਬਣਾਉਣ ਲਈ ਘੱਟੋ-ਘੱਟ ਪੰਜ ਲੱਖ ਰੁਪਏ ਗ੍ਰਾਂਟ ਅਤੇ ਸ਼ਹਿਰਾਂ ਵਿਚ ਫਲੈਟ ਬਣਾ ਕੇ ਦਿੱਤੇ ਜਾਣ। ਬੁਢਾਪਾ-ਵਿਧਵਾ-ਅੰਗਹੀਣ-ਆਸ਼ਰਿਤ ਪੈਨਸ਼ਨ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇ ਅਤੇ ਔਰਤਾਂ ਲਈ 55 ਸਾਲ ਤੇ ਮਰਦਾਂ ਲਈ 58 ਸਾਲ ਉਮਰ ਹੱਦ ਮਿੱਥੀ ਜਾਵੇ।ਇਕਸਾਰ ਤੇ ਮਿਆਰੀ ਸਿੱਖਿਆ ਤੇ ਸਿਹਤ ਸਹੂਲਤਾਂ ਮੁਫਤ ਦੇਣ ਦਾ ਪ੍ਰਬੰਧ ਕੀਤਾ ਜਾਵੇ, ਇਨ੍ਹਾਂ ਅਦਾਰਿਆਂ 'ਚ ਖਾਲੀ ਪਈਆਂ ਲੱਖਾਂ ਅਸਾਮੀਆਂ ਪੁਰ ਕੀਤੀਆਂ ਜਾਣ। ਨਵੀਂ ਸਿੱਖਿਆ ਨੀਤੀ ਰੱਦ ਕੀਤੀ ਜਾਵੇ। ਪੀਣ ਵਾਲਾ ਸਵੱਛ ਪਾਣੀ ਸਰਕਾਰ ਵੱਲੋਂ ਮੁਫਤ ਦਿੱਤਾ ਜਾਵੇ ਅਤੇ ਗੰਦੇ ਪਾਣੀ ਦੇ ਨਿਕਾਸ ਦਾ ਯੋਗ ਪ੍ਰਬੰਧ ਕਰਕੇ ਉਦਯੋਗ-ਕਾਰਖਾਨਿਆਂ ਦਾ ਕੈਮੀਕਲ ਯੁਕਤ, ਜ਼ਹਿਰੀਲਾ ਪਾਣੀ ਕੁਦਰਤੀ ਜਲ 'ਚ ਰਲਾਉਣਾ ਸਖ਼ਤੀ ਨਾਲ ਬੰਦ ਕੀਤਾ ਜਾਵੇ।ਸਮੁੱਚੀ ਗਰੀਬ ਵੱਸੋਂ ਨੂੰ ਬਿਜਲੀ ਮੁਫ਼ਤ ਦਿੱਤੀ ਜਾਵੇ। ਧਨਾਢਾਂ ਨੂੰ ਦਿੱਤੀ ਜਾਂਦੀ ਸਬਸਿਡੀ ਬੰਦ ਕੀਤੀ ਜਾਵੇ।ਨਸ਼ਾ ਤਸਕਰੀ ਨੂੰ ਪੱਕੀ ਠੱਲ੍ਹ ਪਾਉਣ ਲਈ ਨਸ਼ਾ ਕਾਰੋਬਾਰੀਆਂ, ਭ੍ਰਿਸ਼ਟ ਸਿਆਸਤਦਾਨਾਂ ਅਤੇ ਪੁਲਸ-ਪ੍ਰਸ਼ਾਸਨ ਵਿਚਲੀਆਂ ਕਾਲੀਆਂ ਭੇਡਾਂ ਦੇ ਨਾਪਾਕ ਗਠਜੋੜ ਨਾਲ ਕਰੜੇ ਹੱਥੀਂ ਨਜਿੱਠਿਆ ਜਾਵੇ।ਜਾਤੀ-ਪਾਤੀ, ਲਿੰਗਕ ਤੇ ਸਮਾਜਿਕ ਜਬਰ-ਵਿਤਕਰਾ ਅਤੇ ਪੁਲਿਸ ਤਸ਼ੱਦਦ ਬੰਦ ਕੀਤੇ ਜਾਣ। ਮਜ਼ਦੂਰਾਂ ਸਿਰ ਚੜ੍ਹਿਆ ਸਰਕਾਰੀ, ਗੈਰ-ਸਰਕਾਰੀ ਅਤੇ ਮਾਈਕਰੋ ਫਾਇਨਾਂਸ ਕੰਪਨੀਆਂ ਦਾ ਸਾਰਾ ਕਰਜ਼ਾ ਮੁਆਫ ਕੀਤਾ ਜਾਵੇ। ਲੈਂਡ ਸੀਲਿੰਗ ਐਕਟ ਤਹਿਤ ਵਾਧੂ ਨਿਕਲਦੀ ਜ਼ਮੀਨ ਅਤੇ ਬੰਜ਼ਰ, ਨਜ਼ੂਲ ਤੇ ਸ਼ਾਮਲਾਟ ਜ਼ਮੀਨਾਂ, ਬੇਜ਼ਮੀਨੇ ਮਜ਼ਦੂਰਾਂ ਵਿਚ ਵੰਡੀਆਂ ਜਾਣ। ਪੰਚਾਇਤੀ ਜ਼ਮੀਨਾਂ ਵਿਚੋਂ ਕਾਨੂੰਨ ਅਨੁਸਾਰ ਬਣਦਾ ਦਲਿਤਾਂ ਦਾ ਤੀਜਾ ਹਿੱਸਾ ਦਿੱਤਾ ਜਾਵੇ। ਸੂਬਾ ਸਰਕਾਰ ਵੱਲੋਂ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਵਾਅਦੇ-ਗਰੰਟੀਆਂ ਫੌਰੀ ਲਾਗੂ ਕੀਤੇ ਜਾਣ, ਕੰਮ ਦੇ ਅਧਿਕਾਰ ਨੂੰ ਸੰਵਿਧਾਨ ਦੇ ਮੌਲਿਕ ਅਧਿਕਾਰਾਂ 'ਚ ਸ਼ਾਮਲ ਕਰਕੇ ਕੰਮ ਕਰਨ ਯੋਗ ਸਮੁੱਚੀ ਵਸੋਂ ਨੂੰ ਗੁਜ਼ਾਰੇਯੋਗ ਸਥਾਈ ਰੁਜ਼ਗਾਰ ਦਿੱਤਾ ਜਾਵੇ ਅਤੇ ਕੰਮ ਨਾ ਮਿਲਣ ਤੱਕ ਸਾਰੇ ਲੋੜਵੰਦਾਂ ਨੂੰ ਘੱਟੋ-ਘੱਟ 5000 ਰੁਪਏ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ। ਵਿਭਾਗਾਂ 'ਚ ਖਾਲੀ ਪਈਆਂ ਪੋਸਟਾਂ ਪੱਕੇ ਤੌਰ 'ਤੇ ਭਰੀਆਂ ਜਾਣ ਅਤੇ ਸਾਰੇ ਕੱਚੇ ਕਾਮੇ ਬਿਨਾਂ ਦੇਰੀ ਪੱਕੇ ਕੀਤੇ ਜਾਣ।ਇਸ ਮੌਕੇ ਜੋਗਿੰਦਰ ਸਿੰਘ ਖਡੂਰ ਸਾਹਿਬ, ਗੱਜਣ ਸਿੰਘ ਨਾਰਲਾ, ਕਰਮ ਸਿੰਘ ਪੰਡੋਰੀ ਆਦਿ ਆਗੂ ਹਾਜ਼ਰ ਸਨ।

## ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

**ਗੁਰਦਾਸਪੁਰ, (ਜਨਕ ਮਹਾਜਨ)**- ਜ਼ਿਲ੍ਹਾ ਗੁਰਦਾਸਪੁਰ ਪੁਲਸ ਨੇ ਚਾਰ ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਹੈ। ਥਾਣਾ ਤਿੱਬੜ ਪੁਲਸ ਦੇ ਏ.ਐਸ.ਆਈ. ਗੁਰਨਾਮ ਸਿੰਘ ਨੇ ਸਮੇਤ ਪੁਲਸ ਪਾਰਟੀ ਪੁਲ ਸੂਆਂ ਨਵਾਂ ਪਿੰਡ ਹੁੰਦਲ ਤੋਂ ਰਾਜਬੀਰ ਰਾਜਾ ਪੁੱਤਰ ਕਾਲਾ ਵਾਸੀ ਗੁਰਦਾਸਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿਚੋਂ 6 ਗਰਾਮ ਹੈਰੋਇਨ ਬਰਾਮਦ ਹੋਈ। ਇਸੇ ਤਰ੍ਹਾਂ ਥਾਣਾ ਧਾਰੀਵਾਲ ਦੇ ਏ.ਐਸ.ਆਈ. ਬਲਬੀਰ ਸਿੰਘ ਨੇ ਸਮੇਤ ਪੁਲਸ ਪਾਰਟੀ ਧਾਰੀਵਾਲ ਤੋਂ ਰੋਹਿਤ ਪੁੱਤਰ ਤਰਸੇਮ ਵਾਸੀ ਧਾਰੀਵਾਲ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬ੍ਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿਚੋਂ 10 ਗਰਾਮ ਹੈਰੋਇਨ ਬ੍ਰਾਮਦ ਹੋਈ ਹੈ। ਥਾਣਾ ਦੀਨਾਨਗਰ ਦੇ ਏ.ਐਸ.ਆਈ. ਰਵਿੰਦਰ ਸਿੰਘ ਨੇ ਰੋਡ ਖੋਜੇਪੁਰ ਤੋਂ ਅਸਵਨੀ ਕੁਮਾਰ ਪੁੱਤਰ ਸਾਮ ਲਾਲ ਵਾਸੀ ਹੁਸਿਆਰਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਉਸ ਪਾਸੋਂ ਬ੍ਰਾਮਦ ਮੋਮੀ ਲਿਫਾਫੇ ਨੂੰ ਚੈਕ ਕੀਤਾ ਜਿਸ ਵਿਚੋਂ 1 ਕਿਲੋ 18 ਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਹੋਈ ਹੈ। ਥਾਣਾ ਸਦਰ ਗੁਰਦਾਸਪੁਰ ਦੇ ਏ.ਐਸ.ਆਈ. ਕੁਲਬੀਰ ਸਿੰਘ ਨੇ ਪਿੰਡ ਹੇਮਰਾਜਪੁਰ ਤੋਂ ਕੇਵਲ ਸਿੰਘ ਉਰਫ ਮਾਣਾ ਪੁੱਤਰ ਜਸਵੰਤ ਸਿੰਘ ਵਾਸੀ ਹੇਮਰਾਜਪੁਰ ਨੂੰ 15000 ਐਮ.ਐਲ. ਸਰਾਬ ਨਜਾਇਜ਼ ਸਮੇਤ ਕਾਬੂ ਕੀਤਾ ਹੈ। ਪੁਲਸ ਇਨ੍ਹਾਂ ਵੱਖ-ਵੱਖ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਕਰ ਦਿੱਤੀ ਹੈ।

## ਮਜ਼ਦੂਰ ਮੁਕਤੀ ਮੋਰਚਾ ਪੰਜਾਬ ਆਜ਼ਾਦ ਵੱਲੋਂ ਰੋਡਵੇਜ਼ ਬਟਾਲਾ ਦੇ ਮੈਨੇਜਰ ਨੂੰ ਮੰਗ ਪੱਤਰ

**ਬਟਾਲਾ (ਤਰਲੋਕ ਬੱਗਾ)**- ਮਜ਼ਦੂਰ ਮੁਕਤੀ ਮੋਰਚਾ ਪੰਜਾਬ ਆਜ਼ਾਦ ਪੰਜਾਬ ਵੱਲੋਂ ਯੂਨੀਅਨ ਦੇ ਮਾਝਾ ਜ਼ੋਨ ਦੇ ਜਨਰਲ ਸੈਕਟਰੀ ਕਾਮਰੇਡ ਮਨਜੀਤ ਰਾਜ ਦੀ ਅਗਵਾਈ ਹੇਠ ਪੰਜਾਬ ਰੋਡਵੇਜ਼ ਬਟਾਲਾ ਦੇ ਮੈਨੇਜਰ ਨੂੰ ਇੱਕ ਮੰਗ ਪੱਤਰ ਦਿੱਤਾ ਜਿਸ ਵਿੱਚ ਉਨ੍ਹਾਂ ਕਿਹਾ ਕਿ ਬਟਾਲਾ ਬੱਸ ਸਟੈਂਡ 'ਤੇ ਬੱਸਾਂ ਦਾ ਟਾਈਮ ਟੇਬਲ ਜਲਦੀ ਲਾਇਆ ਜਾਵੇ । ਬੱਸਾਂ ਦੇ ਰੂਟ ਡੇਰਾ ਬਾਬਾ ਨਾਨਕ



ਕਲਾਨੌਰ, ਕਾਹਨੂੰਵਾਨ, ਕਾਦੀਆਂ ਅਤੇ ਜਲੰਧਰ ਲਈ ਸਪੈਸ਼ਲ ਬੱਸਾਂ ਵੀਰਵਾਰ ਅਤੇ ਐਤਵਾਰ ਨੂੰ ਚਲਾਉਣ ਦਾ ਪ੍ਰਬੰਧ ਕੀਤਾ ਜਾਵੇ ਕਿਉਂਕਿ ਐਤਵਾਰ ਲੋਕ ਬਿਆਸ ਅਤੇ ਜਲੰਧਰ ਚਰਚ ਜਾਂਦੇ ਹਨ ਅਤੇ ਅਤੇ ਜਿਨ੍ਹਾਂ ਲੋਕਾਂ ਨੇ ਜ਼ਰੂਰੀ ਅੱਗੇ ਵੀ ਜਾਣਾ ਹੁੰਦਾ ਹੈ ਉਹਨਾਂ ਨੂੰ ਸਫਰ ਕਰਨ ਵਿੱਚ ਪਾਰਸ਼ਾਨੀ ਹੁੰਦੀ ਹੈ ਅਤੇ ਬਟਾਲਾ ਬੱਸ ਸਟੈਂਡ 'ਤੇ ਕੋਈ ਟਾਇਮ ਟੇਬਲ ਨਹੀਂ ਲਿਖਿਆ ਹੁੰਦਾ। ਇਸ ਕਰਕੇ ਟਾਇਮ ਦਾ ਪਤਾ ਨਹੀਂ ਲੱਗਦਾ। ਲੋਕ ਖੱਜਲ ਖੁਰਾਬ ਹੁੰਦੇ ਹਨੇ ਉਹਨਾਂ ਕਿਹਾ ਕਿ ਬੱਸ ਕੰਡਕਟਰ ਜਾਂ ਡਰਾਈਵਰ ਬੱਸ 'ਚ ਚੜ੍ਹੀਆਂ ਸਵਾਰੀਆਂ ਨਾਲ ਬਦਸਲੂਕੀ ਕਰਦੇ ਹਨ। ਓਨਾ ਕਿਹਾ ਕਿ ਜੇ ਸਾਡੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਅਸੀਂ ਬਟਾਲਾ ਦੇ ਜਨਰਲ ਮੈਨੇਜਰ ਦਾ ਘਿਰਾਓ ਕਰਾਂਗੇ । ਇਸ ਸਮੇਂ ਪ੍ਰਧਾਨ ਯੋਨ ਮਸੀਹ, ਈਸਾ ਨਗਰ ਪ੍ਰਧਾਨ ਸਰੂਪ ਸਿੰਘ ਚਾਹਲ ਕਲਾਂ, ਸੂਬਾ ਆਗੂ ਦਲਬੀਰ ਸਿੰਘ ਭੱਟੀ, ਜ਼ਿਲ੍ਹਾ ਜਨਰਲ ਸੈਕਟਰੀ ਸਤਿੰਦਰ ਕੌਰ ਬਟਾਲਾ, ਰਚਨਾ, ਮੇਵਾ ਸਿੰਘ ਮੀਡੀਆ ਇੰਚਾਰਜ, ਕਰਨ ਆਦਰਸ਼ ਆਦਿ ਮੈਂਬਰ ਹਾਜ਼ਰ ਸਨ।

## ਚਰਨ ਦਾਸ ਭਾਟੀਆ ਦੇ ਪਰਵਾਰ ਨਾਲ ਫਤਿਹਜੰਗ ਸਿੰਘ ਬਾਜਵਾ ਨੇ ਕੀਤਾ ਦੁੱਖ ਸਾਂਝਾ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਭਾਜਪਾ ਦੇ ਸਾਬਕਾ ਪ੍ਰਧਾਨ ਚਰਨਦਾਸ ਭਾਟੀਆ ਬੀਤੇ ਦਿਨ ਕਾਦੀਆਂ ਵਿੱਚ ਅਕਾਲ ਚਲਾਣਾ ਕਰ ਗਏ ਸੀ। 85 ਸਾਲ ਦੇ ਚਰਨਦਾਸ ਭਾਟੀਆ ਕਾਦੀਆਂ ਵਿੱਚ ਭਾਜਪਾ ਦੇ ਇੱਕ ਪ੍ਰਮੁੱਖ ਵਿਅਕਤੀ ਸਨ। ਵੀਰਵਾਰ ਉਹਨਾਂ ਦੇ ਨਿਵਾਸ ਸਥਾਨ 'ਤੇ ਭਾਜਪਾ ਆਗੂ ਫਤਿਹਜੰਗ ਸਿੰਘ ਬਾਜਵਾ ਮੀਤ ਪ੍ਰਧਾਨ ਬੀ ਜੇ ਪੀ ਪੰਜਾਬ ਆਪਣੇ ਸਾਥੀਆਂ ਸਮੇਤ ਪਹੁੰਚੇ ਅਤੇ ਉਹਨਾਂ ਦੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਉਹਨਾਂ ਦੱਸਿਆ ਕਿ ਚਰਨ ਦਾਸ ਭਾਟੀਆ ਦੇ ਦੇਹਾਂਤ ਨਾਲ ਜਿੱਥੇ ਪਰਵਾਰ ਨੂੰ ਘਾਟਾ ਪਿਆ ਹੈ ਉਥੇ ਸਮਾਜ ਨੂੰ ਵੀ ਇਕ ਚੰਗੇ ਵਿਅਕਤੀ ਦੀ ਕਮੀ ਹੋਈ ਹੈ। ਇਸ ਮੌਕੇ ਫ਼ਤਿਹਜੰਗ ਸਿੰਘ ਬਾਜਵਾ ਦੇ ਨਾਲ ਭਾਜਪਾ ਦੇ ਡਾਕਟਰ ਕਮਲ ਜੋਤੀ, ਨਰੇਸ਼ ਅਰੋੜਾ, ਗੌਰਵ ਖੋਸਲਾ, ਰਜਨੀਸ਼ ਮਹਾਜਨ, ਅਨੀਸ਼ ਬਲੱਗਨ, ਚੈਰੀ ਮਹਾਜਨ, ਸੰਦੀਪ ਭਗਤ, ਰਾਜੀਵ ਭਾਟੀਆ, ਨਕੁਲ ਭਾਟੀਆ ਵਿਸ਼ੇਸ਼ ਤੌਰ 'ਤੇ ਮੌਜੂਦ ਸੀ।

## ਦਿਹਾਤੀ ਮਜ਼ਦੂਰ ਸਭਾ ਨੇ ਤਹਿਸੀਲਦਾਰ ਬਟਾਲਾ ਨੂੰ ਦਿੱਤਾ ਮੰਗ ਪੱਤਰ

**ਬਟਾਲਾ (ਤਰਲੋਕ ਬੱਗਾ)**- ਮਜ਼ਦੂਰਾਂ ਦੇ ਭੱਖਦੇ ਮਸਲਿਆਂ ਨੂੰ ਲੈ ਕੇ ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਫੈਸਲੇ ਤਹਿਤ ਤਹਿਸੀਲ ਕਮੇਟੀ ਬਟਾਲਾ ਵੱਲੋਂ ਮਨੀਰ ਮਸੀਹ ਸਤਕੋਹਾ, ਜਸਵਿੰਦਰ ਸਿੰਘ ਛਿੱਤ ਦੀ ਅਗਵਾਈ ਹੇਠ ਮਜ਼ਦੂਰ ਮੰਗਾਂ ਦਾ ਮੰਗ ਪੱਤਰ ਤਹਿਸੀਲਦਾਰ ਬਟਾਲਾ ਦੇ ਰਾਹੀਂ ਮੁੱਖ ਮੰਤਰੀ ਪੰਜਾਬ ਸਰਕਾਰ ਨੂੰ ਭੇਜਿਆ ਗਿਆ।ਇਸ ਮੌਕੇ ਹੋਏ ਇਕੱਠ ਨੂੰ ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਵਿੱਤ ਸਕੱਤਰ ਕਾਮਰੇਡ ਸ਼ਮਸ਼ੇਰ ਸਿੰਘ ਨਵਾਂ ਪਿੰਡ ਨੇ ਕਿਹਾ ਕਿ ਪੰਜਾਬ ਅੰਦਰ ਹੜ੍ਹ ਤੇ ਬਾਰਸ਼ਾਂ ਨਾਲ ਹੋਏ ਭਾਰੀ ਨੁਕਸਾਨ ਦੀ ਪੂਰਤੀ ਲਈ ਅਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਯੋਗ ਮੁਆਵਜ਼ਾ ਤੁਰੰਤ ਦਿੱਤਾ ਜਾਵੇ ਅਤੇ ਮਨਰੇਗਾ



ਕਾਨੂੰਨ ਅਧੀਨ ਸਾਰੇ ਕਿਰਤੀ ਪਰਿਵਾਰਾਂ ਦੇ ਸਮੁੱਚੇ ਜੀਆਂ ਨੂੰ ਘੱਟੋ-ਘੱਟ 700 ਰੁਪਏ ਦਿਹਾੜੀ ਨਾਲ ਪੂਰਾ ਸਾਲ ਕੰਮ ਦਿੱਤਾ ਜਾਵੇ ਅਤੇ ਇਸ ਐਕਟ ਦਾ ਘੇਰਾ ਵਧਾ ਕੇ ਸ਼ਹਿਰੀ ਮਜ਼ਦੂਰਾਂ ਨੂੰ ਵੀ ਬੱਝਵਾਂ ਰੁਜ਼ਗਾਰ ਦਿੱਤਾ ਜਾਵੇ। ਜਨਤਕ ਵੰਡ ਪ੍ਰਣਾਲੀ ਰਾਹੀਂ ਨਿੱਤ ਵਰਤੋਂ ਦੀਆਂ ਸਾਰੀਆਂ ਜ਼ਰੂਰੀ ਵਸਤਾਂ ਸਰਕਾਰੀ ਡਿਪੂਆਂ ਰਾਹੀਂ ਸਸਤੇ ਭਾਅ 'ਤੇ ਮੁਹੱਈਆ ਕਰਵਾਈਆਂ ਜਾਣ, ਲੋੜਵੰਦਾਂ ਦੇ ਕੱਟੇ ਕਾਰਡ ਬਹਾਲ ਕੀਤੇ ਜਾਣ । ਬੇਘਰੇ, ਲੋੜਵੰਦਾਂ ਨੂੰ ਪਿੰਡਾਂ ਅੰਦਰ 10-10 ਮਰਲੇ ਦੇ ਰਿਹਾਇਸ਼ੀ ਪਲਾਟ ਤੇ ਮਕਾਨ ਬਣਾਉਣ ਲਈ ਘੱਟੋ-ਘੱਟ ਪੰਜ ਲੱਖ ਰੁਪਏ ਗ੍ਰਾਂਟ ਅਤੇ ਸ਼ਹਿਰਾਂ ਵਿਚ ਫਲੈਟ ਬਣਾ ਕੇ ਦਿੱਤੇ ਜਾਣ,ਬੁਢਾਪਾ-ਵਿਧਵਾ-ਅੰਗਹੀਣ-ਆਸ਼ਰਿਤ ਪੈਨਸ਼ਨ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਕੀਤੀ ਜਾਵੇ ,ਇਕਸਾਰ ਤੇ ਮਿਆਰੀ ਸਿੱਖਿਆ ਅਤੇ ਸਿਹਤ ਸਹੂਲਤਾਂ ਤੇ ਪੀਣ ਵਾਲਾ ਸਵੱਛ ਪਾਣੀ ਮੁਫਤ ਦੇਣ ਦਾ ਪ੍ਰਬੰਧ ਕੀਤਾ ਜਾਵੇ, ਨਸ਼ਾ ਤਸਕਰੀ ਨੂੰ ਪੱਕੀ ਠੱਲ੍ਹ ਪਾਉਣ ਲਈ ਨਸ਼ਾ ਕਾਰੋਬਾਰੀਆਂ, ਭ੍ਰਿਸ਼ਟ ਸਿਆਸਤਦਾਨਾਂ ਅਤੇ ਪੁਲਸ-ਪ੍ਰਸ਼ਾਸਨ ਵਿਚਲੀਆਂ ਕਾਲੀਆਂ ਭੇਡਾਂ ਦੇ ਨਾਪਾਕ ਗਠਜੋੜ ਨਾਲ ਕਰੜੇ ਹੱਥੀਂ ਨਜਿੱਠਿਆ ਜਾਵੇ। ਮਜ਼ਦੂਰਾਂ ਸਿਰ ਚੜ੍ਹਿਆ ਸਰਕਾਰੀ, ਗੈਰ-ਸਰਕਾਰੀ ਅਤੇ ਮਾਈਕਰੋ ਫਾਇਨਾਂਸ ਕੰਪਨੀਆਂ ਦਾ ਸਾਰਾ ਕਰਜ਼ਾ ਮੁਆਫ ਕੀਤਾ ਜਾਵੇ।ਲੈਂਡ ਸੀਲਿੰਗ ਐਕਟ ਤਹਿਤ ਵਾਧੂ ਨਿਕਲਦੀ ਜ਼ਮੀਨ ਅਤੇ ਬੰਜ਼ਰ, ਨਜ਼ੂਲ ਤੇ ਸ਼ਾਮਲਾਟ ਜ਼ਮੀਨਾਂ, ਬੇਜ਼ਮੀਨੇ ਮਜ਼ਦੂਰਾਂ ਵਿਚ ਵੰਡੀਆਂ ਜਾਣ, ਪੰਚਾਇਤੀ ਜ਼ਮੀਨਾਂ ਵਿਚੋਂ ਕਾਨੂੰਨ ਅਨੁਸਾਰ ਬਣਦਾ ਦਲਿਤਾਂ ਦਾ ਤੀਜਾ ਹਿੱਸਾ ਦਿੱਤਾ ਜਾਵੇ। ਸੂਬਾ ਸਰਕਾਰ ਵੱਲੋਂ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਵਾਅਦੇ-ਗਰੰਟੀਆਂ ਫੌਰੀ ਲਾਗੂ ਕੀਤੇ ਜਾਣ। ਕੰਮ ਦੇ ਅਧਿਕਾਰ ਨੂੰ ਸੰਵਿਧਾਨ ਦੇ ਮੌਲਿਕ ਅਧਿਕਾਰਾਂ 'ਚ ਸ਼ਾਮਲ ਕਰਕੇ ਕੰਮ ਕਰਨ ਯੋਗ ਸਮੁੱਚੀ ਵਸੋਂ ਗੁਜ਼ਾਰੇਯੋਗ ਸਥਾਈ ਰੁਜ਼ਗਾਰ ਦਿੱਤਾ ਜਾਵੇ ਅਤੇ ਕੰਮ ਨਾ ਮਿਲਣ ਤੱਕ ਸਾਰੇ ਲੋੜਵੰਦਾਂ ਨੂੰ ਘੱਟੋ-ਘੱਟ 5000 ਰੁਪਏ ਪ੍ਰਤੀ ਮਹੀਨਾ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇ।ਵਿਭਾਗਾਂ 'ਚ ਖਾਲੀ ਪਈਆਂ ਪੋਸਟਾਂ ਪੱਕੇ ਤੌਰ 'ਤੇ ਭਰੀਆਂ ਜਾਣ ਅਤੇ ਸਾਰੇ ਕੱਚੇ ਕਾਮੇ ਬਿਨਾਂ ਦੇਰੀ ਪੱਕੇ ਕੀਤੇ ਜਾਣ।ਇਸ ਮੌਕੇ ਮੁਖਤਾਰ ਸਿੰਘ ਭਾਗੋਵਾਲ, ਅਵਤਾਰ ਸਿੰਘ ਮੁਰਗੀ ਮੁਹੱਲਾ, ਬਲਵਿੰਦਰਪਾਲ ਮਿਸ਼ਰਪੁਰਾ, ਗੁਰਨਾਮ ਸਿੰਘ ਬਾਉਲੀ ਇੰਦਰਜੀਤ, ਬੂਟਾ ਮਸੀਹ ਕੋਟਲੀ ਫੱਸੀ, ਨਾਥਾਨੀਅਲ ਦਿਆਲਗੜ੍ਹ, ਮਾਸਟਰ ਡੇਵਿਡ ਦਿਆਲਗੜ੍ਹ,ਵਿਕਟਰ ਕੋਟਲੀ ਫੱਸੀ, ਅਜੀਤ ਮਸੀਹ ਸਤਕੋਹਾ, ਸਤਪਾਲ ਸਿੰਘ ਫਜ਼ਲਾਬਾਦ ਆਦਿ ਹਾਜ਼ਰ ਸਨ।

## ਸਟੇਟ ਪੱਧਰੀ ਖੇਡਾਂ 'ਚ ਕਾਹਨੂੰਵਾਨ-2 ਦੀ ਸਰਕਲ ਕਬੱਡੀ ਟੀਮ ਵੱਲੋਂ ਜਿੱਤ ਦਰਜ ਕਰਾਈ



**ਧਾਰੀਵਾਲ/ਕਾਹਨੂੰਵਾਨ (ਮਨਦੀਪ ਸਿੰਘ ਵਿੱਕੀ)**- ਡਾ. ਹਰਜਿੰਦਰ ਸਿੰਘ ਬੇਦੀ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਨੇ ਸਟੇਟ ਪੱਧਰੀ ਖੇਡਾਂ ਵਿੱਚ ਸਰਕਲ ਕਬੱਡੀ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਬਲਾਕ ਕਾਹਨੂੰਵਾਨ-2 ਦੀ ਟੀਮ ਨੂੰ ਜਿੱਤ ਹਾਸਲ ਕਰਨ 'ਤੇ ਮੁਬਾਰਕਬਾਦ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਫਲਤਾ ਸਿਰਫ਼ ਖਿਡਾਰੀਆਂ ਦੀ ਹੀ ਨਹੀਂ ਸਗੋਂ ਪੂਰੇ ਜ਼ਿਲ੍ਹੇ ਲਈ ਮਾਣ ਦੀ ਗੱਲ ਹੈ। ਸਟੇਟ ਪੱਧਰੀ ਖੇਡਾਂ ਵਿੱਚ ਜਿੱਤ ਦਰਜ ਕਰਕੇ ਟੀਮ ਜਦੋਂ ਸੰਗਰੂਰ ਤੋਂ ਵਾਪਸ ਗੁਰਦਾਸਪੁਰ ਪਹੁੰਚੀ ਤਾਂ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਮੈਡਮ ਪਰਮਜੀਤ ਕੌਰ ਵੱਲੋਂ ਖਿਡਾਰੀਆਂ ਦਾ ਸ਼ਾਨਦਾਰ ਸਵਾਗਤ ਕੀਤਾ, ਹੌਸਲਾ ਅਫਜ਼ਾਈ ਕੀਤੀ ਅਤੇ ਭਵਿੱਖ ਵਿੱਚ ਹੋਰ ਵੱਡੀਆਂ ਕਾਮਯਾਬੀਆਂ ਹਾਸਲ ਕਰਨ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ।ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਕਾਹਨੂੰਵਾਨ-2 ਬਲਵਿੰਦਰ ਸਿੰਘ ਗਿੱਲ, ਮੈਡਮ ਅਨੀਤਾ (ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ) ਅਤੇ ਸਮੂਹ ਬੀ.ਪੀ.ਈ.ਓ., ਸੀਐਚਟੀ ਅਸ਼ਵਨੀ ਫੱਜੂਪੁਰ, ਹੈਡਮਾਸਟਰ ਗੁਰਮਿੰਦਰ ਸਿੰਘ ਧਾਲੀਵਾਲ ਆਦਿ ਹਾਜ਼ਰ ਸਨ ।

## ਪੈੱਟ ਸ਼ਾਪਸ ਤੇ ਡਾਗ ਬਰੀਡਿੰਗ ਦਾ ਕਾਰੋਬਾਰ ਕਰਨ ਵਾਲੇ ਤੁਰੰਤ ਰਜਿਸਟਰੇਸ਼ਨ ਕਰਵਾਉਣ : ਡਾ. ਗੁਪਤਾ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਪੰਜਾਬ ਰਾਜ ਵਿੱਚ ਪਸ਼ੂ ਭਲਾਈ ਬੋਰਡ ਦਾ ਗਠਨ ਹੋ ਚੁੱਕਿਆ ਹੈ ਅਤੇ ਰਾਜ ਵਿੱਚ ਡਾਗ ਬਰੀਡਿੰਗ ਐਂਡ ਮਾਰਕਟਿੰਗ ਰੂਲਜ਼ 2017 ਅਤੇ ਪੈੱਟ ਸ਼ਾਪਸ ਰੂਲਜ਼ 2018 ਪੂਰੀ ਤਰ੍ਹਾਂ ਲਾਗੂ ਹਨ। ਡਿਪਟੀ ਡਾਇਰੈਕਟਰ ਪਸ਼ੂ ਪਾਲਣ, ਜ਼ਿਲ੍ਹਾ ਤਰਨ ਤਾਰਨ ਡਾ. ਮੁਨੀਸ਼ ਗੁਪਤਾ ਨੇ ਇਹਨਾਂ ਨਿਯਮਾਂ ਸੰਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕੁੱਤਿਆਂ ਦੀ ਬ੍ਰੀਡਿੰਗ ਅਤੇ ਵਪਾਰ ਕਰਨ ਵਾਲਿਆਂ ਅਤੇ ਪਾਲਤੂ ਜਾਨਵਰ, ਪੰਛੀ ਵੇਚਣ ਵਾਲੀਆਂ ਦੁਕਾਨਾਂ, ਅਦਾਰਿਆਂ ਅਤੇ ਆਨਲਾਈਨ ਵਪਾਰੀਆਂ ਨੂੰ ਇਹਨਾਂ ਰੂਲਾਂ ਅਧੀਨ ਰਜਿਸਟਰੇਸ਼ਨ ਕਰਵਾਉਣੀ ਅਤੇ ਨਿਯਮਾਂ ਅਨੁਸਾਰ ਕਾਰੋਬਾਰ ਕਰਨਾ ਲਾਜ਼ਮੀ ਹੈ।ਡਾ. ਮੁਨੀਸ਼ ਗੁਪਤਾ ਨੇ ਕਿਹਾ ਕਿ ਇਸ ਮੰਤਵ ਲਈ ਤਹਿਸੀਲ ਪੱਧਰ ਅਤੇ ਜ਼ਿਲ੍ਹਾ ਪੱਧਰ 'ਤੇ ਇੰਸਪੈਕਸ਼ਨ ਕਮੇਟੀਆਂ ਬਣਾਈਆਂ ਹੋਈਆਂ ਹਨ। ਰਜਿਸਟਰੇਸ਼ਨ ਅਤੇ ਵਧੇਰੇ ਜਾਣਕਾਰੀ ਲਈ ਪਸ਼ੂ ਪਾਲਣ ਵਿਭਾਗ ਦੇ ਨੇੜਲੇ ਵੈਟਰਨਰੀ ਅਫਸਰ, ਸੀਨੀਅਰ ਵੈਟਨਰੀ ਅਫਸਰ ਨਾਲ ਸੰਪਰਕ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਬਿਨਾਂ ਰਜਿਸਟਰੇਸ਼ਨ ਤੋਂ ਡਾਗ



ਬਰੀਡਿੰਗ ਅਤੇ ਮਾਰਕੀਟਿੰਗ ਅਤੇ ਪੈਟ ਸ਼ਾਪਸ ਦਾ ਕਾਰੋਬਾਰ ਕਰਦਾ ਹੈ ਤਾਂ ਉਸ ਨੂੰ 5000 ਤੋਂ 50000 ਰੁਪਏ ਤੱਕ ਦਾ ਜੁਰਮਾਨਾ ਅਤੇ ਤਿੰਨ ਮਹੀਨੇ ਦੀ ਸਜ਼ਾ ਹੋ ਸਕਦੀ ਹੈ। ਉਹਨਾਂ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜ਼ਿਲ੍ਹਾ ਤਰਨ ਤਾਰਨ ਦੇ ਜਿਹੜੇ ਡਾਗ ਬਰੀਡਰ ਅਤੇ ਪੈਟ ਸ਼ਾਪਸ ਵੱਲੋਂ ਹੁਣ ਤੱਕ ਰਜਿਸਟਰੇਸ਼ਨ ਨਹੀਂ ਕਰਵਾਈ ਗਈ ਹੈ, ਉਹਨਾਂ ਉੱਤੇ ਸ਼ਿਕੰਜਾ ਕੱਸਣ ਦੀ ਕਾਰਵਾਈ ਵਿਭਾਗ ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ।ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵੱਲੋਂ ਅਪੀਲ ਕੀਤੀ ਗਈ ਹੈ ਕਿ ਜਿਹੜੇ ਵਿਅਕਤੀ ਪੈਟ ਸ਼ਾਪਸ ਅਤੇ ਡਾਗ ਬਰੀਡਿੰਗ ਦਾ ਕਾਰੋਬਾਰ ਕਰ ਰਹੇ ਹਨ ਜਾਂ ਕਰਨਾ ਚਾਹੁੰਦੇ ਹਨ ਉਹ ਤੁਰੰਤ ਆਪਣੀ ਰਜਿਸਟਰੇਸ਼ਨ ਪਸ਼ੂ ਭਲਾਈ ਬੋਰਡ ਨਾਲ ਕਰਵਾ ਕੇ ਨਿਯਮਾਂ ਅਨੁਸਾਰ ਆਪਣਾ ਕਾਰੋਬਾਰ ਕਰਨ।

## ਮਸਜਿਦ ਵੈੱਲਫੇਅਰ ਸੁਸਾਇਟੀ ਵੱਲੋਂ ਰਿੰਟੂ ਦੇ ਨਾਂਅ ਮੰਗ ਪੱਤਰ

**ਛੇਹਰਟਾ (ਮਨੋਜ ਕੁਮਾਰ)**- ਮਸਜਿਦ ਅਤੇ ਮਦਰੱਸਾ ਸਨਾਉਲਾ, ਅੰਮ੍ਰਿਤਸਰ ਵੈਲਫੇਅਰ ਸੁਸਾਇਟੀ ਕੇਸਰੀ ਬਾਗ ਕਟਰਾ, ਆਹਲੂਵਾਲੀਆ ਧਰਮ ਸਿੰਘ ਮਾਰਕੀਟ ਦੇ ਸਮੂਹ ਮੈਂਬਰਾਂ ਦੇ ਇਕ ਵਫ਼ਦ ਨੇ ਚੇਅਰਮੈਨ ਨਗਰ ਸੁਧਾਰ ਟਰੱਸਟ ਅੰਮ੍ਰਿਤਸਰ ਦੇ ਨਾਂ ਇਕ ਮੰਗ ਪੱਤਰ ਰਾਸ਼ਟਰੀ ਹਿੰਦੂ ਚੇਤਨ ਮੰਚ ਦੇ ਸੂਬਾ ਪ੍ਰਧਾਨ ਅਨੁਜ ਖੇਮਕਾ ਨੂੰ ਸੌਂਪਿਆ। ਇਸ ਮੰਗ ਪੱਤਰ ਵਿਚ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਕਰਮਜੀਤ ਸਿੰਘ ਰਿੰਟੂ ਕੋਲੋਂ ਮੰਗ ਕੀਤੀ ਗਈ ਕਿ ਧਰਮ ਸਿੰਘ ਮਾਰਕੀਟ ਦੀਆਂ ਕੰਧਾਂ ਨੂੰ ਰਿਪੇਅਰ



ਕੀਤਾ ਜਾਵੇ। ਸੀਵਰੇਜ ਤੇ ਪਾਣੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਇਆ ਜਾਵੇ ਅਤੇ ਸਫ਼ਾਈ ਕਰਮਚਾਰੀਆਂ ਨੂੰ ਚੇਤਾਵਨੀ ਦਿੱਤੀ ਜਾਵੇ ਕਿ ਉਹ ਮਾਰਕੀਟ ਦਾ ਕੂੜਾ-ਕਰਕਟ ਮਸਜਿਦ ਅੱਗੇ ਨਾ ਸੁੱਟਣ। ਮੰਚ ਦੇ ਸੂਬਾ ਪ੍ਰਧਾਨ ਅਨੁਜ ਖੇਮਕਾ ਨੇ ਵਫ਼ਦ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਇਹ ਮੰਗ ਪੱਤਰ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਕਰਮਜੀਤ ਸਿੰਘ ਰਿੰਟੂ ਨੂੰ ਭੇਜਣਗੇ। ਉਨ੍ਹਾਂ ਆਖਿਆ ਕਿ ਧਰਮ ਸਿੰਘ ਮਾਰਕੀਟ ਵਿਚ ਇਕ ਪੁਰਾਣਾ ਰੁੱਖ ਹੈ, ਜੋ ਦੁਕਾਨਾਂ ਦੀਆਂ ਨੀਹਾਂ ਨੂੰ ਕਮਜ਼ੋਰ ਕਰ ਰਿਹਾ ਹੈ ਅਤੇ ਦੁਕਾਨਾਂ ਦੀਆਂ ਕੰਧਾਂ ਵਿਚ ਤਰੇੜਾਂ ਪੈ ਰਹੀਆਂ ਹਨ। ਇਸ ਕਰ ਕੇ ਕੋਈ ਵੀ ਅਣਸੁਖਾਵੀਂ ਘਟਨਾ ਵਾਪਰਨ ਤੋਂ ਪਹਿਲਾਂ ਹੀ ਇਸ ਨੂੰ ਠੀਕ ਕੀਤਾ ਜਾਵੇ। ਮਾਰਕੀਟ ਦੀਆਂ ਕਈ ਦੁਕਾਨਾਂ ਪੁਰਾਣੀਆਂ ਹੋਣ ਕਰਕੇ ਖਾਲੀ ਤੇ ਖੰਡਰ ਹਾਲਾਤ ਵਿਚ ਹਨ। ਇਨ੍ਹਾਂ ਸਾਰੀਆਂ ਮੁਸ਼ਕਲਾਂ ਵੱਲ ਤੁਰੰਤ ਧਿਆਨ ਦਿੱਤਾ ਜਾਵੇ। ਅਨੁਜ ਖੇਮਕਾ ਨੇ ਕਿਹਾ ਕਿ ਸਫਾਈ ਕਰਮਚਾਰੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਕੂੜਾ-ਕਰਕਟ ਮਸਜਿਦ ਦੇ ਅੱਗੇ ਨਾ ਸੁੱਟਣ। ਇਸ ਤੋਂ ਇਲਾਵਾ ਸੜਕ ਟੁੱਟੀ ਹੋਣ ਕਾਰਨ ਟੋਏ ਪਏ ਹੋਏ ਹਨ ਅਤੇ ਸੀਵਰੇਜ ਦਾ ਬਦਬੂਦਾਰ ਪਾਣੀ ਇਕੱਠਾ ਹੋ ਜਾਂਦਾ ਹੈ, ਜਿਸ ਨਾਲ ਰਾਹੀਗਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

## ਸ਼ੈਰੀ ਕਲਸੀ ਨੇ ਲੋਕ ਮਿਲਣੀ 'ਚ ਲੋਕਾਂ ਦੀਆਂ ਸੁਣੀਆਂ ਮੁਸ਼ਕਲਾਂ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਮੁੱਖ ਮੰਤਰੀ ਭਗਵੰਤ ਸਿੰਘ ਦੀ ਅਗਵਾਈ ਹੇਠ ਹਰ ਵਰਗ ਦੇ ਹਿੱਤ ਵਿੱਚ ਲੋਕ ਭਲਾਈ ਨੀਤੀਆਂ ਲਾਗੂ ਗਈਆਂ ਹਨ ਅਤੇ ਲੋਕਾਂ ਨਾਲ ਕੀਤੀਆਂ ਗਰੰਟੀਆਂ ਪੂਰੀਆਂ ਕੀਤੀਆਂ ਗਈਆਂ ਹਨ। ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਲੋਕ ਮਿਲਣੀ ਦੌਰਾਨ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਉਪਰੰਤ ਕਿਹਾ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਬਟਾਲਾ ਦਾ ਸਰਬਪੱਖੀ



ਵਿਕਾਸ ਉਨਾਂ ਦੀ ਪਹਿਲੀ ਤਰਜੀਹ ਹੈ ਅਤੇ ਲਗਾਤਾਰ ਹਲਕੇ ਦੇ ਵਿਕਾਸ ਕੰਮਾਂ ਲਈ ਉਹ ਯਤਨਸ਼ੀਲ ਹਨ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਹਲਕੇ ਦੇ ਲੋਕਾਂ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਲੋਕਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਮਿਲ ਕੇ ਉਨਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ।ਬਟਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਹਲਕੇ ਸਮੇਤ ਨੇੜਲੇ ਪਿੰਡਾਂ ਦੇ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਬਟਾਲਾ ਵਿਖੇ ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ ਹੈ ਅਤੇ ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ ਵੱਖ ਸਰਕਾਰੀ ਸਹੂਲਤਾਂ ਮੁਹੱਈਆ ਹੋਣਗੀਆਂ।ਉਨ੍ਹਾਂ ਦੱਸਿਆ ਕਿ ਐਸ.ਡੀ.ਐਮ ਦਫਤਰ, ਤਹਿਸੀਲ, ਫਰਦ ਕੇਂਦਰ, ਸੇਵਾ ਕੇਂਦਰ ਤੇ ਪਟਵਾਰਖਾਨੇ ਸਮੇਤ ਵੱਖ ਵੱਖ ਕੰਮਾਂ ਸਬੰਧੀ ਲੋਕਾਂ ਨੂੰ ਵੱਖੋ ਵੱਖਰੇ ਦਫਤਰਾਂ ਵਿੱਚ ਜਾਣ ਦੀ ਹੁਣ ਲੋੜ ਨਹੀਂ ਪਵੇਗੀ। ਕਲਸੀ ਨੇ ਦੱਸਿਆ ਕਿ ਸ਼ਹਿਰ ਵਿਚਲੀਆਂ ਸੜਕਾਂ ਅਤੇ ਚੌਕਾਂ ਨੂੰ ਚੌੜਾ ਕੀਤਾ ਗਿਆ ਹੈ। ਸ਼ਹਿਰ ਵਿਚਲੇ ਚੌਕਾਂ ਨੂੰ ਚੌੜਿਆਂ ਕਰਕੇ ਖੂਬਸੂਰਤ ਦਿੱਖ ਦਿੱਤੀ ਗਈ ਹੈ। ਸੁੱਖਾ ਸਿੰਘ-ਮਹਿਤਾਬ ਸਿੰਘ ਚੌਂਕ ਵਿੱਖੇ ਸ਼ਾਨਦਾਰ ਕਲਾਕ ਟਾਵਰ ਲਗਾਉਣ ਲਈ ਉਸਾਰੀ ਦਾ ਕੰਮ ਚੱਲ ਰਿਹਾ ਹੈ। ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਗਲੀਆਂ ਦੇ ਨਿਰਮਾਣ ਕਾਰਜ ਚੱਲ ਰਹੇ ਹਨ ਅਤੇ ਜਿਨ੍ਹਾਂ ਵਾਰਡਾਂ ਵਿੱਚ ਗਲੀਆਂ ਬਣਾਉਣ ਦਾ ਕੰਮ ਰਹਿ ਗਿਆ ਹੈ, ਉਥੇ ਵੀ ਜਲਦ ਕੰਮ ਸ਼ੁਰੂ ਕਰਵਾਇਆ ਜਾਵੇਗਾ।ਵਿਧਾਇਕ ਨੇ ਦੱਸਿਆ ਕਿ ਹਲਕੇ ਦੇ ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਛੱਪੜਾਂ ਦੇ ਨਵੀਨੀਕਰਨ ਦਾ ਕੰਮ ਚੱਲ ਰਿਹਾ ਹੈ। ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਦੇ ਮੰਤਵ ਨਾਲ ਖੇਡ ਮੈਦਾਨ ਉਸਾਰੇ ਜਾ ਰਹੇ ਹਨ। ਖੂਬਸੂਰਤ ਪਾਰਕਾਂ ਉਸਾਰੀਆਂ ਜਾ ਰਹੀਆਂ ਹਨ।

14-Nov-PAGE-4.qxd 11/13/2025 10:54 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 14 ਨਵੰਬਰ 2025

# ਵੋਟਿੰਗ ਵਧਣ ਦਾ ਸੰਕੇਤ

ਬਹੁਤੇ ਐਗਜ਼ਿਟ ਪੋਲਾਂ ਨੇ ਬਿਹਾਰ ਵਿੱਚ ਮੁੜ ਐੱਨ ਡੀ ਏ ਦੀ ਸਰਕਾਰ ਬਣਾ ਦਿੱਤੀ ਹੈ, ਪਰ ਰਿਕਾਰਡ ਵੋਟਿੰਗ ਉਸ ਲਈ ਵੱਡੀ ਸਿਰਦਰਦੀ ਸਾਬਤ ਹੋ ਸਕਦੀ ਹੈ। ਬਿਹਾਰ ਵਿੱਚ ਜਦ ਵੀ ਵੋਟਿੰਗ 5-10 ਫੀਸਦੀ ਤੱਕ ਵਧੀ ਹੈ, ਸਰਕਾਰ ਬਦਲੀ ਹੈ। ਅਜਿਹਾ ਘੱਟੋ-ਘੱਟ ਤਿੰਨ ਵਾਰ ਹੋ ਚੁੱਕਾ ਹੈ ਅਤੇ ਕਈ ਵਾਰ ਤਾਂ 1-2 ਫੀਸਦੀ ਵੱਧ ਵੋਟਿੰਗ ਨਾਲ ਵੀ ਸਰਕਾਰ ਬਦਲ ਗਈ ਹੈ। ਦੋ ਗੇੜਾਂ ਵਿੱਚ 66.91 ਫੀਸਦੀ ਵੋਟਿੰਗ ਦਰਜ ਕੀਤੀ ਗਈ ਹੈ, ਜਿਹੜੀ ਸੂਬੇ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਰਹੀ। 2020 ਦੀਆਂ ਪਿਛਲੀਆਂ ਚੋਣਾਂ ਦੀ 57.29 ਫੀਸਦੀ ਨਾਲੋਂ ਇਹ 9.62 ਫੀਸਦੀ ਵੱਧ ਹੈ। 1967 ਵਿੱਚ ਵੋਟਿੰਗ 1962 ਦੀ 44.5 ਫੀਸਦੀ ਨਾਲੋਂ ਵਧ ਕੇ 51.5 ਫੀਸਦੀ ਹੋਣ 'ਤੇ ਕਾਂਗਰਸ ਦੀ ਸਰਕਾਰ ਜਾਂਦੀ ਲੱਗੀ ਸੀ। ਉਦੋਂ ਗੈਰ-ਕਾਂਗਰਸੀ ਪਾਰਟੀਆਂ ਦੇ ਗੱਠਜੋੜ ਦੀ ਸਰਕਾਰ ਬਣੀ ਸੀ। 1980 ਵਿੱਚ ਵੋਟਿੰਗ 57.3 ਫੀਸਦੀ ਹੋਈ ਸੀ, ਜੋ ਕਿ 1977 ਦੀ 50.5 ਫੀਸਦੀ ਨਾਲੋਂ ਲੱਗਭੱਗ 6.8 ਫੀਸਦੀ ਵੱਧ ਸੀ ਤੇ ਸੱਤਾ ਪਰਿਵਰਤਨ ਹੋ ਗਿਆ ਸੀ। ਇਸੇ ਤਰ੍ਹਾਂ 1985 ਵਿੱਚ 56.3 ਫੀਸਦੀ ਦੀ ਵੋਟਿੰਗ ਦੇ ਮੁਕਾਬਲੇ 1990 ਵਿੱਚ 5.7 ਫੀਸਦੀ ਵੱਧ 62 ਫੀਸਦੀ ਵੋਟਿੰਗ ਹੋਈ ਸੀ ਤੇ ਕਾਂਗਰਸ ਨੂੰ ਬੇਦਖਲ ਕਰਕੇ ਜਨਤਾ ਦਲ ਨੇ ਸਰਕਾਰ ਬਣਾਈ ਸੀ।

ਆਮ ਤੌਰ 'ਤੇ ਜਿੱਥੇ ਮੁਕਾਬਲਾ ਦੋ-ਧਿਰੀ ਹੁੰਦਾ ਹੈ, ਉਥੇ ਵੋਟਿੰਗ ਵਧਣਾ ਸੱਤਾ ਪਰਿਵਰਤਨ ਦਾ ਸੰਕੇਤ ਮੰਨਿਆ ਜਾਂਦਾ ਹੈ, ਹਾਲਾਂਕਿ ਛੋਟੀਆਂ ਪਾਰਟੀਆਂ ਵੋਟਾਂ ਕੱਟ ਕੇ ਬੇਯਕੀਨੀ ਪੈਦਾ ਕਰ ਸਕਦੀਆਂ ਹਨ। ਕਈ ਵਾਰ ਵੋਟਿੰਗ ਮਾਮੂਲੀ ਵਧਣ ਨਾਲ ਸੱਤਾ ਨਹੀਂ ਬਦਲੀ। ਅਕਤੂਬਰ 2005 ਤੋਂ ਬਾਅਦ ਹਰ ਚੋਣ ਵਿੱਚ ਵੋਟਿੰਗ ਵਧੀ, ਜਿਵੇਂ 2010 ਵਿੱਚ 52.73 ਫੀਸਦੀ, 2015 ਵਿੱਚ 56.91 ਫੀਸਦੀ ਤੇ 2020 ਵਿੱਚ 57.29 ਫੀਸਦੀ, ਪਰ ਇਹ ਵਾਧਾ ਬਹੁਤਾ ਨਹੀਂ ਰਿਹਾ ਤੇ ਨਿਤੀਸ਼ ਦੀ ਗੱਦੀ ਬਰਕਰਾਰ ਰਹੀ, ਪਰ ਇਸ ਵਾਰ 9.62 ਫੀਸਦੀ ਵੋਟਿੰਗ ਵਧਣ ਨਾਲ ਸੱਤਾ ਪਰਿਵਰਤਨ ਦਾ ਸੰਕੇਤ ਮਿਲਿਆ ਹੈ। ਉਂਜ ਨਤੀਜਾ ਅੱਜ ਨਿਕਲ ਜਾਣਾ ਹੈ, ਪਰ ਵੋਟਿੰਗ ਦੇ ਅੰਕੜੇ ਬਿਹਾਰ ਦੀ ਸਿਆਸਤ ਵਿੱਚ ਨਵੇਂ ਕਾਂਡ ਵੱਲ ਇਸ਼ਾਰਾ ਕਰ ਰਹੇ ਹਨ।

## ਮੀਆਂ, ਮਿੱਠੂ !

ਜਿਸ 'ਚੋਂ ਦੇਣ ਹਵਾਲੇ ਪੰਡਤ,
ਖੁਦ ਉਹ ਕਲਮਾ ਪੜ੍ਹਿਆ ਹੀ ਨ੍ਹੀਂ।
ਜਿਸ ਨੂੰ ਹੜ੍ਹਿਆ ਨਿੱਤ ਆਖਦੇ,
ਸ਼ਖਸ ਅਜੇ ਤੱਕ ਹੜ੍ਹਿਆ ਹੀ ਨ੍ਹੀਂ।
ਬਾਹਰੋਂ ਖੜ੍ਹ ਕੇ ਲੈਣ ਤਲਾਸ਼ੀ,
ਅੰਦਰ ਤਾਂ ਕੋਈ ਵੜਿਆ ਹੀ ਨ੍ਹੀਂ।
ਪੌੜੀ ਲਾ-ਲਾ ਹੰਭ ਗਏ ਸਾਰੇ,
ਕੋਠੇ 'ਤੇ ਕੋਈ ਚੜ੍ਹਿਆ ਹੀ ਨ੍ਹੀਂ।
ਅੰਦਰਖਾਤੇ ਖਾਏ ਉਬਾਲੇ,
ਕੱਚਾ ਦੁੱਧ ਅਜੇ ਕੜ੍ਹਿਆ ਹੀ ਨ੍ਹੀਂ।
ਮੀਆਂ, ਮਿੱਠੂ ਬਣ ਗਏ ਸਾਰੇ,
ਨਾਲ ਉਨ੍ਹਾਂ ਕੋਈ ਖੜ੍ਹਿਆ ਹੀ ਨ੍ਹੀਂ!

-ਗੁਲਪੁਰ

# ਦਿੱਲੀ ਬੰਬ ਧਮਾਕਾ : ਸੰਜਮ ਤੇ ਆਪਸੀ ਗੱਲਬਾਤ ਦੀ ਲੋੜ



ਡਾ. ਅਰੁਣ ਮਿੱਤਰਾ



ਅਖਬਾਰਾਂ ਵਿੱਚ ਛਪੀਆਂ ਤਸਵੀਰਾਂ ਅਤੇ ਮ੍ਰਿਤਕਾਂ ਦੇ ਨਾਂਅ ਪੜ੍ਹਨ ਤੋਂ ਬਾਅਦ ਇਹ ਗੱਲ ਸਾਫ ਹੋ ਗਈ ਹੈ ਕਿ ਦਿੱਲੀ ਬੰਬ ਧਮਾਕੇ ਦੇ ਵਿੱਚ ਮਾਰੇ ਗਏ ਲੋਕਾਂ ਵਿੱਚ ਹਿੰਦੂ ਵੀ ਸਨ ਤੇ ਮੁਸਲਮਾਨ ਵੀ। ਜਿਸ ਜਗ੍ਹਾ 'ਤੇ ਲਾਲ ਕਿਲ੍ਹਾ ਦੇ ਮੈਟਰੋ ਸਟੇਸ਼ਨ ਦੇ ਗੇਟ ਨੰਬਰ ਇੱਕ 'ਤੇ ਇਹ ਬੰਬ ਧਮਾਕਾ ਹੋਇਆ, ਉਸ ਇਲਾਕੇ ਵਿੱਚ ਭੀੜ-ਭਾੜ ਬਹੁਤ ਰਹਿੰਦੀ ਹੈ ਤੇ ਹਰ ਫ਼ਿਰਕੇ ਦੇ ਲੋਕ ਆਮ ਦੇਖੇ ਜਾ ਸਕਦੇ ਹਨ। ਹੁਣ ਤੱਕ ਆਈਆਂ ਰਿਪੋਰਟਾਂ ਮੁਤਾਬਕ 13 ਲੋਕ ਮਾਰੇ ਗਏ ਤੇ ਅਨੇਕਾਂ ਜ਼ਖ਼ਮੀ ਹਨ। ਇਹ ਗੱਲ ਕਹੀ ਜਾ ਰਹੀ ਹੈ ਕਿ ਅੱਤਵਾਦੀਆਂ ਦੀ ਬਹੁਤ ਵੱਡੀ ਦੁਰਘਟਨਾ ਅੰਜਾਮ ਦੇਣ ਦੀ ਯੋਜਨਾ ਸੀ, ਪਰ ਉਸ ਵਿੱਚ ਉਹ ਅਸਫਲ ਰਹੇ। ਕੁਝ ਦਿਨਾਂ ਤੋਂ ਅਨੇਕਾਂ ਥਾਵਾਂ ਤੋਂ ਅਸਲਾ ਅਤੇ ਬੰਬ ਬਣਾਉਣ ਦਾ ਸਮਾਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਫੜਿਆ ਗਿਆ।

ਇਹ ਬੜੀ ਦੁੱਖ ਦੀ ਗੱਲ ਹੈ ਕਿ ਇਸ ਸਾਜ਼ਿਸ਼ ਦੇ ਵਿੱਚ ਵੱਡੀ ਗਿਣਤੀ ਵਿੱਚ ਡਾਕਟਰ ਸ਼ਾਮਿਲ ਹਨ। ਡਾਕਟਰਾਂ ਦਾ ਕੰਮ ਲੋਕਾਂ ਦੇ ਜੀਵਨ ਨੂੰ ਬਚਾਉਣਾ ਹੈ, ਜ਼ਖਮੀਆਂ ਦੀ ਸੇਵਾ ਕਰਨਾ ਹੈ, ਬਿਮਾਰਾਂ ਦਾ ਇਲਾਜ ਕਰਨਾ ਹੈ ਅਤੇ ਐਸੇ ਹਾਲਾਤ ਸਿਰਜਣੇ ਹਨ ਕਿ ਬਿਮਾਰੀ ਨਾ ਹੋਏ। ਹਥਿਆਰ ਚਲਾ ਕੇ ਬੰਬ ਚਲਾ ਕੇ ਕਿਸ ਤਰੀਕੇ ਨਾਲ ਕੋਈ ਡਾਕਟਰ ਆਪਣੇ ਵੱਲੋਂ ਅਪਣਾਏ ਗਏ ਪੇਸ਼ੇ ਨੂੰ ਠੀਕ ਤਰੀਕੇ ਨਾਲ ਨਿਭਾ ਸਕਦਾ ਹੈ?

ਭਾਰਤ ਸਰਕਾਰ ਨੇ ਕਿਹਾ ਸੀ ਕਿ 370 ਧਾਰਾ ਖਤਮ ਹੋ ਜਾਏਗੀ ਤਾਂ ਅੱਤਵਾਦ ਖਤਮ ਹੋ ਜਾਏਗਾ। ਉਸ ਤੋਂ ਪਹਿਲੇ ਜਦੋਂ ਨੋਟਬੰਦੀ ਹੋਈ ਸੀ ਕਿਹਾ ਸੀ ਕਿ ਹੁਣ ਅੱਤਵਾਦ ਖਤਮ ਹੋ ਜਾਏਗਾ। ਇਹ ਸਾਰੀਆਂ ਬਿਨਾਂ ਸੋਚੇ ਸਮਝੀਆਂ ਕਹੀਆਂ ਗੱਲਾਂ ਕੇਵਲ ਥੋਥੇ ਰਾਜਨੀਤਕ ਦਮਗਜ਼ੇ ਅਤੇ ਝੂਠ ਦਾ ਪ੍ਰਚਾਰ ਸਾਬਤ ਹੋਈਆਂ। ਹਾਲਾਂਕਿ ਮੀਡੀਆ ਵੱਲੋਂ ਲਗਾਤਾਰ ਇਸ ਪ੍ਰਚਾਰ ਨੂੰ ਕਰਨ ਤੇ ਲੋਕਾਂ ਦੇ ਮਨਾਂ ਵਿੱਚ ਵਿਸ਼ਵਾਸ ਪੈਦਾ ਕਰਨ ਵਿੱਚ ਸਰਕਾਰ ਸਫ਼ਲ ਹੋਈ। ਇਸ ਦੇ ਨਾਲ ਕਸ਼ਮੀਰ ਦੇ ਬਾਰੇ ਵੀ ਤੇ ਖਾਸ ਤੌਰ 'ਤੇ ਮੁਸਲਮਾਨਾਂ ਦੇ ਬਾਰੇ ਹਿੰਦੂਆਂ ਵਿੱਚ ਨਫਰਤ ਫ਼ੈਲਾਉਣ ਦੇ ਵਿੱਚ ਵੀ ਆਰ ਐੱਸ ਐੱਸ-ਭਾਜਪਾ ਸਰਕਾਰ ਸਫ਼ਲ ਹੋਈ, ਜਿਸ ਢੰਗ ਦੀਆਂ ਫ਼ਿਲਮਾਂ ਬਾਅਦ ਵਿੱਚ ਬਣਾਈਆਂ ਗਈਆਂ, ਉਹਨਾਂ ਫਿਲਮਾਂ ਨੇ ਵੀ ਲੋਕਾਂ ਦੇ ਦਿਮਾਗ਼ਾਂ ਦੇ ਵਿੱਚ ਪ੍ਰਭਾਵ ਛੱਡਿਆ ਤੇ ਇੱਕ ਨਫ਼ਰਤੀ ਤੇ ਫ਼ਿਰਕੂ ਜ਼ਹਿਰ ਦਾ ਮਾਹੌਲ ਆਪਣੀ ਸੱਤਾ ਨੂੰ ਕਾਇਮ ਰੱਖਣ ਲਈ ਆਰ ਐੱਸ ਐੱਸ ਨੇ ਆਪਣੀ ਤੈਅ-ਸ਼ੁਦਾ ਨੀਤੀ ਦੇ ਮੁਤਾਬਕ ਚਲਾਇਆ। ਜਦੋਂ ਪਹਿਲਗਾਮ ਵਿੱਚ ਸਾਡੇ 26 ਲੋਕ ਮਾਰੇ ਗਏ, ਜਿਨ੍ਹਾਂ ਵਿੱਚ ਇੱਕ ਮੁਸਲਮਾਨ ਵੀ ਸੀ, ਉਸ ਵੇਲੇ ਵੀ ਪੂਰਾ ਫ਼ਿਰਕੂ ਜ਼ਹਿਰ ਦਾ ਪ੍ਰਚਾਰ ਆਰ ਐੱਸ ਐੱਸ ਤੇ ਉਸ ਦੇ ਨਾਲ ਜੁੜੀਆਂ ਜਥੇਬੰਦੀਆਂ ਵੱਲੋਂ ਕੀਤਾ ਗਿਆ। ਪ੍ਰਧਾਨ ਮੰਤਰੀ ਨੇ ਉਦੋਂ ਇਹ ਕਿਹਾ ਕਿ ਅੱਗੇ ਤੋਂ ਕੋਈ ਵੀ ਐਸੀ ਘਟਨਾ ਜੇ ਸਾਡੇ ਦੇਸ਼ ਵਿੱਚ ਹੋਈ ਤਾਂ ਉਸ ਨੂੰ ਦੇਸ਼ 'ਤੇ ਪੂਰਾ ਹਮਲਾ ਮੰਨਿਆ ਜਾਏਗਾ ਤੇ ਅੱਤਵਾਦੀ ਕਾਰਾ ਕਰਨ, ਉਕਸਾਉਣ ਤੇ ਸ਼ਹਿ ਦੇਣ ਵਾਲੇ ਨੂੰ ਹਮਲਾ ਕਰਕੇ ਤਹਿਸ-ਨਹਿਸ ਕਰ ਦਿੱਤਾ ਜਾਏਗਾ। ਇਸ ਲਈ, ਇਹ ਜੋ ਦਿੱਲੀ ਦਾ ਬੰਬ ਧਮਾਕਾ ਹੈ, ਇਸ ਦੇ ਬੜੇ ਖਤਰਨਾਕ ਸਿੱਟੇ ਹੋ ਸਕਦੇ ਹਨ ਤੇ ਇਸ ਦੇ ਪਿੱਛੇ ਦੁਨੀਆਂ ਵਿੱਚ ਅਸ਼ਾਂਤੀ ਫੈਲਾਉਣ ਦੇ ਵਿੱਚ ਲੱਗੀਆਂ ਸ਼ਕਤੀਆਂ ਦੀ ਬਹੁਤ ਹੀ ਡੂੰਘੀ ਸਾਜ਼ਿਸ਼ ਵੀ ਹੋ ਸਕਦੀ ਹੈ। ਹਥਿਆਰ ਬਣਾਉਣ ਵਾਲੀਆਂ ਅਮਰੀਕਨ ਕੰਪਨੀਆਂ ਦੱਖਣ ਏਸ਼ੀਆ ਦੇ ਖਿੱਤੇ ਵਿੱਚ ਮਾਹੌਲ ਖਰਾਬ ਕਰਕੇ ਹਾਲਾਤ ਨੂੰ ਖਰਾਬ ਕਰਨ ਦੇ ਵਿੱਚ ਪੂਰੀ ਸਾਜ਼ਿਸ਼ ਰਚ ਸਕਦੀਆਂ ਹਨ।

ਇਹ ਠੀਕ ਹੈ ਕਸ਼ਮੀਰ ਦੇ ਲੋਕਾਂ ਵਿੱਚ 370 ਧਾਰਾ ਹਟਣ ਤੋਂ ਬਾਅਦ ਰੋਸ ਸੀ, ਪਰ ਜਦੋਂ ਪਹਿਲਗਾਮ ਦੀ ਘਟਨਾ ਹੋਈ ਤਾਂ ਕਸ਼ਮੀਰ ਦੇ ਲੋਕਾਂ ਨੇ ਇੱਕਮੁੱਠ ਹੋ ਕੇ ਉਸ ਘਟਨਾ ਦਾ ਕੇਵਲ ਬੋਲ ਕੇ ਵਿਰੋਧੀ ਨਹੀਂ ਕੀਤਾ, ਬਲਕਿ ਸੜਕਾਂ 'ਤੇ ਆ ਕੇ ਵੀ ਉਸ ਦੇ ਵਿਰੁੱਧ ਆਵਾਜ਼ ਉਠਾਈ, ਪਰ ਦੁੱਖ ਦੀ ਗੱਲ ਇਹ ਹੈ ਕਿ ਸਰਕਾਰ ਨੇ ਉਸ ਗੱਲ ਦਾ ਕੋਈ ਲਾਭ ਨਹੀਂ ਉਠਾਇਆ। ਇਹ ਹੋਰ ਵੀ ਦੁੱਖ ਦੀ ਗੱਲ ਹੈ ਕਿ ਅਪਰੇਸ਼ਨ ਸਿੰਧੂਰ ਤੋਂ ਬਾਅਦ ਦੁਨੀਆ ਦੀ ਹਮਾਇਤ ਲਈ ਵਿਦੇਸ਼ਾਂ ਵਿੱਚ ਟੀਮਾਂ ਭੇਜੀਆਂ ਗਈਆਂ, ਪਰ ਕੁਝ ਵਿਸ਼ੇਸ਼ ਹਾਸਲ ਨਹੀਂ ਹੋਇਆ। ਇਸ ਲਈ ਇਹਨਾਂ ਹਾਲਾਤ ਦੇ ਵਿੱਚ ਇਹ ਖਤਰਾ ਬਿਲਕੁਲ ਬਰਕਰਾਰ ਹੈ ਕਿ ਅਪਰੇਸ਼ਨ ਸਿੰਧੂਰ ਦੋਬਾਰਾ ਹੋ ਸਕਦਾ ਹੈ।ਹਾਲਾਂਕਿ ਪਾਕਿਸਤਾਨ ਦੇ ਵਿੱਚ ਵੀ ਇਸਲਾਮਾਬਾਦ ਵਿੱਚ ਉਸੇ ਦਿਨ ਬੰਬ ਧਮਾਕੇ ਹੋਏ, ਜਿਸ ਦੇ ਨਾਲ 12 ਲੋਕ ਮਾਰੇ ਗਏ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਇਸ ਦਾ ਦੋਸ਼ ਬਿਨਾਂ ਕਿਸੇ ਸਬੂਤ ਦੇ ਭਾਰਤ ਦੇ ਉੱਪਰ ਮੜ੍ਹ ਦਿੱਤਾ ਹੈ। ਇਸ ਦਾ ਭਾਵ ਇਹ ਹੈ ਕਿ ਅੱਤਵਾਦੀ ਕਿਧਰੇ ਵੀ ਹਿੰਸਕ ਕਾਰਵਾਈ ਕਰਨ ਲਈ ਤਿਆਰ ਹਨ। ਉਹਨਾਂ ਲਈ ਮਨੁੱਖੀ ਜੀਵਨ ਦਾ ਕੋਈ ਆਦਰ-ਸਤਿਕਾਰ ਨਹੀਂ।

ਹਾਲਾਤ ਇਸ ਲਈ ਬਹੁਤ ਗੰਭੀਰ ਬਣ ਗਏ ਹਨ, ਕਿਉਂਕਿ ਜੇ ਹੁਣ ਪਾਕਿਸਤਾਨ ਤੇ ਭਾਰਤ ਵਿੱਚ ਯੁੱਧ ਹੁੰਦਾ ਹੈ ਤਾਂ ਉਹ ਚਾਰ ਦਿਨ ਵਿੱਚ ਮੁੱਕਣ ਵਾਲਾ ਨਹੀਂ। ਉਸ ਸਥਿਤੀ ਵਿੱਚ ਬਹੁਤ ਵੱਡੀ ਗਿਣਤੀ ਦੇ ਵਿੱਚ ਫੌਜੀ ਤੇ ਆਮ ਲੋਕ ਮਾਰੇ ਜਾਣਗੇ। ਪਹਿਲਾਂ ਤੋਂ ਹੀ ਗਰੀਬ ਦੋਨੋਂ ਮੁਲਕ ਇਸ ਗੱਲ ਵਿੱਚ ਪੈ ਕੇ ਲੜ ਮਰਨਗੇ।

ਇੱਕ ਖਤਰਨਾਕ ਗੱਲ ਇਹ ਵਾਪਰੀ ਹੈ ਕਿ ਪਾਕਿਸਤਾਨ ਦੇ ਵਿੱਚ ਸੰਵਿਧਾਨ ਸੋਧ ਬਿੱਲ ਵਿੱਚ ਜੋ ਫੌਜ ਦਾ ਮੁਖੀ ਹੈ, ਉਸ ਦੇ ਕੋਲ ਸਾਰੀ ਤਾਕਤ ਹੋਏਗੀ, ਇਥੋਂ ਤੱਕ ਕਿ ਪਰਮਾਣੂ ਹਥਿਆਰ ਦਾ ਜੋ ਬਟਨ ਹੈ, ਉਹ ਵੀ ਉਸ ਦੇ ਕੋਲ ਹੋਏਗਾ, ਯਾਨੀ ਕਿ ਇੱਕ ਵਿਅਕਤੀ ਸਾਰੀਆਂ ਚੀਜ਼ਾਂ ਨੂੰ ਕੰਟਰੋਲ ਕਰੇਗਾ। ਇੱਕ ਵਿਅਕਤੀ ਦੇ ਵਿੱਚ ਇਸ ਕਿਸਮ ਦੀ ਤਾਕਤ ਹੋਣਾ ਬਹੁਤ ਗੰਭੀਰ ਸਥਿਤੀ ਪੈਦਾ ਕਰ ਸਕਦਾ ਹੈ, ਕਿਉਂਕਿ ਉਹ ਵਿਅਕਤੀ ਗਲਤ ਫੈਸਲੇ ਲੈ ਸਕਦਾ ਹੈ। ਖਾਸ ਤੌਰ 'ਤੇ ਅੱਜ ਦੇ ਇਸ ਮਾਹੌਲ ਵਿੱਚ ਜਦੋਂ ਕਿ ਧਾਰਮਿਕ ਕੱਟੜ ਪੁਣੇ ਦਾ ਪ੍ਰਚਾਰ ਬਹੁਤ ਹੋਇਆ ਹੈ ਤੇ ਨਾਲ ਹੀ ਇੱਕ-ਦੂਸਰੇ ਦੇਸ਼ ਪ੍ਰਤੀ ਨਫ਼ਰਤ ਵੀ ਜਗਾਈ ਗਈ ਹੈ, ਇਹ ਸਭ ਕੁਝ ਹੋਣ ਦੀ ਸੰਭਾਵਨਾ ਬਹੁਤ ਵਧ ਗਈ ਹੈ। ਜੇ ਹੁਣ ਪਰਮਾਣੂ ਹਥਿਆਰ ਵਰਤੇ ਗਏ ਤਾਂ ਅਧਿਐਨਾਂ ਦੇ ਮੁਤਾਬਕ ਦੋ ਅਰਬ ਲੋਕ ਮਰ ਜਾਣਗੇ।

ਜਿੱਥੇ ਕਿ ਭਾਰਤ ਦਾ ਪਰਮਾਣੂ ਹਥਿਆਰ ਵਰਤਣ ਦਾ ਸਿਧਾਂਤ ਕਹਿੰਦਾ ਹੈ ਕਿ ਅਸੀਂ ਪਹਿਲੇ ਪਰਮਾਣੂ ਹਥਿਆਰਾਂ ਦੀ ਵਰਤੋਂ ਨਹੀਂ ਕਰਨੀ, ਹਾਲਾਂਕਿ ਸਾਡੇ ਰੱਖਿਆ ਮੰਤਰੀ ਰਾਜਨਾਥ ਸਿੰਘ ਕਹਿ ਚੁੱਕੇ ਹਨ ਕਿ ਲੋੜ ਦੇ ਮੁਤਾਬਿਕ ਇਸ ਸਿਧਾਂਤ ਨੂੰ ਬਦਲਿਆ ਵੀ ਜਾ ਸਕਦਾ ਹੈ, ਪਰ ਪਾਕਿਸਤਾਨ ਦਾ ਸਿਧਾਂਤ ਇਹ ਨਹੀਂ ਹੈ। ਉਹਨਾਂ ਦੇ ਸਿਧਾਂਤ ਦੇ ਮੁਤਾਬਕ ਜੇ ਕੋਈ ਵੀ ਫ਼ੌਜ ਉਹਨਾਂ ਦੇ ਦੇਸ਼ ਵਿੱਚ ਰਵਾਇਤੀ ਯੁੱਧ ਨਾਲ ਵੀ ਅੰਦਰ ਆ ਜਾਏ ਤੇ ਨੁਕਸਾਨ ਕਰ ਰਹੀ ਹੈ, ਤਾਂ ਪਾਕਿਸਤਾਨ ਪਰਮਾਣੂ ਹਥਿਆਰ ਵਰਤਣ ਦਾ ਅਧਿਕਾਰ ਰੱਖੇਗਾ। ਇਸ ਤੋਂ ਇਹ ਜਾਪਦਾ ਹੈ ਕਿ ਅਗਰ ਅੱਜ ਰਵਾਇਤੀ ਯੁੱਧ ਵੀ ਹੋ ਜਾਏ ਤੇ ਨੁਕਸਾਨ ਜ਼ਿਆਦਾ ਹੋਣ ਲੱਗੇ ਤਾਂ ਪਰਮਾਣੂ ਯੁੱਧ ਦਾ ਖਤਰਾ ਹੋ ਸਕਦਾ ਹੈ, ਜੋ ਕਿ ਅਤਿ ਘਾਤਕ ਹੋਏਗਾ।

ਇਸ ਲਈ ਇਹਨਾਂ ਹਾਲਾਤ ਵਿੱਚ ਬਹੁਤ ਸੰਜਮ ਰੱਖਣ ਦੀ ਲੋੜ ਹੈ। ਲੋਕਾਂ ਨੂੰ ਸ਼ਾਂਤੀ ਤੇ ਸਦਭਾਵਨਾ ਬਣਾਈ ਰੱਖਣ ਦੀ ਲੋੜ ਹੈ ਕਿ ਅੱਤਵਾਦ ਦਾ ਕੋਈ ਧਰਮ ਨਹੀਂ ਹੁੰਦਾ, ਇਹ ਸਮਝਣ ਦੀ ਲੋੜ ਹੈ। ਪੜ੍ਹੇ-ਲਿਖੇ ਨੌਜਵਾਨ ਮੁੰਡੇ ਤੇ ਕੁੜੀਆਂ ਅੱਤਵਾਦੀ ਬਣ ਰਹੇ ਹਨ, ਇਸ ਦੇ ਪਿੱਛੇ ਕੋਈ ਆਰਥਿਕ ਕਾਰਨ ਤਾਂ ਨਹੀਂ ਜਾਪਦਾ ਪਰ ਇਹ ਜਾਣਨਾ, ਅਤੀ ਜ਼ਰੂਰੀ ਹੈ ਕਿ ਇਸ ਕਿਸਮ ਦੀ ਕੱਟੜਪੁਣੇ ਵਾਲੀ ਨਫ਼ਰਤੀ ਸੋਚ ਵਾਲੀ ਮਾਨਸਿਕਤਾ ਉਹਨਾਂ ਦੀ ਕਿਉਂ ਬਣੀ।

ਸਰਕਾਰਾਂ ਨੂੰ ਵੀ ਸੰਜਮ ਨਾਲ ਕੰਮ ਲੈਣਾ ਚਾਹੀਦਾ ਹੈ, ਪਾਕਿਸਤਾਨ ਦੇ ਵਿੱਚ ਫੌਜੀ ਸ਼ਾਸਨ ਦਾ ਦਬਦਬਾ ਹੈ। ਭਾਰਤ ਸਰਕਾਰ ਨੂੰ ਪੂਰਾ ਸੰਜਮ ਵਰਤਣਾ ਚਾਹੀਦਾ ਹੈ ਤੇ ਭਾਵੇਂ ਪ੍ਰਧਾਨ ਮੰਤਰੀ ਆਖ ਚੁੱਕੇ ਹਨ ਕਿ ਮੌਜੂਦਾ ਹਾਲਾਤ ਵਿੱਚ ਜਦੋਂ ਕਿ ਬੰਗਲਾਦੇਸ਼ ਦੀ ਸਥਿਤੀ ਬਦਲ ਚੁੱਕੀ ਹੈ, ਚੀਨ ਦੇ ਕੋਲ ਅਥਾਹ ਫ਼ੌਜੀ ਤਾਕਤ ਹੈ, ਪਰਮਾਣੂ ਹਥਿਆਰਾਂ ਦਾ ਖਤਰਾ ਬਹੁਤ ਹੈ, ਯੁੱਧ ਤੋਂ ਗੁਰੇਜ਼ ਕਰਨਾ ਅਤੀ ਜ਼ਰੂਰੀ ਹੈ।

# ਸੰਪਰਕ : 94170-00360

# ਜਿੱਤ-ਹਾਰ ਦਾ ਸੁਮੇਲ ਐ ਜ਼ਿੰਦਗੀ !



ਵਰਿੰਦਰ ਸ਼ਰਮਾ

ਜ਼ਿੰਦਗੀ ਇਕ ਗੁੰਝਲਦਾਰ ਪਹੇਲੀ ਹੈ। ਇਸ 'ਚ ਦੁਨੀਆ ਦੇ ਹਰੇਕ ਪ੍ਰਕਾਰ ਦੇ ਦੁੱਖ-ਸੁੱਖ ਹਨ। ਜੇਕਰ ਜਿੱਤ ਹੈ ਤਾਂ ਹਾਰ ਵੀ ਹੈ। ਇਹ ਜ਼ਰੂਰੀ ਨਹੀਂ ਕਿ ਹਮੇਸ਼ਾ ਅਸੀਂ ਜ਼ਿੰਦਗੀ 'ਚ ਸਫਲ ਹੀ ਹੋਈਏ। ਕਈ ਵਾਰ ਅਸੀਂ ਜ਼ਿੰਦਗੀ 'ਚ ਅਸਫ਼ਲ ਵੀ ਹੁੰਦੇ ਹਾਂ, ਪਰ ਹਾਰ ਕੇ ਕਦੇ ਵੀ ਉਦਾਸ ਨਾ ਹੋਵੋ, ਕਿਉਂਕਿ ਹਾਰ ਹੀ ਸਾਨੂੰ ਜਿੱਤ ਦੀ ਅਸਲ ਕੀਮਤ ਦਾ ਅਹਿਸਾਸ ਕਰਵਾਉਂਦੀ ਹੈ। ਹਾਰ ਹੀ ਜਿੱਤ ਦੇ ਰਾਹ ਵੱਲ ਪ੍ਰੇਰਿਤ ਕਰਦੀ ਹੈ। ਹਾਰ ਤੋਂ ਬਾਅਦ ਜਿੱਤਣ ਦਾ ਮਜ਼ਾ ਹੀ ਕੁਝ ਵੱਖਰਾ ਹੁੰਦਾ ਹੈ। ਦਰਅਸਲ, ਜ਼ਿੰਦਗੀ ਦੇ ਬਹੁਤ ਹੀ ਰਾਹ ਹਨ। ਜੇਕਰ ਮਿਹਨਤ, ਸਬਰ ਅਤੇ ਯਤਨ ਕਰਦੇ ਰਹੀਏ ਤਾਂ ਇਕ ਦਿਨ ਸਫਲਤਾ ਜ਼ਰੂਰ ਹੀ ਸਾਡੇ ਪੈਰ ਚੁੰਮੇਗੀ।ਜ਼ਿੰਦਗੀ ਤਾਂ ਹੈ ਹੀ ਸਫਲਤਾ-ਅਸਫਲਤਾ ਦਾ ਸੁਮੇਲ। ਜ਼ਿੰਦਗੀ ਦਾ ਹਰੇਕ ਖੇਤਰ ਜਿੱਤ-ਹਾਰ ਦਾ ਪ੍ਰਤੀਕ ਹੈ। ਰਾਹ ਹੈ ਤਾਂ ਜਿੱਤ ਹੈ ਅਤੇ ਜਿੱਤ ਨਾਲ ਹੀ ਹਾਰ ਹੈ। ਜਿੱਤ-ਹਾਰ ਕੋਈ ਖਾਸ ਗੱਲ ਨਹੀਂ।

ਜ਼ਿੰਦਗੀ ਵਿੱਚ ਹਰੇਕ ਸਫਲਤਾ ਦਾ ਇਕ ਮਹੱਤਵ ਹੈ। ਹਰ ਛੋਟੀ ਜਿੱਤ ਸਾਨੂੰ ਵੱਡੀਆਂ ਜਿੱਤਾਂ ਲਈ ਪੌੜੀ ਦਾ ਕੰਮ ਦਿੰਦੀ ਹੈ। ਕੋਈ ਵੀ ਜਿੱਤ ਸੌਖੀ ਨਹੀਂ ਹੁੰਦੀ। ਗਲਤੀਆਂ ਤੋਂ ਸਿੱਖਦੇ ਹੋਏ ਆਪਣੇ ਆਪ ਵਿੱਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕਰੋ। ਬੇਸ਼ੱਕ ਜਿੱਤ ਸਾਨੂੰ ਸਭ ਨੂੰ ਬਹੁਤ ਜ਼ਿਆਦਾ ਖੁਸ਼ੀ ਮਹਿਸੂਸ ਕਰਵਾਉਣ 'ਚ ਸਹਾਇਕ ਹੈ, ਪਰ ਹਾਰ ਤੋਂ ਮਿਲਣ ਵਾਲੇ ਸਬਕ ਸਾਨੂੰ ਹੋਰ ਅੱਗੇ ਵਧਣ 'ਚ ਮਦਦ ਕਰਦੇ ਹਨ। ਦਰਅਸਲ ਹਾਰ ਸਾਡੇ ਲਈ ਬਹੁਤ ਅਹਿਮ ਰਾਹ ਖੋਲ੍ਹ ਦਿੰਦੀ ਹੈ। ਅਸਫ਼ਲਤਾ ਹੀ ਹੈ, ਜੋ ਸਾਨੂੰ ਮਜ਼ਬੂਤ ਬਣਾਉਂਦੀ ਹੈ। ਇਸ ਗੱਲ ਵਿੱਚ ਕੋਈ ਦੋ ਰਾਏ ਨਹੀਂ ਕਿ ਅਸੀਂ ਜਿੱਤ ਤੋਂ ਜ਼ਿਆਦਾ ਹਾਰ ਤੋਂ ਸਿੱਖਦੇ ਹਾਂ, ਪਰ ਇਹ ਸਭ ਕੁਝ ਜਾਣਦੇ ਹੋਏ ਵੀ ਅੱਜ ਦਾ ਨੌਜਵਾਨ ਵਰਗ, 10-12 ਸਾਲ ਦੇ ਬੱਚੇ ਵੀ ਪ੍ਰੀਖਿਆ ਆਦਿ 'ਚ ਅਸਫ਼ਲ ਹੋਣ 'ਤੇ ਬਿਨਾਂ ਸੋਚੇ-ਸਮਝੇ ਆਪਣੇ-ਆਪ ਨੂੰ ਖਤਮ ਕਰਦੇ ਜਾ ਰਹੇ ਹਨ। ਇਸ ਨਾਲ ਆਪਣੇ ਪਿੱਛੇ ਛੱਡ ਜਾਂਦੇ ਹਨ ਆਪਣੇ ਮਾਂ-ਬਾਪ ਨੂੰ ਰੋਂਦੇ ਕੁਰਲਾਉਂਦੇ ਦਰਅਸਲ ਸਫਲਤਾਪੂਰਵਕ ਮਨ ਨੂੰ ਸੁਚੇਤ ਬਣਾਉਣਾ ਬਹੁਤ ਜ਼ਰੂਰੀ ਹੈ। ਮਨ ਨੂੰ ਸਬਰ ਸੰਤੋਖ 'ਚ ਰੱਖਣ ਲਈ ਹਮੇਸ਼ਾ ਯਤਨਸ਼ੀਲ ਹੋਈਏ। ਮਨ ਦੀ ਇਕਾਗਰਤਾ ਦਾ ਰਹਿਣਾ ਵੀ ਬਹੁਤ ਜ਼ਰੂਰੀ ਹੈ। ਇਸ ਦੇ ਲਈ ਸਾਡਾ ਮਾਨਸਿਕ ਅਤੇ ਸਰੀਰਕ ਦੋਨਾਂ ਰੂਪਾਂ 'ਚ ਸ਼ਕਤੀਸ਼ਾਲੀ ਹੋਣਾ ਬੇਹੱਦ ਜ਼ਰੂਰੀ ਹੈ। ਆਪਣੀਆਂ ਭਾਵਨਾਵਾਂ ਦਾ ਪ੍ਰਯੋਗ ਆਪਣੇ ਪ੍ਰਦਰਸ਼ਨ ਨੂੰ ਸੁਧਾਰਨ 'ਚ ਕਰਨ ਨਾਲ ਅਸੀਂ ਹਰ ਪਲ ਤਤਪਰ ਰਹੀਏ। ਸੁਚੇਤ ਮਨ ਲਈ ਆਪਣੀਆਂ ਭਾਵਨਾਵਾਂ ਨਾਲ ਲਗਾਤਾਰ ਜੁੜਨ ਦੀ ਪੂਰੇ ਇਰਾਦੇ ਨਾਲ ਯਤਨਸ਼ੀਲ ਰਹਿਣਾ ਬਹੁਤ ਜ਼ਰੂਰੀ ਹੈ।ਖੇਡਣ ਵੇਲੇ ਕੋਸ਼ਿਸ਼ ਦੇ ਬਾਵਜੂਦ ਤੁਸੀਂ ਅਸਫ਼ਲ ਵੀ ਹੁੰਦੇ ਹੋ ਤਾਂ ਤੁਹਾਨੂੰ ਘਬਰਾਉਣ ਦੀ ਬਜਾਏ ਹੋਰ ਤਾਕਤਵਰ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਹ ਮਜ਼ਬੂਤੀ ਤੁਹਾਨੂੰ ਆਪਣੇ ਭਾਵਨਾਤਮਕ ਵਿਚਾਰਾਂ ਤੋਂ ਹੀ ਮਿਲੇਗੀ।

ਜ਼ਿੰਦਗੀ ਵਿੱਚ ਖਾਸ ਤੌਰ 'ਤੇ ਤੁਸੀਂ ਆਪਣੇ ਵੱਲੋਂ ਹਰ ਖੇਤਰ 'ਚ ਆਪਣਾ ਬਿਹਤਰ ਤੋਂ ਬਿਹਤਰ ਦੇਣ ਦੀ ਕੋਸ਼ਿਸ਼ ਕਰੋ, ਫਿਰ ਦੇਖਣਾ ਜ਼ਿੰਦਗੀ ਦਾ ਹਰੇਕ ਪਲ ਤੁਹਾਡਾ ਹੈ। ਜ਼ਿੰਦਗੀ ਵਿੱਚ ਹਾਰ-ਜਿੱਤ ਇਕ ਪ੍ਰਯੋਗਸ਼ਾਲਾ ਹੈ। ਪ੍ਰਯੋਗਸ਼ਾਲਾ ਵਿੱਚ ਸਿੱਖਣ ਤੋਂ ਇਲਾਵਾ ਜ਼ਿੰਦਗੀ ਜਿਉਣ ਦਾ ਵੀ ਬਹੁਤ ਆਨੰਦ ਮਾਣਿਆ ਜਾ ਸਕਦਾ ਹੈ। ਮਿਹਨਤ, ਲਗਨ ਅਤੇ ਦ੍ਰਿੜ੍ਹ= ਸੰਕਲਪ ਮਨੁੱਖ ਨੂੰ ਕਿਸੇ ਵੀ ਹੀਲੇ ਜ਼ਿੰਦਗੀ ਵਿੱਚ ਅਸਫਲ ਨਹੀਂ ਹੋਣ ਦੇਵੇਗੀ। ਜ਼ਿੰਦਗੀ ਦੀ ਅਸਲ ਕੀਮਤ ਬਸ ਇਹਨਾਂ ਹੀ ਚੀਜ਼ਾਂ 'ਚ ਹੈ। ਕਦੇ ਵੀ ਅੱਤ ਆਤਮਵਿਸ਼ਵਾਸ਼ੀ ਨਾ ਬਣੋ। ਹਾਰ ਕੇ, ਨਿਰਾਸ਼ ਹੋ ਕੇ ਉਦਾਸ ਨਾ ਬੈਠੋ, ਕਦੇ ਨਾ ਘਬਰਾਉ ਫਿਰ ਜਿੱਤ ਜ਼ਰੂਰ ਹੀ ਤੁਹਾਡੇ ਦਰਵਾਜ਼ੇ 'ਤੇ ਦਸਤਕ ਦੇਵੇਗੀ। ਤੁਸੀਂ ਆਪਣਾ ਕਰਮ ਕਰਦੇ ਰਹੋ। ਜ਼ਿੰਦਗੀ ਨੂੰ ਸਵੀਕਾਰ ਕਰੋ ਤੇ ਪਿਆਰ ਕਰੋ।

# ਸੰਪਰਕ : 94172-80333

# ਫੈਸ਼ਨ, ਫੋਨ ਅਤੇ ਫੇਮ—ਨੌਜਵਾਨ ਕਿੱਥੇ ਗਵਾਚ ਗਿਆ ?

ਜਗਤਾਰ ਲਾਡੀ

ਭਾਰਤ ਦੁਨੀਆ ਦਾ ਸਭ ਤੋਂ ਜਵਾਨ ਦੇਸ਼ ਮੰਨਿਆ ਜਾਂਦਾ ਹੈ, ਜਿੱਥੇ ਲੱਗਭੱਗ 65 ਪ੍ਰਤੀਸ਼ਤ ਅਬਾਦੀ 35 ਸਾਲ ਤੋਂ ਘੱਟ ਉਮਰ ਦੀ ਹੈ। ਇਹ ਅੰਕੜੇ ਇੱਕ ਵੱਡੀ ਸੰਭਾਵਨਾ ਦੱਸਦੇ ਹਨ, ਪਰ ਸਵਾਲ ਇਹ ਹੈ ਕਿ ਕੀ ਅੱਜ ਦਾ ਭਾਰਤੀ ਨੌਜਵਾਨ ਆਪਣੇ ਭਵਿੱਖ ਦੀ ਦਿਸ਼ਾ ਸਮਝ ਰਿਹਾ ਹੈ? ਗਲੋਬਲਾਈਜ਼ੇਸ਼ਨ ਅਤੇ ਡਿਜ਼ੀਟਲਾਈਜ਼ੇਸ਼ਨ ਦੇ ਇਸ ਯੁੱਗ ਵਿੱਚ ਇਹੀ ਪੀੜ੍ਹੀ ਭਾਰਤ ਨੂੰ ਤਾਕਤਵਰ ਰਾਸ਼ਟਰ ਬਣਾਉਣ ਦੀ ਸਮਰੱਥਾ ਰੱਖਦੀ ਹੈ, ਪਰ ਸਮਾਜਿਕ ਮਾਹੌਲ, ਮੀਡੀਆ ਦਾ ਪ੍ਰਭਾਵ, ਦਿਖਾਵੇ ਦਾ ਸੱਭਿਆਚਾਰ ਅਤੇ ਹੁਨਰ ਤੋਂ ਵੱਧ ਬਰੈਂਡ ਦਾ ਮੋਹ ਨੌਜਵਾਨਾਂ ਨੂੰ ਇਕ ਹੋਰ ਪਾਸੇ ਧੱਕ ਰਹੇ ਹਨ।

### ਫੈਸ਼ਨ ਤੇ ਦਿਖਾਵੇ ਦੀ ਦੌੜ ਲੱਗੀ ਹੋਈ

ਅੱਜ ਦੇ ਸਮੇਂ ਵਿੱਚ ਨੌਜਵਾਨਾਂ ਵਿਚ ਫੈਸ਼ਨ, ਮਹਿੰਗੇ ਬ੍ਰੈਂਡ, ਨਵੇਂ ਜੁੱਤੇ, ਕੱਪੜੇ, ਸੈਲਫੀਆਂ ਅਤੇ ਰੀਲ੍ਹਾਂ ਬਣਾਉਣ ਦਾ ਰੁਝਾਨ ਵਧ ਰਿਹਾ ਹੈ। ਉਸ ਨੂੰ ਫੈਸ਼ਨ, ਫੋਨ ਤੇ ਫ਼ੇਮ ਨੇ ਆਪਣੇ ਕਾਬੂ ਵਿੱਚ ਕਰ ਲਿਆ ਹੈ।ਇੱਕ ਮੋਬਾਈਲ ਫੋਨ ਅਪਡੇਟ ਹੁੰਦਾ ਹੈ ਤਾਂ ਨੌਜਵਾਨ ਉਸ ਤੋਂ ਵੱਧ ਮਹਿੰਗਾ ਮਾਡਲ ਖਰੀਦਣ ਦੀ ਦੌੜ ਵਿਚ ਸ਼ਾਮਲ ਹੋ ਜਾਂਦੇ ਹਨ।ਪਿੱਛੇ ਜਿਹੇ ਨਵੇਂ ਲਾਂਚ ਹੋਏ ਆਈਫੋਨ ਨੂੰ ਖਰੀਦਣ ਲਈ ਸਵੇਰੇ ਲਾਈਨ ਲੱਗ ਗਈ।ਬੱਸ ਇਹ ਦਿਖਾਵਾ ਕਰਨ ਲਈ ਕਿ ਮੈਂ ਸਭ ਤੋਂ ਪਹਿਲਾਂ ਲਿਆ ਹੈ। ਖੋਜ ਦੱਸਦੀ ਹੈ ਕਿ 2024 ਤੱਕ ਭਾਰਤ ਵਿੱਚ 36 ਫੀਸਦੀ ਨੌਜਵਾਨ ਆਪਣੀ ਆਮਦਨ ਦਾ ਸਭ ਤੋਂ ਵੱਡਾ ਹਿੱਸਾ ਗੈਜਟਸ ਅਤੇ ਦਿਖਾਵੇ 'ਤੇ ਖਰਚ ਕਰਦੇ ਹਨ।

ਰੀਲ੍ਹਾਂ ਦੀ ਚਮਕ, ਹਕੀਕਤ ਦਾ ਹਨੇਰ ਸੋਸ਼ਲ ਮੀਡੀਆ ਨੇ ਨੌਜਵਾਨਾਂ ਦੇ ਵਿਚਾਰਾਂ, ਵਿਅਕਤੀਤਵ ਅਤੇ ਜੀਵਨ ਦੀਆਂ ਤਰਜੀਹਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਅੱਜ ਰੀਲ੍ਹਾਂ ਦੀ ਦੁਨੀਆ ਵਿੱਚ ਫੇਮ ਨੂੰ ਹੁਨਰ ਤੋਂ ਵੱਧ ਤਰਜੀਹ ਦਿੱਤੀ ਜਾ ਰਹੀ ਹੈ। ਇੱਕ ਵਾਇਰਲ ਵੀਡੀਓ ਦੀ ਤਲਾਸ਼ ਵਿੱਚ ਬਹੁਤ ਸਾਰੇ ਨੌਜਵਾਨ ਆਪਣਾ ਕੀਮਤੀ ਸਮਾਂ ਗਵਾ ਦਿੰਦੇ ਹਨ। ਜਾਨਾਂ ਗਵਾ ਰਹੇ ਹਨ। ਲੜਕੀਆਂ ਆਪਣੀ ਇੱਜ਼ਤ ਨੂੰ ਦਾਅ 'ਤੇ ਲਾ ਰਹੀਆਂ ਹਨ। ਝੂਠੀ ਫ਼ੇਮ ਦੇ ਪਿੱਛੇ ਨਵੀਂ ਪੀੜ੍ਹੀ ਪਾਗ਼ਲ ਹੋਈ ਫਿਰਦੀ ਹੈ। ਲਾਈਕਸ ਲੈਣ ਲਈ ਕਿਸੇ ਵੀ ਹੱਦ ਤੱਕ ਜਾਣ ਦਾ ਪਾਗ਼ਲਪਣ ਛਾਇਆ ਹੋਇਆ ਹੈ।

ਇੱਕ ਅਮਰੀਕੀ ਰਿਸਰਚ ਦੱਸਦੀ ਹੈ ਕਿ ਹਰ ਰੋਜ਼ 2-3 ਘੰਟੇ ਸੋਸ਼ਲ ਮੀਡੀਆ ਦੇ ਇਸਤੇਮਾਲ ਨਾਲ ਨੌਜਵਾਨਾਂ ਦਾ ਧਿਆਨ ਕਮਜ਼ੋਰ ਹੁੰਦਾ ਹੈ, ਪ੍ਰੋਡਕਟਿਵਿਟੀ ਘਟਦੀ ਹੈ ਅਤੇ ਮਨੋਵਿਗਿਆਨਕ ਸਮੱਸਿਆਵਾਂ ਵਧਦੀਆਂ ਹਨ। ਭਾਰਤੀ ਬੱਚੇ ਲੱਗਭੱਗ 240 ਮਿੰਟ ਦੇ ਲੱਗਭੱਗ ਹਰ ਰੋਜ਼ ਸਕਰੀਨ 'ਤੇ ਬਿਤਾਅ ਰਹੇ ਹਨ, ਜਿਸ ਨਾਲ ਉਦੇਸ਼ ਤੋਂ ਭਟਕਾਅ ਦੇ ਨਾਲ ਨਾਲ ਸਿਹਤ ਸਮੱਸਿਆਵਾਂ ਵੀ ਉੱਭਰ ਰਹੀਆਂ ਹਨ।ਉਦਮੀਅਤਾ ਤੋਂ ਦੂਰੀ ਬਣ ਰਹੀ ਹੈ। ਭਾਰਤ ਦੀ ਅਸਲੀ ਤਰੱਕੀ ਉਸ ਸਮੇਂ ਉੱਚੀ ਉਡਾਣ ਭਰ ਸਕਦੀ ਹੈ, ਜਦੋਂ ਨੌਜਵਾਨ ਨਵੀਂ ਸੋਚ, ਨਵੀਆਂ ਖੋਜਾਂ ਅਤੇ ਉਦਮੀਅਤਾ ਵੱਲ ਕਦਮ ਚੁੱਕਣ, ਪਰ ਦੁੱਖ ਦੀ ਗੱਲ ਇਹ ਹੈ ਕਿ ਸਾਡੇ ਨੌਜਵਾਨਾਂ ਵਿੱਚ ਜੋਖ਼ਮ ਲੈਣ ਦਾ ਜਜ਼ਬਾ ਘਟ ਰਿਹਾ ਹੈ। ਉਹ ਉਦਮੀ ਬਣ ਕੇ ਰਾਜ਼ੀ ਨਹੀਂ ਹਨ।

ਜੇਕਰ ਅਸੀਂ ਚੀਨ ਤੇ ਭਾਰਤ ਦੀ ਕੁਝ ਤੁਲਨਾ ਕਰੀਏ ਤਾਂ ਭਾਰਤ ਕੋਲ ਜਵਾਨ ਪੂੰਜੀ ਹੈ, ਪਰ ਪ੍ਰਯੋਗ ਨਹੀਂ। ਚੀਨ ਕੋਲ ਹੁਣ ਘੱਟ ਨੌਜਵਾਨ ਹਨ, ਪਰ ਵਧੀਕ ਉਤਪਾਦਨਸ਼ੀਲਤਾ ਹੈ। ਉਦਮੀਅਤਾ ਵਿਚ ਇਕਨੋਮਿਕ ਸਰਵੇ 2022 ਅਨੁਸਾਰ ਭਾਰਤ ਵਿੱਚ ਸਿਰਫ਼ 2-3 ਫੀਸਦੀ ਨੌਜਵਾਨ ਉਦਮੀ ਬਣਨਾ ਚਾਹੁੰਦਾ।ਚੀਨ ਵਿੱਚ ਇਹ 8-10 ਫੀਸਦੀ ਹੈ, ਇਸ ਦੇ ਮੁੱਖ ਕਾਰਨ ਭਾਰਤ ਵਿੱਚ ਨੌਕਰੀ-ਕੇਂਦ੍ਰਿਤ ਸੋਚ ਅਤੇ ਚੀਨ ਵਿੱਚ ਉਤਪਾਦਨ-ਕੇਂਦ੍ਰਤ ਸਿਸਟਮ, ਸਟੇਟ ਸਪੋਰਟ ਸਿਸਟਮ ਕੰਮ ਕਰਦਾ ਹੈ। ਸਟਾਰਟਅਪ ਈਕੋਸਿਸਟਮ ਵਿੱਚ ਪੈਰਾਮੀਟਰ ਅਨੁਸਾਰ ਭਾਰਤ ਅਤੇ ਚੀਨ ਵਿਚ ਕਾਫੀ ਫ਼ਰਕ ਹੈ।ਭਾਰਤ ਕੁੱਲ ਸਟਾਰਟਅਪ 98,000 ਅਤੇ ਚੀਨ ਦੇ 3,00,000+ ਹਨ, ਯੂਨੀਕੋਰਨ ਕੰਪਨੀਆਂ ਭਾਰਤ 110 ਅਤੇ ਚੀਨ 400+ ਹੈ। ਚੀਨ ਹਾਰਡਵੇਅਰ + ਮੈਨੂਫੈਕਚਰਿੰਗ ਵਿੱਚ ਆਗੂ ਹੈ।ਜੇਕਰ (ਖੋਜ ਅਤੇ ਵਿਕਾਸ) 'ਤੇ ਖਰਚ ਦੀ ਗੱਲ ਕਰੀਏ ਤਾਂ ਭਾਰਤ ਅਤੇ ਚੀਨ ਕਾਫੀ ਫ਼ਰਕ ਹੈ।ਕੁੱਲ ਆਮਦਨ ਵਿੱਚੋਂ ਭਾਰਤ 0.7 ਫੀਸਦੀ ਅਤੇ ਚੀਨ 2.4 ਫੀਸਦੀ ਨਿਵੇਸ਼ ਕਰਦਾ ਹੈ। ਚੀਨ 'ਚ ਹਰ ਸਾਲ 3 ਗੁਣਾ ਜ਼ਿਆਦਾ ਖਰਚ ਕਰਦਾ ਹੈ, ਭਾਰਤ ਵਿਚ ਖੋਜ ਲੱਗਭੱਗ ਪੜ੍ਹਾਈ-ਕਿਤਾਬਾਂ-ਪ੍ਰੀਖਿਆ ਤੱਕ ਸੀਮਿਤ ਉਦਯੋਗਿਕ ਹਿੱਸੇ (ਮੈਨੂੰਫੈਕਚਰਿੰਗ ਹਿੱਸੇ) ਦੀ ਗੱਲ ਕਰੀਏ ਤਾਂ ਭਾਰਤ ਅਤੇ ਚੀਨ ਦੀ ਉਦਯੋਗਿਕ ਹਿੱਸੇਦਾਰੀ ਭਾਰਤ ਦੀ 17 ਫੀਸਦੀ, ਚੀਨ ਦੀ 28 ਫੀਸਦੀ ਹੈ।ਗਲੋਬਲ ਮੈਨੂਫੈਕਚਰਿੰਗ ਭਾਰਤ 3% ਹੈ।ਚੀਨ 30 ਫੀਸਦੀ ਹੈ।

ਚੀਨ ਦੁਨੀਆ ਦੀ ਫੈਕਟਰੀ ਹੈ, ਜਦਕਿ ਭਾਰਤ ਸੇਵਾਮੁਖੀ ਮਾਡਲ ਅਪਣਾ ਰਿਹਾ ਹੈ। ਨੌਜਵਾਨ ਰੁਝਾਨ ਵਿੱਚ ਵੀ ਫਰਕ ਹੈ। ਭਾਰਤੀ ਨੌਜਵਾਨ ਮਨੋਰੰਜਨ ਤਰਜੀਹ ਅਪਣਾ ਰਿਹਾ ਹੈ, ਜਦਕਿ ਚੀਨ ਉਦਮੀ ਤੇ ਵਿਕਾਸ ਦੇ ਰਸਤੇ 'ਤੇ ਹੈ ਸਟਾਰਟਅੱਪ ਦੀਆਂ ਵੱਡੀਆਂ ਕਹਾਣੀਆਂ ਦੇਖ ਕੇ ਪ੍ਰੇਰਨਾ ਤਾਂ ਹੁੰਦੀ ਹੈ, ਪਰ ਉਸ ਪੀਂਘ ਤੱਕ ਪਹੁੰਚਣ ਲਈ ਲੱਗਦਾ ਪਸੀਨਾ, ਧੀਰਜ ਤੇ ਮਿਹਨਤ, ਉਹ ਅੱਜ ਦੀ ਪੀੜ੍ਹੀ ਵਿੱਚ ਘਾਟ ਦਿਖਾਈ ਦਿੰਦੀ ਹੈ। ਉਹ ਰਿਸਕ ਲੈਣ ਲਈ ਤਿਆਰ ਨਹੀਂ। ਉਹ ਨੌਕਰੀਆਂ, ਪੈਕੇਜ ਲੈਣਾ ਹੀ ਪਸੰਦ ਕਰਦੇ ਹਨ।

2023 ਦੇ ਅੰਕੜਿਆਂ ਮੁਤਾਬਕ 90 ਫੀਸਦੀ ਭਾਰਤੀ ਸਟਾਰਟਅੱਪ ਪਹਿਲੇ ਪੰਜ ਸਾਲਾਂ ਵਿੱਚ ਫੰਡ ਨਹੀਂ, ਸਗੋਂ ਮੈਨੇਜਮੈਂਟ ਅਤੇ ਹੁਨਰ ਦੀ ਕਮੀ ਕਾਰਨ ਫੇਲ੍ਹ ਹੋ ਜਾਂਦੇ ਹਨ। ਇਹ ਸਪੱਸ਼ਟ ਸੰਕੇਤ ਹੈ ਕਿ ਸਾਡੀ ਨੌਜਵਾਨ-ਸ਼ਕਤੀ ਆਪਣੇ ਸਮੇਂ ਨੂੰ ਸਹੀ ਦਿਸ਼ਾ ਨਹੀਂ ਦੇ ਰਹੀ।ਮਤਲਬ ਸਮੇਂ ਅਨੁਸਾਰ ਉਹ ਚੀਜ਼ਾਂ, ਗੱਲਾਂ ਸਿੱਖ ਨਹੀਂ ਰਹੀ, ਜਿਸ ਨਾਲ ਸਫ਼ਲ ਹੋਇਆ ਜਾ ਸਕੇ।

ਡਿਗਰੀਆਂ ਦੀ ਭਾਲ ਜ਼ਿਆਦਾ ਹੈ, ਹੁਨਰ ਦੀ ਭੁੱਖ ਘੱਟ ਹੈ।ਭਾਰਤ ਵਿੱਚ ਹਰ ਸਾਲ ਕਰੀਬ 1.5 ਕਰੋੜ ਨੌਜਵਾਨ ਪੜ੍ਹਾਈ ਮੁਕਾਉਂਦੇ ਹਨ, ਪਰ ਸਿਰਫ਼ 7 ਫੀਸਦੀ ਹੀ ਉਦਯੋਗਿਕ ਮਾਪਦੰਡਾਂ ਮੁਤਾਬਕ ਕਾਬਿਲ ਹੁੰਦੇ ਹਨ। ਇਹ ਚੇਤਾਵਨੀ ਹੈ। ਵੱਡੀਆਂ ਡਿਗਰੀਆਂ ਨਾਲੋਂ ਇਮਾਨਦਾਰੀ, ਤਜਰਬਾ, ਹੁਨਰ ਅਤੇ ਸੰਚਾਰ-ਕਲਾ ਵੱਧ ਮਹੱਤਵ ਰੱਖਦੇ ਹਨ, ਪਰ ਸੋਸ਼ਲ ਮੀਡੀਆ ਨੇ ਸਿੱਖਣ ਦੀ ਭੁੱਖ ਘੱਟ ਕਰ ਦਿੱਤੀ ਹੈ। ਨਾ ਹੀ ਸਾਡੀ ਇਸ ਗੱਲ 'ਤੇ ਕੋਈ ਕਾਰਜ ਹੋ ਰਿਹਾ ਹੈ। ਵੱਡੇ-ਵੱਡੇ ਡਿਗਰੀਆਂ ਵਾਲਿਆਂ ਨਾਲੋਂ ਪਿੰਡ ਵਿੱਚ ਕੰਮ ਸਿੱਖੇ ਹੋਏ ਘੱਟ, ਪੜ੍ਹੇ ਲੋਕ ਸੌਖੀ ਰੋਟੀ ਖਾ ਰਹੇ ਹਨ, ਕਿਉਂਕਿ ਉਹਨਾਂ ਕੋਲ ਕੁਝ ਨਾ ਕੁਝ ਸਕਿੱਲ ਹੁੰਦੀ ਹੈ। ਡਿਗਰੀਆਂ ਵਾਲੇ ਹੱਥੀਂ ਕੰਮ ਕਰਨ ਨੂੰ ਮਾੜਾ ਸਮਝਦੇ ਹਨ।

### ਰੁਜ਼ਗਾਰ ਦਾ ਸੰਕਟ ਵੱਡੀ ਚਿੰਤਾ

ਅੱਜ ਬਹੁਤ ਸਾਰੇ ਨੌਜਵਾਨ ਨੌਕਰੀ ਦੀ ਤਲਾਸ਼ ਵਿੱਚ ਹਨ, ਪਰ ਇੱਥੇ ਸਮੱਸਿਆ ਦੋਹੀਂ ਪਾਸੇ ਹੈ—ਹੁਨਰ ਦੀ ਕਮੀ ਤੇ ਮਨਪਸੰਦ ਕੰਮ ਦੀ ਜ਼ਿੱਦ।ਸਰਕਾਰਾਂ ਰੁਜ਼ਗਾਰ ਦੇ ਮੌਕੇ ਪੈਦਾ ਕਰ ਰਹੀਆਂ ਹਨ, ਪਰ ਨੌਜਵਾਨ ਦਫ਼ਤਰ ਦੀ ਸੀਟ ਨਾਲੋਂ ਆਨਲਾਈਨ ਫੇਮ ਨੂੰ ਵੱਧ ਤਰਜੀਹ ਦੇ ਰਿਹਾ ਹੈ। ਜਦੋਂ ਨੌਜਵਾਨ ਦੀਆਂ ਤਰਜੀਹਾਂ ਹੀ ਗਲਤ ਹੋ ਜਾਣ ਤਾਂ ਭਵਿੱਖ ਖਤਰੇ ਵਿੱਚ ਪੈਂਦਾ ਹੈ।

ਮਾਨਸਕ ਸਿਹਤ ਦਾ ਸੰਕਟ ਵਧਦਾ ਜਾ ਰਿਹਾ ਹੈ। ਸੋਸ਼ਲ ਮੀਡੀਆ ਦੇ ਲਾਈਕਸ ਦਾ ਦਬਾਅ, ਖੂਬਸੂਰਤੀ ਦੇ ਨਵੇਂ ਮਾਪਦੰਡ, ਦਿਖਾਵੇ ਦੀ ਤੁਲਨਾ ਇਹ ਸਭ ਮਨੋਵਿਗਿਆਨਕ ਬਿਮਾਰੀਆਂ ਨੂੰ ਜਨਮ ਦੇ ਰਹੇ ਹਨ। ਵਿਸ਼ਵ ਸਿਹਤ ਸੰਸਥਾ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ 15-30 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਡਿਪ੍ਰੈਸ਼ਨ ਦੀ ਦਰ 35 ਫੀਸਦੀ ਤੱਕ ਪਹੁੰਚ ਚੁੱਕੀ ਹੈ। ਇਹ ਖੌਫ਼ਨਾਕ ਅੰਕੜਾ ਹੈ। ਜੋ ਚਿੰਤਾ ਪੈਦਾ ਕਰ ਰਿਹਾ ਹੈ।

ਪਰਵਾਰਕ ਵਾਤਾਵਰਨ 'ਚ ਬਦਲਾਅ ਆ ਗਏ ਹਨ। ਪਹਿਲਾਂ ਪਰਵਾਰ ਨੌਜਵਾਨਾਂ ਨੂੰ ਤਜਰਬੇ, ਸੰਸਕਾਰ, ਸਹੀ ਦਿਸ਼ਾ ਦਿੰਦਾ ਸੀ। ਹੁਣ ਅਕਸਰ ਬੱਚਿਆਂ ਨੂੰ ਗੈਜੇਟ ਦਿੱਤੇ ਜਾਂਦੇ ਹਨ ਤਾਂ ਜੋ ਉਹ ਚੁੱਪ ਰਹਿਣ।ਅਸੀਂ ਆਪਣੀ ਟੈਨਸ਼ਨ ਜਾਂ ਸਕੂਲਾਂ 'ਤੇ ਸੁੱਟ ਰਹੇ ਹਾਂ ਜਾਂ ਆਪ ਮਿਹਨਤ ਕਰਨ ਦੀ ਬਜਾਏ ਬੱਚਿਆਂ ਨੂੰ ਗੈਜੇਟ ਲੈ ਕੇ ਦੇ ਰਹੇ ਹਾਂ।ਮਾਪੇ ਵੀ ਆਪਣੇ ਕੰਮ, ਫੋਨ, ਡਿਜੀਟਲ ਦੁਨੀਆ ਵਿੱਚ ਵੱਧ ਰੁਝ ਗਏ ਹਨ, ਜਿਸ ਕਰਕੇ ਨੌਜਵਾਨਾਂ ਵਿੱਚ ਪ੍ਰੇਰਨਾ ਅਤੇ ਮੰਤਵ ਦੀ ਘਾਟ ਵਧ ਰਹੀ ਹੈ।

ਡਿਜੀਟਲ ਜ਼ਹਿਰ ਦਾ ਸੱਭਿਆਚਾਰ ਫੈਲ ਰਿਹਾ ਹੈ। ਅੱਜ ਸਮਾਰਟਫੋਨ ਸਿਰਫ਼ ਉਪਕਰਣ ਨਹੀਂ, ਸਮਾਜਿਕ ਦਰਜੇ ਦਾ ਮਾਪਦੰਡ ਬਣ ਗਿਆ ਹੈ। ਨੌਜਵਾਨ ਸੋਚਦਾ ਹੈ ਕਿ ਜੇ ਉਸ ਕੋਲ ਨਵਾਂ ਆਈਫੋਨ ਹੈ ਤਾਂ ਹੀ ਉਹ ਸੋਸ਼ਲ ਸਰਕਲ ਵਿੱਚ ਕਬੂਲਿਆ ਜਾਂਦਾ ਹੈ। ਇਹ ਸੋਚ ਉਸ ਦੀ ਆਰਥਿਕ, ਵਿਅਕਤੀਗਤ ਤੇ ਪਰਵਾਰਕ ਤਬਾਹੀ ਦਾ ਕਾਰਨ ਬਣ ਸਕਦੀ ਹੈ।ਵਿਦੇਸ਼ ਪ੍ਰਵਾਸ ਦੀ ਲਹਿਰ ਦਾ ਜ਼ੋਰ ਹੈ। ਭਾਰਤ ਦੇ 40 ਫੀਸਦੀ ਤੋਂ ਵੱਧ ਨੌਜਵਾਨ ਵਿਦੇਸ਼ ਵਿੱਚ ਭਵਿੱਖ ਬਣਾਉਣ ਨੂੰ ਤਰਜੀਹ ਦੇ ਰਹੇ ਹਨ, ਪਰ ਜੇ ਨੌਜਵਾਨ ਬਾਹਰ ਚਲਾ ਗਿਆ ਤਾਂ ਦੇਸ਼ ਵਿੱਚ ਕੌਣ ਖੋਜ ਕਰੇਗਾ, ਕੌਣ ਉਦਮੀ ਬਣੇਗਾ, ਕੌਣ ਉਦਯੋਗ ਖੜ੍ਹੇ ਕਰੇਗਾ?

### ਖੇਡ, ਕਲਾ, ਰਚਨਾਤਮਕਤਾ ਤੋਂ ਦੂਰੀ

ਅੱਜ ਦੇ ਬੱਚੇ ਘੱਟ ਖੇਡਦੇ ਹਨ। ਖੇਡਾਂ ਦੀ ਕਮੀ ਨਾਲ ਟੀਮ ਵਰਕ, ਸਬਰ ਅਤੇ ਸਰੀਰਕ ਸਮਰੱਥਾ ਘਟਦੀ ਹੈ।ਕਲਾ-ਸੰਗੀਤ, ਥੀਏਟਰ, ਸਾਹਿਤ ਜਿਹੇ ਖੇਤਰਾਂ ਤੋਂ ਦੂਰ ਹੋ ਕੇ ਨੌਜਵਾਨ ਨੇ ਆਪਣਾ ਮਨੁੱਖਤਾਪੂਰਨ ਵਿਕਾਸ ਰੋਕ ਲਿਆ ਹੈ। ਜਿੱਧਰ ਦੇਖੋ ਮੋਬਾਇਲ ਨਾਲ ਚਿੰਬੜਿਆ ਨੌਜਵਾਨ ਮਿਲ ਜਾਵੇਗਾ। ਕੈਰੀਅਰ ਗਾਈਡੈਂਸ ਦੀ ਕਮੀ ਪਾਈ ਜਾ ਰਹੀ ਹੈ। ਸਕੂਲਾਂ ਅਤੇ ਕਾਲਜਾਂ ਵਿੱਚ ਕੈਰੀਅਰ ਕੌਂਸਲਿੰਗ ਦੀ ਕਮੀ ਹੈ।

ਅਧਿਆਪਕ ਰਟਨ ਤੇ ਨਤੀਜਿਆਂ 'ਤੇ ਧਿਆਨ ਦਿੰਦੇ ਹਨ, ਹੁਨਰ, ਇਨੋਵੇਸ਼ਨ ਅਤੇ ਰਚਨਾਤਮਿਕਤਾ 'ਤੇ ਨਹੀਂ। ਰਾਜਨੀਤਕ ਪਾਰਟੀਆਂ ਸੱਤਾ ਲਈ ਨੌਜਵਾਨ ਨੂੰ ਵਰਤ ਰਹੀਆਂ ਹਨ। ਰੈਲੀਆਂ, ਧਾਰਮਿਕ ਜਲੂਸਾਂ, ਲੰਗਰਾਂ, ਭੰਡਾਰੇ ਲਈ ਨੌਜਵਾਨ ਵਰਤਿਆ ਜਾ ਰਿਹਾ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਸਰਕਾਰਾਂ ਖੁਦ ਹੀ ਨਹੀਂ ਚਾਹੁੰਦੀਆਂ ਕਿ ਇਹ ਗਿਆਨ ਹਾਸਲ ਕਰਨ। ਸਮੱਸਿਆਵਾਂ ਵਧ ਰਹੀਆਂ ਹਨ, ਇਸ ਦੇ ਹੱਲ ਕੀ ਹੋਣ, ਵੱਡਾ ਪ੍ਰਸ਼ਨ ਹੈ।

ਸੋਸ਼ਲ ਮੀਡੀਆ ਲਿਮਿਟ ਦਿਨ ਦਾ 1 ਘੰਟਾ ਕਾਫ਼ੀ ਹੈ। ਇਸ 'ਤੇ ਕੰਟਰੋਲ ਕਰਨਾ ਪਵੇਗਾ। ਹੁਨਰ-ਆਧਾਰਤ ਕੋਰਸ-ਏ ਆਈ, ਡਿਜੀਟਲ ਮਾਰਕੀਟਿੰਗ, ਰੋਬੋਟਿਕਸ 'ਤੇ ਕੰਮ ਕਰਨਾ ਪਵੇਗਾ।ਸਟਾਰਟਅੱਪ ਇੰਕਿਊਬੇਸ਼ਨ ਸਹਾਇਤਾ ਦੇਣੀ ਪਵੇਗੀ। ਸਰਕਾਰ ਵੱਲੋਂ ਨੌਜਵਾਨ-ਨਵੀਨਤਾ ਸਕੀਮਾਂ ਲਿਆਉਣ ਦੀ ਪਹਿਲ ਕਰਨੀ ਪਵੇਗੀ। ਸਰੀਰਕ ਖੇਡਾਂ ਦੀ ਪ੍ਰਮੋਸ਼ਨ ਲਈ ਕੋਸ਼ਿਸ਼ਾਂ ਹੋਣ। ਪਰਿਵਾਰਕ ਸੰਚਾਰ-ਮਾਪਿਆਂ ਦੀ ਭੂਮਿਕਾ ਬਹੁਤ ਜ਼ਰੂਰੀ ਹੈ।ਸਕੂਲ ਪੱਧਰ 'ਤੇ ਕੈਰੀਅਰ ਗਾਈਡੈਂਸ ਸੈੱਲ ਖੋਲ੍ਹੇ ਜਾਣ।

ਇਹ ਸਭ ਮਿਲ ਕੇ ਨੌਜਵਾਨੀ ਨੂੰ ਦਿਸ਼ਾ ਦੇ ਸਕਦੇ ਹਨ। ਸਰਕਾਰਾਂ ਨੂੰ ਵੀ ਆਪਣੀਆਂ ਤਰਜੀਹਾਂ ਬਦਲਣੀਆਂ ਪੈਣਗੀਆਂ, ਇਹ ਉਹਨਾਂ ਨੇ ਨਿਰਧਾਰਤ ਕਰਨਾ ਕਿ ਉਹਨਾਂ ਨੇ ਦੇਸ਼ ਦੇ ਨੌਜਵਾਨ ਨੂੰ ਆਟਾ-ਦਾਲ ਦੇ ਕੇ ਸਿਰਫ ਵੋਟ ਬੈਂਕ ਦੇ ਤੌਰ 'ਤੇ ਵਰਤਣਾ ਕਿ ਉਹਨੂੰ ਵਿਕਾਸ ਦਾ ਹਿੱਸਾ ਬਣਾਉਣਾ ਹੈ।

ਭਾਰਤੀ ਨੌਜਵਾਨ ਦੀ ਸ਼ਕਤੀ ਨੂੰ ਪਛਾਣਨ ਦੀ ਲੋੜ ਹੈ।ਅੱਜ ਵੀ ਭਾਰਤ ਵਿੱਚ ਬਹੁਤ ਸਾਰੇ ਨੌਜਵਾਨ ਮਿਹਨਤੀ, ਉਤਸ਼ਾਹੀ ਅਤੇ ਰਚਨਾਤਮਿਕ ਹਨ। ਟੈਕਨਾਲੋਜੀ, ਖੇਡਾਂ, ਉਦਯੋਗ, ਰਿਸਰਚ ਵਿੱਚ ਸੈਂਕੜੇ ਨਾਂਅ ਅੰਤਰਰਾਸ਼ਟਰੀ ਪੱਧਰ 'ਤੇ ਚਮਕ ਰਹੇ ਹਨ।ਇਹ ਸਾਬਤ ਕਰਦਾ ਹੈ ਕਿ ਸੰਭਾਵਨਾ ਜ਼ਿੰਦਾ ਹੈ।

ਨਤੀਜੇ ਦੀ ਗੱਲ ਕਰੀਏ ਤਾਂ ਆਈਫੋਨ, ਫੈਸ਼ਨ, ਰੀਲ੍ਹਾਂ, ਦਿਖਾਵੇ—ਇਹ ਸਿਰਫ਼ ਸਮੇਂ ਦੀ ਖੁਸ਼ੀ ਹੈ, ਪਰ ਜੀਵਨ ਦੀ ਤਾਕਤ ਨਹੀਂ।ਦੇਸ਼ ਦਾ ਭਵਿੱਖ ਨੌਜਵਾਨ ਦੇ ਮੱਥੇ ਤੇ ਹੱਥਾਂ ਵਿੱਚ ਹੈ, ਪਰ ਜੇਕਰ ਉਹੀ ਸੋਚ ਬੇ-ਦਿਸ਼ਾ ਹੋ ਜਾਵੇ ਤਾਂ ਤਰੱਕੀ ਪੈਰੋਂ ਹਟ ਜਾਂਦੀ ਹੈ।ਨੌਜਵਾਨ ਕਿਸੇ ਵੀ ਰਾਸ਼ਟਰ ਦਾ ਸਭ ਤੋਂ ਵੱਡਾ ਹਥਿਆਰ, ਸਭ ਤੋਂ ਵੱਡੀ ਤਾਕਤ ਅਤੇ ਸਭ ਤੋਂ ਵੱਡੀ ਉਮੀਦ ਹੁੰਦਾ ਹੈ। ਜ਼ਰੂਰਤ ਇਸ ਗੱਲ ਦੀ ਹੈ ਕਿ ਉਹ ਦਿਖਾਵੇ ਤੋਂ ਦਿਸ਼ਾ ਵੱਲ, ਰੀਲ੍ਹਾਂ ਤੋਂ ਰੀਅਲ ਜੀਵਨ ਵੱਲ, ਮੋਬਾਇਲ ਤੋਂ ਮਕਸਦ ਵੱਲ ਮੁੜੇ।ਕਿਸੇ ਨੇ ਸਹੀ ਕਿਹਾ ਹੈ- ਜਵਾਨੀ ਜਾਗਦੀ ਹੈ ਤਾਂ ਕੌਮ ਜਾਗਦੀ ਹੈ, ਜਵਾਨੀ ਸੌਂਵੇਂ ਤਾਂ ਇਤਿਹਾਸ ਡਗਮਗਾ ਜਾਂਦੇ ਹਨ। ਇਸ ਲਈ ਲੋੜ ਹੈ ਸਮਾਜ, ਸਰਕਾਰ ਤੇ ਨੌਜਵਾਨ ਦੁਆਰਾ ਸਹੀ ਦਿਸ਼ਾ ਚੁਣੀ ਜਾਵੇ। ਤਰੱਕੀ ਦੇ ਨਵੇਂ ਪੰਨੇ ਲਿਖੇ ਜਾਣ।

# ਸੰਪਰਕ : 94636-03091

# ਵੱਖ-ਵੱਖ ਹਾਦਸਿਆਂ 'ਚ ਚਾਰ ਦੀ ਮੌਤ, 3 ਗੰਭੀਰ ਜ਼ਖ਼ਮੀ

## ਰੇਲਵੇ ਲਾਈਨਾਂ ਨਜ਼ਦੀਕ ਝਾੜੀਆਂ 'ਚੋਂ ਮਿਲੀ ਲਾਸ਼



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਥਾਨਕ ਸ਼ਹਿਰ ਰਾਮਪੁਰਾ ਫੂਲ ਤੇ ਆਸ-ਪਾਸ ਦੇ ਖੇਤਰਾਂ ਵਿੱਚ ਵੱਖ ਵੱਖ ਹਾਦਸਿਆਂ ਵਿੱਚ ਚਾਰ ਦੀ ਮੌਤ ਤੇ ਤਿੰਨ ਗੰਭੀਰ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਸਹਾਰਾ ਸਮਾਂ ਸੇਵਾ ਦੇ ਮੁਖੀ ਸੰਦੀਪ ਵਰਮਾ ਨੇ ਦੱਸਿਆ ਕਿ ਪਿੰਡ ਸੰਘੇੜਾ ਜ਼ਿਲ੍ਹਾ ਬਰਨਾਲਾ ਤੋਂ ਧਵਨਪ੍ਰੀਤ ਸਿੰਘ ਪੁੱਤਰ ਦਰਸ਼ਨ ਸਿੰਘ ਆਪਣੀ ਮਾਤਾ ਅਮਰਜੀਤ ਕੌਰ ਤੇ ਪਤਨੀ ਕਿਰਨਦੀਪ ਕੌਰ ਨੂੰ ਆਪਣੀ ਕਾਰ ਰਾਹੀਂ ਪਿੰਡ ਸੰਘੇੜਾ ਤੋਂ ਬਠਿੰਡਾ ਦਵਾਈ ਲੈਣ ਜਾ ਰਿਹਾ ਸੀ ਤਾਂ ਬਠਿੰਡਾ-ਬਰਨਾਲਾ ਨੈਸ਼ਨਲ ਹਾਈਵੇ ਮਾਰਗ 'ਤੇ ਸਥਿਤ ਡੂਨ ਪਬਲਿਕ ਸਕੂਲ ਦੇ ਨਜ਼ਦੀਕ ਕੁਦਰਤੀ ਤੇ ਅਚਾਨਕ ਕਾਰ ਟਰੱਕ ਨਾਲ ਟਕਰਾ ਗਈ ਤੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਇਲਾਜ ਲਈ ਨਿੱਜੀ ਹਸਪਤਾਲ ਰਾਮਪੁਰਾ ਵਿਖੇ ਦਾਖਲ ਕਰਵਾਇਆ ਗਿਆ।

ਇੱਕ ਹੋਰ ਮਾਮਲੇ 'ਚ ਫੂਲ ਰੋਡ 'ਤੇ ਸਥਿਤ ਬਾਲਾ ਜੀ ਵੀਡ ਫੈਕਟਰੀ ਦੇ ਨਜ਼ਦੀਕ ਇਕ ਨੌਜਵਾਨ ਗੁਰਪ੍ਰੀਤ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਫੂਲ ਟਾਊਨ, ਜੋ ਕਿ ਰਾਮਪੁਰਾ ਤੋਂ ਆਪਣੇ ਪਿੰਡ ਜਾ ਰਿਹਾ ਸੀ ਤਾਂ ਟਰੱਕ ਨੇ ਟੱਕਰ ਮਾਰ ਦਿੱਤੀ, ਜਿਸ 'ਤੇ ਉਹ ਗੰਭੀਰ ਜ਼ਖ਼ਮੀ ਹੋ ਗਿਆ। ਉਸ ਨੂੰ ਤੁਰੰਤ ਸਿਵਲ ਹਸਪਤਾਲ ਵਿਖੇ ਲਿਆਂਦਾ ਗਿਆ, ਜਿੱਥੇ ਡਾਕਟਰਾਂ ਵੱਲੋਂ ਇਲਾਜ ਦੌਰਾਨ ਮ੍ਰਿਤਕ ਘੋਸ਼ਿਤ ਕੀਤਾ ਗਿਆ। ਥਾਣਾ ਸਿਟੀ ਰਾਮਪੁਰਾ ਨੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਮਾਮਲਾ ਦਰਜ ਕਰਕੇ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

ਇਸੇ ਤਰ੍ਹਾਂ ਹੀ ਮੰਡੀ ਰੋਡ 'ਤੇ ਸਥਿਤ ਪਿੰਡ ਕੋਠੇ ਮੰਡੀ ਕਲਾਂ ਦਾ ਨੌਜਵਾਨ ਹਰਪ੍ਰੀਤ ਪੁੱਤਰ ਜੋਗਾ ਰਾਮ ਆਪਣੇ ਘਰ ਦੇ ਅੱਗੇ ਪੈਦਲ ਜਾ ਰਿਹਾ ਸੀ ਤਾਂ ਕਾਰ ਨੇ ਫੇਟ ਮਾਰ ਦਿੱਤੀ, ਉਸ ਨੂੰ ਹਸਪਤਾਲ ਲਿਆਂਦਾ ਗਿਆ ਤਾਂ ਉਸ ਦੀ ਮੌਤ ਹੋ ਗਈ। ਥਾਣਾ ਬਾਲਿਆਂਵਾਲੀ ਪੁਲਸ ਨੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਵੱਖ ਵੱਖ ਧਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕੀਤੀ। ਇਕ ਹੋਰ ਮਾਮਲੇ 'ਚ ਰੇਲਵੇ ਸਟੇਸ਼ਨ ਰਾਮਪੁਰਾ ਫੂਲ ਤੋਂ ਥੋੜ੍ਹੀ ਦੂਰੀ 'ਤੇ ਰੇਲਵੇ ਲਾਈਨਾਂ ਨਜ਼ਦੀਕ ਝਾੜੀਆਂ ਵਿੱਚੋਂ ਨੌਜਵਾਨ ਦੀ ਲਾਸ਼ ਮਿਲੀ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਕ੍ਰਿਸ਼ਨ ਕੁਮਾਰ ਪੁੱਤਰ ਸ਼ਿਵ ਕੁਮਾਰ ਵਾਸੀ ਡਿਸਪੋਜ਼ਲ ਪਲਾਂਟ ਭੁੱਚੋ ਮੰਡੀ ਦੇ ਮਾਂ-ਬਾਪ ਤੇ ਭੈਣ-ਭਰਾ ਦੀ ਪਿਛਲੇ ਸਮੇਂ ਦੌਰਾਨ ਮੌਤ ਹੋ ਚੁੱਕੀ ਸੀ। ਇਸ ਦੀ ਦਿਮਾਗੀ ਹਾਲਤ ਠੀਕ ਨਹੀਂ ਸੀ ਤੇ ਪ੍ਰੇਸ਼ਾਨ ਰਹਿੰਦਾ ਸੀ। ਜੀ ਆਰ ਪੀ ਪੁਲਸ ਚੌਕੀ ਰਾਮਪੁਰਾ ਨੇ 194 ਬੀ ਐੱਨ ਐੱਸ ਦੀ ਕਾਰਵਾਈ ਕਰਦਿਆਂ ਅਮਲ ਵਿੱਚ ਲਿਆਂਦੀ। ਇਸੇ ਤਰ੍ਹਾਂ ਹੀ ਰਾਮਪੁਰਾ ਫੂਲ ਰੇਲਵੇ ਸਟੇਸ਼ਨ ਤੋਂ ਨਜ਼ਦੀਕ ਨੌਜਵਾਨ ਵਰਿੰਦਰ ਸਿੰਘ ਪੁੱਤਰ ਜੀਤ ਸਿੰਘ ਵਾਸੀ ਗਾਂਧੀ ਨਗਰ ਗਲੀ ਨੰਬਰ 7, ਜੋ ਕਿ ਆਪਣੀ ਪੈਨਸ਼ਨ ਲੈਣ ਲਈ ਬੈਂਕ ਜਾ ਰਿਹਾ ਸੀ, ਰੇਲਵੇ ਲਾਈਨਾਂ ਪਾਰ ਕਰਦੇ ਸਮੇਂ ਮਾਲ ਗੱਡੀ ਨੇ ਟੱਕਰ ਮਾਰ ਦਿੱਤੀ, ਜਿਸਦੀ ਮੌਕੇ 'ਤੇ ਹੀ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਇਹ ਇੱਕ ਸਧਾਰਨ ਨੌਜਵਾਨ ਸੀ, ਇਸ ਨੂੰ ਦੌਰੇ ਪੈਂਦੇ ਸਨ, ਜੀ ਆਰ ਪੀ ਰੇਲਵੇ ਪੁਲਸ ਨੇ ਪਰਿਵਾਰਕ ਮੈਂਬਰ ਦੇ ਬਿਆਨਾਂ 'ਤੇ ਕਾਰਵਾਈ ਕਰਦਿਆਂ ਅਮਲ ਵਿੱਚ ਲਿਆਂਦੀ। ਸੰਦੀਪ ਵਰਮਾ ਨੇ ਦੱਸਿਆ ਕਿ ਵੱਖ ਵੱਖ ਹਾਦਸਿਆਂ ਵਿੱਚ ਮ੍ਰਿਤਕ ਨੌਜਵਾਨਾਂ ਦਾ ਪੁਲਸ ਵੱਲੋਂ ਪੋਸਟਮਾਰਟਮ ਕਰਵਾ ਕੇ ਅੰਤਿਮ ਸੰਸਕਾਰ ਕਰਨ ਲਈ ਲਾਸ਼ਾਂ ਪਰਿਵਾਰਕ ਮੈਂਬਰਾਂ ਦੇ ਹਵਾਲੇ ਕੀਤੀਆਂ ਗਈਆਂ।

# ਕੈਨੇਡਾ ਸਿਟੀਜ਼ਨ ਬਜ਼ੁਰਗ ਨਸ਼ੀਲੀਆਂ ਪਿੰਨੀਆਂ ਲਿਜਾਂਦਾ ਦਿੱਲੀ ਏਅਰਪੋਰਟ ਤੋਂ ਗ੍ਰਿਫ਼ਤਾਰ

**ਕੋਟਕਪੂਰਾ (ਸ਼ਾਮ ਲਾਲ ਚਾਵਲਾ)**-ਦਿੱਲੀ ਏਅਰ ਪੋਰਟ ਤੋਂ ਕੈਨੇਡਾ ਸਿਟੀਜ਼ਨ 70 ਸਾਲਾ ਬਾਬਾ ਹਰਚਰਨ ਸਿੰਘ ਨਸ਼ੀਲੀਆਂ ਪਿੰਨੀਆਂ ਲੈ ਜਾਂਦਾ ਹੋਇਆ ਇਮੀਗਰੇਸ਼ਨ ਅਧਿਕਾਰੀਆਂ ਨੇ ਗ੍ਰਿਫਤਾਰ ਕੀਤਾ ਹੈ। ਇਹ ਹੈਰਾਨੀਜਨਕ ਮਾਮਲਾ ਇਸ ਤਰਵਾਂ ਹੋਇਆ ਕਿ ਪੰਜਾਬ ਦੇ ਜਲੰਧਰ ਜ਼ਿਲ੍ਹੇ ਦਾ ਜੰਮਪਲ ਬਾਬਾ ਹਰਚਰਨ ਸਿੰਘ ਪਿਛਲੇ ਸਮੇਂ ਤੋਂ ਆਪਣੇ ਬੱਚਿਆਂ ਨਾਲ ਕੈਨੇਡਾ ਵਿੱਚ ਸਿਟੀਜ਼ਨਸ਼ਿਪ ਪ੍ਰਾਪਤ ਕਰ ਚੁੱਕਿਆ ਹੈ। ਉਹ ਪਿਛਲੇ ਦਿਨੀਂ ਕੈਨੇਡਾ ਤੋਂ ਪੰਜਾਬ ਆਇਆ ਹੋਇਆ ਸੀ। ਹੁਣ ਜਦੋਂ ਉਹ ਪੰਜਾਬ ਤੋਂ ਕੈਨੇਡਾ ਲਈ ਜਾਣ ਵਾਸਤੇ ਦਿੱਲੀ ਏਅਰ ਪੋਰਟ 'ਤੇ ਪਹੁੰਚਿਆ ਤਾਂ ਇਮੀਗਰੇਸ਼ਨ ਅਧਿਕਾਰੀਆਂ ਨੇ ਉਸ ਦੀ ਚੈਕਿੰਗ ਕਰਦਿਆਂ ਉਸ ਦੇ ਅਟੈਚੀ ਵਿੱਚੋਂ ਖਾਣ ਵਾਲੀਆਂ ਘਰੇਲੂ ਬਣੀਆਂ ਪਿੰਨੀਆਂ ਨੂੰ ਇਸ ਕਰਕੇ ਬਰਾਮਦ ਕੀਤਾ, ਕਿਉਂਕਿ ਉਸ ਵਿੱਚ ਅਫੀਮ ਮਿਲਾਈ ਹੋਈ ਸੀ। ਇੱਕ ਡੱਬਾ ਪਿੰਨੀਆਂ ਬਾਬੇ ਨੇ ਆਪਣੇ ਵਾਸਤੇ ਤੇ ਬਾਕੀ ਪਿੰਨੀਆਂ ਹੋਰ ਕਿਸੇ ਵਾਸਤੇ ਰੱਖੀਆਂ ਸਨ। ਪੁੱਛਗਿੱਛ ਦੌਰਾਨ ਬਾਬੇ ਨੇ ਦੱਸਿਆ ਕਿ ਇਹ ਪਿੰਨੀਆਂ ਉਸ ਦੇ ਕਿਸੇ ਰਿਸ਼ਤੇਦਾਰ ਨੇ ਆਪਣੇ ਰਿਸ਼ਤੇਦਾਰ ਲਈ ਭੇਜੀਆਂ ਹਨ।

ਇਸ ਵਿੱਚ ਮਿਲਾਈ ਹੋਈ ਅਫੀਮ ਬਾਰੇ ਬਾਬਾ ਕਹਿੰਦਾ ਮੈਨੂੰ ਕੋਈ ਪਤਾ ਨਹੀਂ। ਪਿੰਨੀਆਂ ਵਿੱਚ ਅਫੀਮ ਕਿਸ ਨੇ ਮਿਲਾਈ, ਪਿੰਨੀਆਂ ਕਿਸ ਲਈ ਜਾ ਰਹੀਆਂ ਸਨ ਜਾਂ ਪਿੰਨੀਆਂ ਕਿਸ ਨੇ ਕਿਸ ਵਾਸਤੇ ਫੜਾਈਆਂ ਇਹ ਸਾਰਾ ਜਾਂਚ ਦਾ ਵਿਸ਼ਾ ਹੈ, ਪਰ ਫਿਲਹਾਲ ਬਾਬਾ ਪੁਲਸ ਦੀ ਹਿਰਾਸਤ ਵਿੱਚ ਹੈ। ਬਾਬੇ ਦੇ ਕੈਨੇਡਾ ਵਸਦੇ ਬੱਚਿਆਂ ਨੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਇਹ ਪਿੰਨੀਆਂ ਉਨ੍ਹਾਂ ਦੇ ਕਿਸੇ ਦੂਰ ਦੇ ਰਿਸ਼ਤੇਦਾਰ ਨੇ ਭੇਜੀਆਂ ਹਨ, ਪਰ ਇਸ ਤੋਂ ਸਾਨੂੰ ਸਾਰਿਆਂ ਨੂੰ ਸਬਕ ਲੈਣਾ ਚਾਹੀਦਾ ਹੈ ਕਿ ਕਿਸੇ ਦਾ ਸਾਮਾਨ ਨਾ ਲਿਜਾਉ ਤੇ ਨਾ ਹੀ ਮੁਸੀਬਤਾਂ ਸਹੇੜੋ।

# ਟਰਾਈਡੈਂਟ ਗਰੁੱਪ ਦੇ ਮੈਗਾ ਮੈਡੀਕਲ ਕੈਂਪ 'ਚ ਮਾਹਰ ਡਾਕਟਰਾਂ ਨੇ ਦੱਸੇ ਤੰਦਰੁਸਤ ਰਹਿਣ ਦੇ ਨੁਕਤੇ

## ਤੀਜੇ ਪੜਾਅ ਦੇ ਦੂਜੇ ਦਿਨ ਕੈਂਪ 'ਚ ਵੱਡੀ ਗਿਣਤੀ 'ਚ ਪੁੱਜੇ ਮਰੀਜ਼



**ਬਰਨਾਲਾ (ਰਾਜਿੰਦਰ ਬਰਾੜ)** ਟਰਾਈਡੈਂਟ ਗਰੁੱਪ ਦੁਆਰਾ 29 ਅਕਤੂਬਰ ਨੂੰ ਸ਼ੁਰੂ ਕੀਤੇ ਗਏ 'ਫ੍ਰੀ ਮੈਗਾ ਮੈਡੀਕਲ ਕੈਂਪ 2025' ਦੇ 13 ਨਵੰਬਰ ਨੂੰ ਤੀਜੇ ਪੜਾਅ ਦੇ ਦੂਜੇ ਦਿਨ ਹਜ਼ਾਰਾਂ ਦੀ ਗਿਣਤੀ 'ਚ ਪੁੱਜੇ ਮਰੀਜ਼ਾਂ ਨੇ ਜਿੱਥੇ ਸੀ.ਐੱਮ.ਸੀ. ਹਸਪਤਾਲ ਲੁਧਿਆਣਾ ਦੇ ਮਾਹਰ ਡਾਕਟਰਾਂ ਤੋਂ ਇਲਾਜ ਕਰਵਾ ਮੁਫ਼ਤ 'ਚ ਦਵਾਈਆਂ ਹਾਸਲ ਕੀਤੀਆਂ, ਉੱਥੇ ਹੀ ਟਰਾਈਡੈਂਟ ਗਰੁੱਪ ਵੱਲੋਂ ਕੀਤੇ ਜਾ ਰਹੇ ਇਸ ਨੇਕ ਉਪਰਾਲੇ ਲਈ ਗਰੁੱਪ ਦੇ ਸੰਸਥਾਪਕ ਤੇ ਰਾਜ ਸਭਾ ਮੈਂਬਰ ਪਦਮਸ਼੍ਰੀ ਰਾਜਿੰਦਰ ਗੁਪਤਾ, ਸੀ.ਐੱਸ.ਆਰ. ਹੈੱਡ ਮੈਡਮ ਮਧੂ ਗੁਪਤਾ ਤੇ ਸੀ.ਐਸ.ਓ. ਸ੍ਰੀ ਅਭਿਸ਼ੇਕ ਗੁਪਤਾ ਦਾ ਤਹਿ ਦਿਲੋਂ ਧੰਨਵਾਦ ਕੀਤਾ।ਲੋਕਾਂ ਨੇ ਟਰਾਈਡੈਂਟ ਗਰੁੱਪ ਦੀ ਤਾਰੀਫ਼ ਤੇ ਸਮਾਜ ਸੇਵਾ ਦੇ ਖੇਤਰ ਵਿੱਚ ਅਜਿਹੇ ਕਾਰਜ ਲਗਾਤਾਰ ਜਾਰੀ ਰੱਖਣ ਦੀ ਉਮੀਦ ਪ੍ਰਗਟਾਈ।ਕੈਂਪ ਵਿੱਚ ਟਰਾਈਡੈਂਟ ਗਰੁੱਪ ਦੇ ਸਟਾਫ਼ ਮੈਂਬਰ ਕੈਂਪ ਇੰਚਾਰਜ ਪਵਨ ਸਿੰਗਲਾ, ਚਰਨਜੀਤ ਸਿੰਘ, ਇੰਜ. ਤਰਸੇਮ ਸਿੰਘ, ਜਗਰਾਜ ਪੰਡੋਰੀ, ਗੁਰਵਿੰਦਰ ਕੌਰ, ਰੁਪਿੰਦਰ ਕੌਰ, ਰੀਚਾ ਪ੍ਰਭਾਕਰ, ਗੁਰਪ੍ਰੀਤ ਸਿੰਘ, ਗੁਰਦੀਪ ਸਿੰਘ, ਚਰਨਜੀਤ ਸਿੰਘ ਤੇ ਨਰਿੰਦਰ ਸਿੰਘ ਮਰੀਜ਼ਾਂ ਦੀ ਹਰ ਸੰਭਵ ਸਹਾਇਤਾ ਕਰ ਰਹੇ ਹਨ ਤਾਂ ਜੋ ਕਿਸੇ ਨੂੰ ਵੀ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ।

ਕੈਂਪ ਦੌਰਾਨ ਮਰੀਜ਼ਾਂ ਦਾ ਇਲਾਜ ਕਰ ਰਹੇ ਸੀ.ਐੱਮ.ਸੀ. ਹਸਪਤਾਲ ਲੁਧਿਆਣਾ ਦੇ ਮਾਹਰ ਡਾਕਟਰਾਂ ਨੇ ਮਰੀਜ਼ਾਂ ਨਾਲ ਤੰਦਰੁਸਤ ਰਹਿਣ ਦੇ ਆਮ ਨੁਕਤੇ ਵੀ ਸਾਂਝੇ ਕੀਤੇ।ਇਸ ਮੌਕੇ ਡਾ. ਸ਼ਰੌਨ ਅਠਵਾਲ ਐੱਮ.ਡੀ. ਮੈਡੀਸਨ ਨੇ ਕਿਹਾ ਕਿ ਕੈਂਪ 'ਚ ਸਾਹਮਣੇ ਆਇਆ ਕਿ ਜ਼ਿਆਦਾਤਰ ਮਰੀਜ਼ਾਂ ਨੂੰ ਸ਼ੂਗਰ ਤੇ ਬੀ.ਪੀ. ਦੀ ਸਮੱਸਿਆ ਤੋਂ ਪੀੜਤ ਹਨ, ਜਿਸ 'ਤੇ ਸ਼ੁਰੂਆਤੀ ਸਮੇਂ ਦੌਰਾਨ ਹੀ ਕੰਟਰੋਲ ਨਾ ਕਰਨ ਕਾਰਨ ਮਰੀਜ਼ਾਂ ਨੂੰ ਹੋਰ ਗੰਭੀਰ ਬਿਮਾਰੀਆਂ ਵੀ ਘੇਰ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਬੀਪੀ ਤੇ ਸ਼ੂਗਰ ਦੀ ਸ਼ੁਰੂਆਤ ਨੂੰ ਪਛਾਣਨਾ ਬਹੁਤ ਜ਼ਰੂਰੀ ਹੈ।ਸ਼ੂਗਰ ਦੇ ਮਰੀਜ਼ ਨੂੰ ਜਿਆਦਾ ਪਿਆਸ ਲੱਗਣੀ, ਵਾਰ-ਵਾਰ ਪਿਸ਼ਾਬ ਆਉਣਾ (ਖਾਸ ਕਰਕੇ ਰਾਤ ਨੂੰ), ਥਕਾਵਟ ਤੇ ਭਾਰ ਘਟਣਾ ਮੁੱਖ ਲੱਛਣ ਹੋ ਸਕਦੇ ਹਨ, ਜਦੋਂ ਕਿ ਬੀ.ਪੀ ਦੀ ਸਮੱਸਿਆ ਜ਼ਿਆਦਾਤਰ ਮਾਮਲਿਆਂ ਵਿੱਚ ਕੋਈ ਸਪੱਸ਼ਟ ਲੱਛਣ ਨਹੀਂ ਦਿਖਾਉਂਦੀ, ਜਿਸ ਕਾਰਨ ਇਸ ਨੂੰ 'ਸਾਈਲੈਂਟ ਕਿਲਰ' ਵੀ ਕਿਹਾ ਜਾਂਦਾ ਹੈ।ਇਨ੍ਹਾਂ ਬਿਮਾਰੀਆਂ ਤੋਂ ਬਚਾਅ ਲਈ ਨਿਯਮਤ ਕਸਰਤ ਕਰਨਾ, ਫਾਸਟ ਫੂਡ ਤੋਂ ਪਰਹੇਜ਼, ਸੰਤੁਲਿਤ ਤੇ ਘੱਟ ਨਮਕ ਵਾਲੀ ਖੁਰਾਕ ਲੈਣਾ, ਤਣਾਅ ਤੋਂ ਮੁਕਤ ਰਹਿਣਾ ਤੇ ਸਭ ਤੋਂ ਜ਼ਰੂਰੀ ਸਮੇਂ-ਸਮੇਂ 'ਤੇ ਸਿਹਤ ਦੀ ਜਾਂਚ ਕਰਵਾਉਣਾ ਲਾਜ਼ਮੀ ਹੈ।ਉਨ੍ਹਾਂ ਖਾਸ ਤੌਰ 'ਤੇ ਤੰਬਾਕੂਨੋਸ਼ੀ ਤੇ ਜ਼ਿਆਦਾ ਚੀਨੀ ਵਾਲੇ ਪਦਾਰਥਾਂ ਤੋਂ ਪਰਹੇਜ਼ ਕਰਨ ਅਤੇ ਆਪਣੇ ਭਾਰ 'ਤੇ ਕੰਟਰੋਲ ਰੱਖਣ ਦੀ ਸਲਾਹ ਦਿੱਤੀ। ਕੈਂਪ ਦੌਰਾਨ ਬੱਚਿਆਂ ਦੇ ਮਾਹਰ ਡਾਕਟਰ ਜੌਰਜ਼ ਜੋਸਫ਼ ਨੇ ਮੌਜੂਦਾ ਮੌਸਮ ਵਿੱਚ ਬੱਚਿਆਂ ਨੂੰ ਡੇਂਗੂ ਅਤੇ ਖੰਘ-ਜ਼ੁਕਾਮ ਤੋਂ ਬਚਾਉਣ ਲਈ ਮਾਪਿਆਂ ਨੂੰ ਕਈ ਜ਼ਰੂਰੀ ਸਾਵਧਾਨੀਆਂ ਦੱਸੀਆਂ।ਉਨ੍ਹਾਂ ਸਲਾਹ ਦਿੱਤੀ ਕਿ ਡੇਂਗੂ ਫੈਲਾਉਣ ਵਾਲੇ ਮੱਛਰਾਂ ਦੇ ਪ੍ਰਜਨਨ ਨੂੰ ਰੋਕਣ ਲਈ ਘਰਾਂ ਦੇ ਆਲੇ-ਦੁਆਲੇ, ਗਮਲਿਆਂ ਜਾਂ ਬਰਤਨਾਂ ਵਿੱਚ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ। ਬੱਚਿਆਂ ਨੂੰ ਮੱਛਰਾਂ ਦੇ ਕੱਟਣ ਤੋਂ ਬਚਾਉਣ ਲਈ ਪੂਰੇ ਕੱਪੜੇ ਪਹਿਨਾਉਣੇ ਤੇ ਮੱਛਰ ਭਜਾਉਣ ਵਾਲੇ ਉਪਾਅ ਕਰਨੇ ਜ਼ਰੂਰੀ ਹਨ। ਖੰਘ-ਜ਼ੁਕਾਮ ਤੋਂ ਬਚਣ ਲਈ ਇਮਿਊਨਿਟੀ ਵਧਾਉਣ ਵਾਲੇ ਘਰੇਲੂ ਨੁਸਖੇ ਜਿਵੇਂ ਕਿ ਹਲਦੀ ਵਾਲਾ ਦੁੱਧ, ਭਾਫ਼ ਲੈਣਾ ਤੇ ਤੁਲਸੀ ਦੀ ਵਰਤੋਂ, ਮਾਸਕ ਪਹਿਨਣਾ ਜਾਂ ਰੱਖਣ, ਠੰਡੀਆਂ ਤੇ ਤਲੀਆਂ ਚੀਜ਼ਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਤੁਹਾਡੇ ਬੱਚੇ ਨੂੰ ਕੋਈ ਵੀ ਬਿਮਾਰੀ ਹੈ ਤਾਂ ਸੀ.ਐੱਮ.ਸੀ. ਵੱਲੋਂ ਟਰਾਈਡੈਂਟ ਗਰੁੱਪ ਦੇ ਸਹਿਯੋਗ ਨਾਲ ਬਰਨਾਲਾ 'ਚ ਕੈਂਪ ਚੱਲ ਰਿਹਾ ਹੈ, ਜੋ ਕਿ 5 ਦਸੰਬਰ ਤੱਕ ਜਾਰੀ ਰਹੇਗਾ, ਇੱਥੇ ਬੱਚਿਆਂ ਦੀ ਜਾਂਚ ਜ਼ਰੂਰ ਕਰਵਾਓ। ਵੀਰਵਾਰ ਨੂੰ ਕੈਂਪ ਦੌਰਾਨ ਵੱਡੀ ਗਿਣਤੀ 'ਚ ਪੁੱਜੇ ਮਰੀਜ਼ਾਂ ਨੇ ਜਾਂਚ ਕਰਵਾਉਂਦਿਆਂ ਦਵਾਈਆਂ ਹਾਸਲ ਕੀਤੀਆਂ। ਕੈਂਪ 'ਚ ਪੁੱਜੀ 66 ਸਾਲਾ ਬਜ਼ੁਰਗ ਨਸੀਬ ਕੌਰ, ਖੁੱਡੀ ਖੁਰਦ ਤੋਂ ਪੁੱਜੇ ਬਜ਼ੁਰਗ ਨਛੱਤਰ ਸਿੰਘ, ਵਿਰਾਸ ਚੰਦਰ, ਪਿੰਡ ਚੀਮਾ ਤੋਂ ਪੁੱਜੇ ਬਜ਼ੁਰਗ ਨਾਹਰ ਸਿੰਘ, ਪਰਮਜੀਤ ਕੌਰ ਨੇ ਆਪਣਾ ਚੈਕਅੱਪ ਕਰਵਾਉਣ ਉਪਰੰਤ ਗੱਲਬਾਤ ਕਰਦਿਆਂ ਕਿਹਾ ਕਿ ਟਰਾਈਡੈਂਟ ਗਰੁੱਪ ਵੱਲੋਂ ਲਗਾਇਆ ਗਿਆ ਇਹ ਹੈ ਸੱਚਮੁੱਚ ਹੀ ਸਾਡੇ ਲਈ ਬਹੁਤ ਫਾਇਦੇਮੰਦ ਸਾਬਿਤ ਹੋਇਆ ਹੈ, ਕਿਉਂਕਿ ਸੀ.ਐੱਮ.ਸੀ. ਲੁਧਿਆਣਾ ਵਰਗੇ ਵੱਡੇ ਹਸਪਤਾਲ ਸਾਡੀ ਪਹੁੰਚ ਤੋਂ ਕੋਹਾਂ ਦੂਰ ਸਨ।ਪਰ ਪਦਮਸ਼੍ਰੀ ਰਜਿੰਦਰ ਗੁਪਤਾ ਜੀ ਦੇ ਇਸ ਨੇਕ ਉਪਰਾਲੇ ਸਦਕਾ ਸਾਨੂੰ ਸਾਡੇ ਸ਼ਹਿਰ 'ਚ ਹੀ ਇਹ ਸਹੂਲਤਾਂ ਪ੍ਰਾਪਤ ਹੋ ਗਈਆਂ, ਜਿਸ ਲਈ ਅਸੀਂ ਗੁਪਤਾ ਜੀ ਦਾ ਕਦੇ ਦੇਣ ਨਹੀਂ ਦੇ ਸਕਦੇ।

## ਕਾਤਰਾਂ

### ਸਕੂਲਾਂ 'ਚ ਅੱਜ ਬਾਲ ਮੇਲੇ ਲਗਾਏ ਜਾਣਗੇ : ਮਾਨ



**ਸ੍ਰੀ ਮੁਕਤਸਰ ਸਾਹਿਬ ਨਵੰਬਰ (ਸ਼ਮਿਸਰਪਾਲ, ਪੁਜਾ)**-ਜ਼ਿਲ੍ਹਾ ਸਿੱਖਿਆ ਅਫਸਰ (ਐਲੀ ਸਿੱਖਿਆ) ਸ੍ਰੀ ਯਾਦਵਿੰਦਰ ਸਿੰਘ ਮਾਨ ਨੇ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸਾਰੇ ਪ੍ਰਾਇਮਰੀ ਸਕੂਲਾਂ ਵਿੱਚ 14 ਨਵੰਬਰ ਸਵੇਰੇ 10 ਵਜੇ ਬਾਲ ਮੇਲੇ ਲਗਾਏ ਜਾਣਗੇ।ਸਕੂਲਾਂ ਵਿੱਚ ਸਿੱਖਿਆਦਾਇਕ ਸਟਾਲਾਂ ਲਗਾਈਆਂ ਜਾਣਗੀਆਂ। ਬੱਚਿਆਂ ਦੇ ਮਾਪਿਆਂ ਨੂੰ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।ਸਕੂਲਾਂ ਨੂੰ ਵਿਸ਼ੇਸ਼ ਤੌਰ 'ਤੇ ਸਜਾਇਆ ਜਾਵੇਗਾ।ਦਾਖ਼ਲਾ ਮੁਹਿੰਮ 2025-26 ਦਾ ਅਗਾਜ਼ ਵੀ ਕੀਤਾ ਜਾਵੇਗਾ।

### ਡਾ. ਮਨਿੰਦਰ ਧਾਲੀਵਾਲ ਨੂੰ ਸਦਮਾ, ਮਾਤਾ ਦਾ ਦੇਹਾਂਤ



**ਧੂਰੀ (ਮਹਿੰਦਰ ਸਿੰਘ ਸੱਗੂ)**-ਭਾਰਤੀ ਕਮਿਊਨਿਸਟ ਪਾਰਟੀ ਦੇ ਤਹਿਸੀਲ ਸਕੱਤਰ ਡਾ. ਮਨਿੰਦਰ ਸਿੰਘ ਧਾਲੀਵਾਲ ਦੇ ਮਾਤਾ ਸਰਦਾਰਨੀ ਨਛਿੰਦਰ ਕੌਰ (87) ਸਾਬਕਾ ਕੌਂਸਲਰ ਅਚਾਨਕ ਸਦੀਵੀ ਵਿਛੋੜਾ ਦੇ ਗਏ।ਵਿਛੜੀ ਰੂਹ ਦਾ ਸਸਕਾਰ ਬਾਅਦ ਦੁਪਹਿਰ ਇੱਥੇ ਵਜੇ ਰਾਮਬਾਗ ਵਿਖੇ ਕੀਤਾ ਗਿਆ।ਮਾਤਾ ਜੀ ਦੀ ਅੰਤਿਮ ਯਾਤਰਾ 'ਚ ਸ਼ਹਿਰ ਦੀਆਂ ਵੱਖ-ਵੱਖ ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਅਤੇ ਸਿਆਸੀ ਪਾਰਟੀਆਂ ਦੇ ਆਗੂਆਂ, ਇਲਾਕੇ ਦੇ ਸਰਪੰਚਾਂ, ਪੰਚਾਂ ਤੇ ਪਤਵੰਤਿਆਂ ਸਮੇਤ ਵੱਡੀ ਗਿਣਤੀ 'ਚ ਸ਼ਹਿਰੀਆਂ ਨੇ ਸ਼ਿਰਕਤ ਕੀਤੀ।

### ਪੱਤਰਕਾਰ ਆਰ ਐੱਨ ਕਾਂਸਲ ਦਾ ਦੇਹਾਂਤ



**ਸੁਨਾਮ ਉਧਮ ਸਿੰਘ ਵਾਲਾ (ਹਾਕਮ ਭੱਟੀ, ਅਸ਼ੋਕ ਬਾਂਸਲ)**-ਵੀਰਵਾਰ ਸਵੇਰੇ ਭਵਾਨੀਗੜ੍ਹ ਤੋਂ ਸੁਨਾਮ ਆ ਰਹੇ ਸੀਨੀਅਰ ਪੱਤਰਕਾਰ ਆਰ ਐੱਨ ਕਾਂਸਲ ਨੂੰ ਅਚਾਨਕ ਦਿਲ ਦਾ ਦੌਰਾ ਪਿਆ ਤੇ ਗੱਡੀ ਦਰੱਖਤ ਵਿੱਚ ਜਾ ਟਕਰਾਈ। ਉਸ ਵਕਤ ਉਨ੍ਹਾਂ ਦੀ ਹਾਲਤ ਗੰਭੀਰ ਸੀ।ਉਨ੍ਹਾਂ ਨੂੰ ਜਲਦੀ ਹੀ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਨੇ ਆਪਣੇ ਆਖਰੀ ਸਾਹ ਲਏ।ਸਿਟੀ ਮੀਡੀਆ ਕਲੱਬ ਸੁਨਾਮ ਦੇ ਥੰਮ੍ਹ ਸਨ ਆਰ ਐੱਨ ਕਾਂਸਲ, ਜਿਨ੍ਹਾਂ ਤੋਂ ਸਭ ਨੂੰ ਸਿੱਖਣ ਨੂੰ ਕੁਝ ਨਾ ਕੁਝ ਜ਼ਰੂਰ ਮਿਲਦਾ ਸੀ।ਉਹ ਇੱਕ ਮਿਲਾਪੜੇ ਇਨਸਾਨ ਸਨ, ਹਰ ਇੱਕ ਇਨਸਾਨ ਦੀ ਮਦਦ ਕਰਨ ਵਾਲੇ ਆਪਣੀ ਜ਼ਿੰਦਗੀ ਵਿੱਚ ਹਮੇਸ਼ਾ ਹੀ ਉਨ੍ਹਾਂ ਨੇ ਚੰਗਾ ਹੀ ਸੋਚਿਆ, ਚੰਗਾ ਹੀ ਲਿਖਿਆ।ਪੋਸਟਮਾਰਟਮ ਤੋਂ ਬਾਅਦ ਸੰਸਕਾਰ ਸੁਨਾਮ ਕੀਤਾ ਜਾਵੇਗਾ।

### ਪਰਾਲੀ ਨੂੰ ਅੱਗ ਲਗਾਉਣ ਵਾਲਾ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਦਰ ਫਿਰੋਜ਼ਪੁਰ ਦੇ ਇਲਾਕੇ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਵਾਲੇ ਅਣਪਛਾਤੇ ਕਿਸਾਨ ਖਿਲਾਫ 223 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਨਾਮ ਸਿੰਘ ਨੇ ਦੱਸਿਆ ਕਿ ਪਿੰਡ ਹਬੀਬ ਵਾਲਾ ਵਿਖੇ ਝੋਨੇ ਦੀ ਪਰਾਲੀ ਨੂੰ ਅਣਪਛਾਤੇ ਕਿਸਾਨ ਵੱਲੋਂ ਅੱਗ ਲਗਾਈ ਹੈ। ਜਾਂਚਕਰਤਾ ਮਹਿਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਅਣਪਛਾਤੇ ਕਿਸਾਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਨਵੇਂ ਭਰਤੀ ਸਹਾਇਕ ਲਾਈਨਮੈਨਾਂ ਨੂੰ ਨੇੜੇ ਦੇ ਸਟੇਸ਼ਨ ਦੇਣ ਲਈ ਏਟਕ ਵੱਲੋਂ ਚੀਫ ਇੰਜੀਨੀਅਰ ਨੂੰ ਮੰਗ ਪੱਤਰ

## ਪਰਾਲੀ ਜਲਾਉਣ ਤੋਂ ਰੋਕਣ ਲਈ ਲਗਾਈਆਂ ਡਿਊਟੀਆਂ ਦੀ ਮੰਗ 'ਤੇ ਤੁਰੰਤ ਕੀਤਾ ਫੋਨ



**ਲੁਧਿਆਣਾ (ਜਸਦੀਪ ਵਰਤੀਆ)**-ਬਿਜਲੀ ਨਿਗਮ ਦੀ ਜੁਝਾਰੂ ਜਥੇਬੰਦੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦਾ ਵਫਦ ਸੂਬਾ ਡਿਪਟੀ ਜਨਰਲ ਸਕੱਤਰ ਰਛਪਾਲ ਸਿੰਘ ਪਾਲੀ ਦੀ ਅਗਵਾਈ ਹੇਠ ਚੀਫ ਇੰਜਨੀਅਰ ਸ੍ਰ. ਜਗਦੇਵ ਸਿੰਘ ਹਾਂਸ ਨੂੰ ਮਿਲਿਆ ਤੇ ਮੰਗ ਪੱਤਰ ਦਿੱਤਾ, ਜਿਸ ਵਿੱਚ ਵਫਦ ਨੇ ਸੀ ਆਰ ਏ 312/25 ਤਹਿਤ ਭਰਤੀ ਹੋ ਰਹੇ ਸਹਾਇਕ ਲਾਈਨਮੈਨਾ ਨੂੰ ਰਿਹਾਇਸ਼ ਦੇ ਨੇੜੇ ਸਟੇਸ਼ਨ ਦੇਣ ਦੀ ਮੰਗ ਤੋਂ ਇਲਾਵਾ ਪਰਾਲੀ ਸਾੜਨ ਤੋਂ ਰੋਕਣ ਲਈ ਬਿਜਲੀ ਮੁਲਾਜ਼ਮਾਂ ਦੀਆਂ ਲਗਾਈਆਂ ਜਾ ਰਹੀਆਂ ਡਿਊਟੀਆਂ 'ਤੇ ਰੋਕ ਲਗਾਉਣ ਦੀ ਮੰਗ ਵੀ ਕੀਤੀ।ਰਛਪਾਲ ਸਿੰਘ ਪਾਲੀ ਤੇ ਸੀਨੀਅਰ ਆਗੂ ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਦੱਸਿਆ ਕਿ ਇਸ ਮੁਲਾਕਾਤ ਦੌਰਾਨ ਸਾਡੇ ਵੱਲੋਂ ਨਵੇਂ ਭਰਤੀ ਹੋ ਰਹੇ ਸਹਾਇਕ ਲਾਈਨਮੈਨਾ ਦੀ ਨਿਯੁਕਤੀ ਦੇ ਇੱਕ ਅਜਿਹੇ ਮੁੱਦੇ ਨੂੰ ਮੰਗ ਬਣਾਇਆ ਗਿਆ ਹੈ ਜਿਸ ਨੂੰ ਜੇਕਰ ਸਮਾਂ ਰਹਿੰਦਿਆਂ ਦੂਰ ਕਰ ਦਿੱਤਾ ਗਿਆ ਤਾਂ ਇਨ੍ਹਾਂ ਨਵੇਂ ਭਰਤੀ ਹੋਏ ਸਹਾਇਕ ਲਾਈਨਮੈਨਾਂ ਨੂੰ ਵੱਡਾ ਲਾਭ ਮਿਲ ਸਕਦਾ ਹੈ।ਦੋਵਾਂ ਆਗੂਆਂ ਨੇ ਦੱਸਿਆ ਕਿ ਕਈ ਸਾਥੀ ਖ਼ਾਸ ਕਰ ਸੇਵਕ ਮੁਕਤ ਫੌਜੀ ਆਪਣੀ ਰਿਹਾਇਸ਼ ਤੋਂ ਦੂਰ ਹਨ, ਜੇਕਰ ਉਹ ਆਪਣੀ ਰਿਹਾਇਸ਼ ਦੇ ਨੇੜੇ ਚਲੇ ਜਾਣ ਤਾਂ ਉਨ੍ਹਾਂ ਨੂੰ ਵੱਡੀ ਰਾਹਤ ਮਿਲੇਗੀ।ਸਾਡੇ ਵੱਲੋਂ ਚੀਫ ਇੰਜੀਨੀਅਰ ਸ੍ਰ. ਜਗਦੇਵ ਸਿੰਘ ਹਾਂਸ ਨੂੰ ਦੱਸਿਆ ਗਿਆ ਕਿ ਰਿਹਾਇਸ਼ ਦੇ ਨੇੜੇ ਡਵੀਜਨਾਂ ਅਤੇ ਸਬ ਡਵੀਜਨਾਂ ਦੀ ਸਹੀ ਵੰਡ ਹੋਣ ਕਾਰਨ ਐਮਰਜੈਂਸੀ ਵੇਲੇ ਨੇੜੇ ਦੇ ਮੁਲਾਜ਼ਮ ਨੂੰ ਡਿਊਟੀ ਉੱਤੇ ਬੁਲਾਇਆ ਜਾ ਸਕਦਾ ਹੈ।ਇਸ ਤੋਂ ਇਲਾਵਾ ਪਰਾਲੀ ਸਾੜਨ ਤੋਂ ਰੋਕਣ ਲਈ ਬਿਜਲੀ ਮੁਲਾਜਮਾਂ ਦੀਆਂ ਲਗਾਈਆਂ ਡਿਊਟੀਆਂ ਬਾਰੇ ਉਨ੍ਹਾਂ ਤੁਰੰਤ ਫੋਨ ਕਰਕੇ ਮੰਗ ਨੂੰ ਪੂਰਾ ਕਰਨ ਦਾ ਭਰੋਸਾ ਦਿਵਾਇਆ।ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਵੱਲੋਂ ਲੁਧਿਆਣਾ ਨੂੰ ਜ਼ਿਆਦਾ ਸਹਾਇਕ ਲਾਈਨਮੈਨ ਦੇਣ ਦੀ ਮੰਗ ਵੀ ਕੀਤੀ ਗਈ।ਆਗੂਆਂ ਨੇ ਦੱਸਿਆ ਕਿ ਚੀਫ ਇੰਜਨੀਅਰ ਸ੍ਰ. ਹਾਂਸ ਨੇ ਸਾਨੂੰ ਭਰੋਸਾ ਦਿੱਤਾ ਹੈ ਕਿ ਮੁਲਾਜ਼ਮਾਂ ਦੇ ਹਿੱਤ ਵਿੱਚ ਮੇਰੇ ਵੱਲੋਂ ਪਹਿਲਾਂ ਵੀ ਕੰਮ ਕੀਤਾ ਗਿਆ ਤੇ ਦੋਵਾਂ ਮੁੱਦਿਆਂ ਉੱਤੇ ਹੁਣ ਵੀ ਕੀਤਾ ਜਾਵੇਗਾ।ਇਸ ਮੌਕੇ ਹਰਵਿੰਦਰ ਸਿੰਘ ਲਾਲੂ ਜ਼ੋਨ ਕੋ-ਕਨਵੀਨਰ, ਸੋਬਨ ਸਿੰਘ ਠਾਕੁਰ ਸਰਕਲ ਸਰਪ੍ਰਸਤ, ਸਤੀਸ਼ ਭਾਰਦਵਾਜ ਜ਼ੋਨ ਇੰਚਾਰਜ, ਪ੍ਰਧਾਨ ਜਸਵਿੰਦਰ ਸਿੰਘ ਕਾਕਾ ਪ੍ਰਧਾਨ, ਜਸਵਿੰਦਰ ਸਿੰਘ ਧੂਰੀ, ਪ੍ਰਧਾਨ ਗੁਰਮੁਖ ਸਿੰਘ, ਬਲਕਾਰ ਸਿੰਘ, ਦੀਪਕ ਕੁਮਾਰ, ਰਾਮ ਵਿਲਾਸ, ਰਾਕੇਸ਼, ਕਰਤਾਰ ਸਿੰਘ, ਲਖਵੀਰ ਸਿੰਘ, ਪ੍ਰਿੰਸ ਕੁਮਾਰ ਤੇ ਹੋਰ ਹਾਜ਼ਰ ਸਨ।

# ਟਿਕਟ ਚੈਕਿੰਗ ਸਟਾਫ਼ ਨੇ ਯਾਤਰੀ ਨੂੰ ਗੁੰਮ ਹੋਇਆ ਬੈਗ ਮੋੜ ਕੇ ਫ਼ਰਜ਼ ਨਿਭਾਇਆ



**ਫ਼ਿਰੋਜ਼ਪੁਰ (ਗੁਰਬਚਨ ਸਿੰਘ)**-ਟਿਕਟ ਚੈਕਿੰਗ ਸਟਾਫ਼ ਦੇ ਪਲਵਿੰਦਰ ਸਿੰਘ ਨੇ ਇਕ ਯਾਤਰੀ ਨੂੰ ਉਸ ਦਾ ਗੁੰਮ ਹੋਇਆ ਬੈਗ ਵਾਪਸ ਕਰਕੇ ਆਪਣੇ ਸਮਾਜਿਕ ਫ਼ਰਜ਼ ਨੂੰ ਨਿਭਾਇਆ। 12 ਨਵੰਬਰ ਨੂੰ ਟਿਕਟ ਚੈਕਿੰਗ ਸਟਾਫ਼ ਦੇ ਪਲਵਿੰਦਰ ਸਿੰਘ ਟਰੇਨ ਨੰਬਰ 12925 (ਪੱਛਮ ਸੁਪਰਫਾਸਟ ਐਕਸਪ੍ਰੈਸ) 'ਚ ਨਵੀਂ ਦਿੱਲੀ ਤੋਂ ਅੰਮ੍ਰਿਤਸਰ ਤੱਕ ਡਿਊਟੀ 'ਤੇ ਤਾਇਨਾਤ ਸਨ।ਯਾਤਰਾ ਦੌਰਾਨ ਕੋਚ ਨੰਬਰ 2-6 ਵਿੱਚ ਸਫ਼ਰ ਕਰ ਰਹੇ ਯਾਤਰੀ ਸੁਖਵੀਰ ਸਿੰਘ ਦਾ ਇਕ ਬੈਗ ਗੁੰਮ ਹੋ ਗਿਆ ਸੀ।ਇਸ ਬੈਗ ਵਿਚ ਯਾਤਰੀ ਦੇ ਦਸਤਾਵੇਜ਼ ਮੌਜੂਦ ਸਨ।ਪਲਵਿੰਦਰ ਸਿੰਘ ਨੇ ਬਹੁਤ ਤੇਜ਼ੀ ਤੇ ਜ਼ਿੰਮੇਵਾਰੀ ਦਾ ਪ੍ਰਦਰਸ਼ਨ ਕਰਦੇ ਹੋਏ ਕਾਫ਼ੀ ਕੋਸ਼ਿਸ਼ਾਂ ਤੋਂ ਬਾਅਦ ਉਸ ਗੁੰਮ ਹੋਏ ਬੈਗ ਨੂੰ ਲੱਭ ਲਿਆ ਤੇ ਯਾਤਰੀ ਨੂੰ ਸੁਰੱਖਿਅਤ ਵਾਪਸ ਕਰ ਦਿੱਤਾ।ਗੁੰਮ ਹੋਇਆ ਬੈਗ ਵਾਪਸ ਮਿਲਣ 'ਤੇ ਯਾਤਰੀ ਬਹੁਤ ਖੁਸ਼ ਹੋਏ ਤੇ ਉਨ੍ਹਾਂ ਨੇ ਰੇਲ ਕਰਮਚਾਰੀ ਦੀ ਈਮਾਨਦਾਰੀ ਅਤੇ ਤਤਪਰਤਾ (ਤੇਜ਼ੀ ਨਾਲ ਕੰਮ ਕਰਨ) ਦੀ ਤਾਰੀਫ਼ ਕੀਤੀ।ਸੀਨੀਅਰ ਮੰਡਲ ਵਣਜ ਪ੍ਰਬੰਧਕ ਪਰਮਦੀਪ ਸਿੰਘ ਸੈਣੀ ਨੇ ਟਿਕਟ ਚੈਕਿੰਗ ਸਟਾਫ਼ ਦੇ ਪਲਵਿੰਦਰ ਸਿੰਘ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਕ੍ਰਮਚਾਰੀਆਂ ਦੀ ਫ਼ਰਜ਼-ਪ੍ਰਤੀਬੱਧਤਾ ਤੇ ਸਮਰਪਣ ਕਰਕੇ ਹੀ ਰੇਲ ਯਾਤਰੀਆਂ ਨੂੰ ਇੱਕ ਸੁਰੱਖਿਅਤ ਤੇ ਸੁਖਦ ਯਾਤਰਾ ਦਾ ਅਨੁਭਵ ਮਿਲਦਾ ਹੈ। ਉਨ੍ਹਾਂ ਯਾਤਰੀਆਂ ਨੂੰ ਅਪੀਲ ਕੀਤੀ ਕਿ ਉਹ ਟਰੇਨ ਵਿੱਚ ਯਾਤਰਾ ਦੌਰਾਨ ਸੁਚੇਤ ਰਹਿਣ ਅਤੇ ਆਪਣੇ ਸਾਮਾਨ ਨੂੰ ਸੁਰੱਖਿਅਤ ਰੱਖਣ।

# ਕਿਸਾਨਾਂ ਦੇ ਮੋਢੇ ਨਾਲ ਪੂਰੀ ਤਰ੍ਹਾਂ ਮੋਢਾ ਜੋੜ ਕੇ ਖੜ੍ਹੀ ਹੈ ਮਾਨ ਸਰਕਾਰ : ਗੁਰਲਾਲ ਘਨੌਰ

## ਚੱਪੜ ਵਿਖੇ 1.2 ਕਰੋੜ ਦੀ ਲਾਗਤ ਵਾਲੇ ਸ਼ੈੱਡ ਦਾ ਨੀਂਹ ਪੱਥਰ ਰੱਖਿਆ



**ਰਾਜਪੁਰਾ (ਰਮੇਸ਼ ਕਟਾਰੀਆ)**

ਪੰਜਾਬ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਤੇ ਵਿਧਾਇਕ ਸ੍ਰ. ਗੁਰਲਾਲ ਘਨੌਰ ਨੇ ਪਿੰਡ ਚੱਪੜ ਵਿਖੇ ਅਨਾਜ ਮੰਡੀ ਵਿੱਚ 1 ਕਰੋੜ 2 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਜਾਣ ਵਾਲੇ ਸ਼ੈੱਡ ਦਾ ਨੀਂਹ ਪੱਥਰ ਰੱਖਿਆ।ਇਸ ਮੌਕੇ ਗੁਰਲਾਲ ਘਨੌਰ ਨੇ ਕਿਹਾ ਕਿ ਪੰਜਾਬ ਮੰਡੀ ਬੋਰਡ ਵੱਲੋਂ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਦੇ ਵਿਸ਼ੇਸ਼ ਯਤਨਾਂ ਸਦਕਾ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ ਹਲਕੇ ਘਨੌਰ ਵਿੱਚ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾ ਰਿਹਾ ਹੈ।ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਮਾਨ ਸਰਕਾਰ ਦਾ ਮਕਸਦ ਸੂਬੇ ਦੀ ਹਰ ਮੰਡੀ ਨੂੰ ਆਧੁਨਿਕ ਸਹੂਲਤਾਂ ਨਾਲ ਸਜਾਉਣਾ ਹੈ, ਤਾਂ ਜੋ ਕਿਸਾਨਾਂ ਨੂੰ ਆਪਣੀ ਫਸਲ ਦੀ ਖਰੀਦ-ਫ਼ਰੋਖ਼ਤ ਦੌਰਾਨ ਕਿਸੇ ਕਿਸਮ ਦੀ ਤਕਲੀਫ਼ ਦਾ ਸਾਹਮਣਾ ਨਾ ਕਰਨਾ ਪਵੇ।ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪੂਰੀ ਤਰ੍ਹਾਂ ਕਿਸਾਨਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ।ਕਿਸਾਨਾਂ ਦੇ ਹਿੱਤਾਂ ਦੀ ਰੱਖਿਆ, ਫਸਲ ਦੀ ਵਾਜ਼ਬ ਕੀਮਤ ਤੇ ਖੇਤੀਬਾੜੀ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਸਰਕਾਰ ਵੱਲੋਂ ਕਈ ਨਵੇਂ ਉਪਰਾਲੇ ਕੀਤੇ ਜਾ ਰਹੇ ਹਨ।ਇਸ ਮੌਕੇ ਗੁਰਲਾਲ ਘਨੌਰ ਨੇ ਕਿਹਾ ਕਿ ਇਹ ਸ਼ੈੱਡ ਬਣਨ ਨਾਲ ਅਨਾਜ ਮੰਡੀ ਚੱਪੜ ਵਿੱਚ ਮੌਸਮੀ ਤਬਦੀਲੀਆਂ ਜਿਵੇਂ ਤੇਜ਼ ਮੀਂਹ ਜਾਂ ਧੁੱਪ ਦੌਰਾਨ ਵੀ ਕਿਸਾਨਾਂ ਤੇ ਮਜ਼ਦੂਰਾਂ ਦੀ ਫਸਲ ਸੁਰੱਖਿਅਤ ਰਹੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੰਡੀਆਂ ਦੇ ਵਿਕਾਸ ਲਈ ਵੱਡੇ ਪੱਧਰ 'ਤੇ ਰਾਸ਼ੀ ਜਾਰੀ ਕੀਤੀ ਗਈ ਹੈ ਅਤੇ ਹਰ ਹਲਕੇ ਵਿੱਚ ਜਨਹਿੱਤ ਪ੍ਰੋਜੈਕਟਾਂ ਨੂੰ ਤਰਜੀਹ ਦੇ ਕੇ ਨੇਪਰੇ ਚੜ੍ਹਾਇਆ ਜਾ ਰਿਹਾ ਹੈ।ਵਿਧਾਇਕ ਨੇ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਕਿ ਨਿਰਮਾਣ ਕਾਰਜਾਂ ਦੀ ਗੁਣਵੱਤਾ 'ਤੇ ਕੋਈ ਸਮਝੌਤਾ ਨਾ ਕੀਤਾ ਜਾਵੇ ਤੇ ਕੰਮ ਸਮੇਂ ਸਿਰ ਪੂਰਾ ਕੀਤਾ ਜਾਵੇ।ਇਸ ਮੌਕੇ ਪਿੰਡ ਵਾਸੀਆਂ ਤੇ ਮੰਡੀ ਕਮੇਟੀ ਦੇ ਮੈਂਬਰਾਂ ਨੇ ਵਿਧਾਇਕ ਦਾ ਧੰਨਵਾਦ ਕੀਤਾ।

# ਵਿਧਾਇਕ ਕਾਲਾ ਢਿੱਲੋਂ ਨੂੰ ਦੁਬਾਰਾ ਜ਼ਿਲ੍ਹਾ ਪ੍ਰਧਾਨ ਬਣਾ ਕੇ ਮਾਣ ਵਧਾਇਆ : ਸ਼ੰਮੀ ਠੁੱਲੀਵਾਲ, ਸਰਬੀ ਆੜ੍ਹਤੀਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਕਾਂਗਰਸ ਹਾਈ ਕਮਾਨ ਵੱਲੋਂ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੂੰ ਮੁੜ ਦੂਜੀ ਵਾਰ ਕਾਂਗਰਸ ਕਮੇਟੀ ਜ਼ਿਲ੍ਹਾ ਬਰਨਾਲਾ ਦਾ ਪ੍ਰਧਾਨ ਨਿਯੁਕਤ ਕਰਕੇ ਪਾਰਟੀ ਆਗੂਆਂ, ਵਰਕਰਾਂ ਦਾ ਮਾਣ ਵਧਾਇਆ ਹੈ।ਇਹ ਪ੍ਰਗਟਾਵਾ ਕਾਂਗਰਸ ਦੇ ਬਲਾਕ ਪ੍ਰਧਾਨ ਪਰਮਿੰਦਰ ਸਿੰਘ ਸ਼ੰਮੀ ਠੁੱਲੀਵਾਲ, ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ ਸਰਬਜੀਤ ਸਿੰਘ ਸਰਬੀ ਆੜ੍ਹਤੀਆ ਨੇ ਕੀਤਾ।ਉਨ੍ਹਾਂ ਕਿਹਾ ਕਿ ਇਸ ਨਿਯੁਕਤੀ ਨਾਲ ਜ਼ਿਲ੍ਹਾ ਬਰਨਾਲਾ ਅੰਦਰ ਪਾਰਟੀ ਵਰਕਰਾਂ, ਆਗੂਆਂ ਨੂੰ ਮਾਣ ਮਿਲਿਆ ਹੈ।ਸੀਨੀਅਰ ਆਗੂ ਗੁਰਮੇਲ ਸਿੰਘ ਮੌੜ, ਐਡਵੋਕੇਟ ਜਸਵੀਰ ਸਿੰਘ ਖੇੜੀ, ਜ਼ਿਲਾ ਸਕੱਤਰ ਡਾ. ਬਲਵੰਤ ਰਾਏ ਹਮੀਦੀ, ਐਸ.ਸੀ. ਡਿਪਾਰਟਮੈਂਟ ਚੇਅਰਮੈਨ ਜਸਮੇਲ ਸਿੰਘ ਡੇਅਰੀਵਾਲਾ, ਯੂਥ ਆਗੂ ਬੰਨੀ ਖਹਿਰਾ, ਮਨਜੀਤ ਸਿੰਘ ਮਹਿਲ ਖੁਰਦ, ਉਜਾਗਰ ਸਿੰਘ ਛਾਪਾ, ਜਰਨੈਲ ਸਿੰਘ ਠੁੱਲੀਵਾਲ, ਕੋਮਲਜੀਤ ਸਿੰਘ ਚੁਹਾਣਕੇ, ਬੱਗਾ ਸਿੰਘ ਮਹਿਲ ਕਲਾਂ, ਮਨਦੀਪ ਸਿੰਘ ਹੈਪੀ ਲੋਹਗੜ, ਪ੍ਰਧਾਨ ਗਗਨਦੀਪ ਸਿੰਘ ਸਰਾਂ ਨੇ ਜ਼ਿਲਾ ਪ੍ਰਧਾਨ ਕਾਲਾ ਢਿੱਲੋਂ ਨੂੰ ਵਧਾਈ ਦਿੰਦਿਆ ਸਮੁੱਚੀ ਹਾਈਕਮਾਨ ਦਾ ਧੰਨਵਾਦ ਕੀਤਾ ਹੈ। ਆਗੂਆਂ ਨੇ ਕਿਹਾ ਕਿ ਲਗਾਤਾਰ ਦੂਜੀ ਵਾਰ ਹੋਈ ਜ਼ਿਲਾ ਪ੍ਰਧਾਨ ਕਾਲਾ ਢਿੱਲੋਂ ਦੀ ਨਿਯੁਕਤੀ ਨਾਲ ਕਾਂਗਰਸ ਪਾਰਟੀ ਜ਼ਿਲ੍ਹਾ ਬਰਨਾਲਾ ਦੇ ਤਿੰਨੇ ਵਿਧਾਨ ਸਭਾ ਹਲਕਿਆਂ ਭਦੌੜ, ਬਰਨਾਲਾ, ਮਹਿਲ ਕਲਾਂ ਅੰਦਰ ਸਾਰਥਿਕ ਸਿੱਟੇ ਪ੍ਰਾਪਤ ਕਰਨ 'ਚ ਸਫਲ ਹੋਵੇਗੀ।

# ਸੜਕ ਹਾਦਸੇ 'ਚ ਇੱਕ ਦੀ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਹੋਏ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੁੱਲਗੜ੍ਹੀ ਪੁਲਸ ਨੇ ਅਣਪਛਾਤੇ ਵਹੀਕਲ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਗੁਰਪ੍ਰੀਤ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਖਿਲਚੀ ਜਦੀਦ ਨੇ ਦੱਸਿਆ ਕਿ 12 ਨਵੰਬਰ 2025 ਨੂੰ ਕਰੀਬ 2 ਪੀਐੱਮ ਵਜੇ ਉਹ ਰੋਜ਼ ਦੀ ਤਰ੍ਹਾਂ ਵੱਖ ਵੱਖ ਪਿੰਡਾਂ ਤੋਂ ਰਿਵਕਰੀ ਕਰਕੇ ਵਾਪਸ ਆ ਰਿਹਾ ਸੀ ਤਾਂ ਫਿਰੋਜ਼ਪੁਰ ਜ਼ੀਰਾ ਰੋਡ ਤੋਂ ਆ ਰਿਹਾ ਸੀ ਤਾਂ ਆਪਣੇ ਮੋਟਰਸਾਈਕਲ 'ਤੇ ਜਾ ਰਿਹਾ ਸੀ ਤਾਂ ਉਸ ਦਾ ਚਾਚਾ ਰਮੇਸ਼ ਸਿੰਘ ਪੁੱਤਰ ਸੰਤਾ ਸਿੰਘ ਵਾਸੀ ਖਿਲਚੀ ਜਦੀਦ ਵੀ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਕਿਸੇ ਘਰ ਦੇ ਕੰਮ ਜਾ ਰਿਹਾ ਸੀ।

ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਜਦ ਉਹ ਬੱਸ ਅੱਡਾ ਸ਼ੇਰਖਾਂ ਤੋਂ ਥੋੜ੍ਹੀ ਦੂਰ ਇੰਡੀਅਨ ਆਇਲ ਪੈਟਰੋਲ ਪੰਪ ਨੂੰ ਕਰਾਸ ਕਰਕੇ ਸੜਕ ਉਪਰ ਬਣੀ ਪੁਲੀ ਦੇ ਕੋਲ ਇਕ ਹੈਡਰਾ ਨੰਬਰ ਪੀਬੀ 05 ਏਆਰ 1967, ਜਿਸ ਨੂੰ ਮੋਨਾ ਨੌਜਵਾਨ ਚਲਾ ਰਿਹਾ ਸੀ, ਜਿਸ ਨੂੰ ਕਰਾਸ ਕਰਨ ਲੱਗਾ ਤਾਂ ਬੜੀ ਤੇਜ਼ੀ ਨਾਲ ਲਿਆ ਉਸ ਦੇ ਚਾਚੇ ਵਿੱਚ ਮਾਰਿਆ, ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਐੱਸਆਈ ਨਿਰਮਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਹੀਕਲ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਦਾ ਮਮਦੋਟ ਪਹੁੰਚਣ 'ਤੇ ਸ਼ਾਨਦਾਰ ਸਵਾਗਤ



**ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸੋਢੀ)**-ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਦੇ ਪ੍ਰਧਾਨ ਬਣਾਏ ਜਾਣ ਸਮੇਂ ਕੁਲਬੀਰ ਸਿੰਘ ਜ਼ੀਰਾ ਸਾਬਕਾ ਹਲਕਾ ਵਿਧਾਇਕ ਨੂੰ ਦੁਬਾਰਾ ਫਿਰ ਕਾਂਗਰਸ ਪਾਰਟੀ ਦਾ ਜ਼ਿਲ੍ਹਾ ਫਿਰੋਜ਼ਪੁਰ ਦਾ ਪ੍ਰਧਾਨ ਬਣਾਏ ਜਾਣ 'ਤੇ ਕਾਂਗਰਸੀ ਆਗੂਆਂ ਤੇ ਵਰਕਰਾਂ ਵਿੱਚ ਖੁਸ਼ੀ ਪਾਈ ਜਾ ਰਹੀ ਹੈ।ਕੁਲਬੀਰ ਸਿੰਘ ਜ਼ੀਰਾ ਪਹਿਲਾਂ ਵੀ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਰਹਿ ਚੁੱਕੇ ਹਨ ਤੇ ਵਰਕਰਾਂ ਦੇ ਹਰ ਕੰਮ ਅਤੇ ਦੁੱਖ ਸੁੱਖ ਵਿੱਚ ਪਹਿਲ ਦੇ ਅਧਾਰ 'ਤੇ ਹਾਜ਼ਰ ਹੁੰਦੇ ਹਨ, ਜਿਸ ਕਰਕੇ ਕਾਂਗਰਸੀ ਵਰਕਰ ਉਨ੍ਹਾਂ ਨੂੰ ਪ੍ਰਧਾਨ ਬਣਾਏ ਜਾਣ 'ਤੇ ਬਹੁਤ ਖੁਸ਼ੀ ਮਹਿਸੂਸ ਕਰ ਰਹੇ ਹਨ।ਦੁਬਾਰਾ ਜ਼ਿਲ੍ਹਾ ਪ੍ਰਧਾਨ ਬਣਾਏ ਜਾਣ ਤੋਂ ਬਾਅਦ ਪਹਿਲੀ ਵਾਰ ਮਮਦੋਟ ਪੁੱਜੇ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਦਾ ਆਸ਼ੂ ਬੰਗੜ੍ਹ ਇੰਚਾਰਜ ਹਲਕਾ ਫਿਰੋਜ਼ਪੁਰ ਦਿਹਾਤੀ, ਬਲਾਕ ਮਮਦੋਟ ਦੇ ਪ੍ਰਧਾਨ ਗੁਰਬਚਨ ਸਿੰਘ ਕਾਲਾ ਟਿੱਬਾ, ਪੁਸ਼ਪਿੰਦਰ ਸਿੰਘ ਜਨਰਲ ਸਕੱਤਰ, ਗੁਰਭੇਜ ਸਿੰਘ ਟਿੱਬੀ, ਹਰਪਾਲ ਸੋਢੀ, ਤਰਸੇਮ ਸਿੰਘ ਸੱਦਰ ਕੇ ਸਮੇਤ ਵੱਡੀ ਗਿਣਤੀ ਵਿੱਚ ਹਾਜ਼ਰ ਆਗੂਆਂ ਵੱਲੋਂ ਸ਼੍ਰੀ ਜ਼ੀਰਾ ਦੇ ਗੱਲ ਵਿੱਚ ਹਾਰ ਪਾ ਕੇ ਸ਼ਾਨਦਾਰ ਸੁਆਗਤ ਕਰਦਿਆਂ ਖੁਸ਼ੀ ਜ਼ਾਹਰ ਕੀਤੀ। ਇਸ ਮੌਕੇ ਖੁਸ਼ੀ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਫਿਰੋਜ਼ਪੁਰ ਦਿਹਾਤੀ ਦੇ ਕਾਂਗਰਸੀ ਪਾਰਟੀ ਦੇ ਹਲਕਾ ਇੰਚਾਰਜ ਅਮਰਦੀਪ ਸਿੰਘ (ਆਸ਼ੂ) ਬੰਗੜ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਬੀਬਾ ਬਲਜੀਤ ਕੌਰ ਬੰਗੜ, ਗੁਰਬਚਨ ਸਿੰਘ ਕਾਲਾ ਟਿੱਬਾ ਬਲਾਕ ਪ੍ਰਧਾਨ ਮਮਦੋਟ, ਗੁਰਭੇਜ ਸਿੰਘ ਟਿੱਬੀ, ਕਰਨ ਮਨਚੰਦਾ, ਰੋਬਿਨ ਧਵਨ, ਦਵਿੰਦਰ ਸਿੰਘ ਰਹੀਮੇ ਕੇ, ਤਰਸੇਮ ਸਿੰਘ ਸੱਦਰ ਕੇ ਮੈਂਬਰ ਬਲਾਕ ਸੰਮਤੀ, ਆੜ੍ਹਤੀ ਪੁਸ਼ਪਿੰਦਰ ਸਿੰਘ ਸਾਹਨ ਕੇ ਡਾਕਟਰ ਮੋਹਨ ਸਿੰਘ ਧੁਨਕੀਆ, ਸੁਖਵਿੰਦਰ ਸਿੰਘ ਸੁੱਖਾ, ਜਗਜੀਤ ਸਿੰਘ ਜੋਧਪੁਰ ਆਦਿ ਵਰਕਰਾਂ ਨੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਨੂੰ ਵਧਾਈ ਦਿੰਦੇ ਹੋਏ ਕਾਂਗਰਸੀ ਹਾਈਕਮਾਨ ਦਾ ਧੰਨਵਾਦ ਕੀਤਾ ਹੈ।

# ਸੜਕਾਂ ਤੋਂ ਨਜਾਇਜ਼ ਕਬਜ਼ੇ ਹਟਾਉਣ ਦੀ ਮੰਗ



**ਰਾਜਪੁਰਾ (ਰਮੇਸ਼ ਕਟਾਰੀਆ)**-ਪਟਿਆਲਾ ਰੋਡ 'ਤੇ ਸਥਿਤ ਦੁਰਗਾ ਮੰਦਰ ਦੇ ਗੇਟ ਨੇੜੇ ਇਕ ਬੈਂਕ ਵੱਲੋਂ ਜਿੱਥੇ ਸੜਕ ਕਿਨਾਰੇ ਜੈਨਰੇਟਰ ਰੱਖ ਕੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਉਥੇ ਬੈਂਕ ਵੱਲੋਂ ਸੰਗਲ ਲਾ ਕੇ ਸਰਕਾਰੀ ਜਗ੍ਹਾ 'ਤੇ ਕਬਜ਼ਾ ਕਰਕੇ ਰਸਤਾ ਬੰਦ ਕਰ ਰੱਖਿਆ ਹੈ।ਇਸ ਦੇ ਨਾਲ ਹੀ ਦੁਰਗਾ ਮੰਦਰ ਰੋਡ 'ਤੇ ਲੋਕਾਂ ਨੇ ਵੱਡੇ ਵੱਡੇ ਬੈਂਚ ਰੱਖ ਕੇ ਆਵਾਜਾਈ 'ਚ ਰੁਕਾਵਟਾਂ ਪਾ ਰਹੇ ਹਨ।ਇਸੇ ਤਰ੍ਹਾਂ ਹੀ ਦੁਕਾਨਾਂ ਤੇ ਘਰਾਂ ਦੇ ਬਾਹਰ ਵੱਡੀ ਮਾਤਰਾ ਵਿੱਚ ਨਜਾਇਜ਼ ਕਬਜ਼ੇ ਤੇ ਉਸਾਰੀਆਂ ਕਰ ਕੇ ਜਿੱਥੇ ਆਵਾਜਾਈ ਵਿੱਚ ਰੁਕਾਵਟਾਂ ਪਾਈਆਂ ਹੋਈਆਂ ਹਨ, ਉੱਥੇ ਸ਼ਹਿਰ ਦੀ ਖ਼ੂਬਸੂਰਤੀ ਨੂੰ ਵੀ ਗ੍ਰਹਿਣ ਲਾ ਰਹੇ ਹਨ।ਸ਼ਹਿਰ ਦੀਆਂ ਕਈ ਸਮਾਜਿਕ ਸੰਸਥਾਵਾਂ ਵੱਲੋਂ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਹੈ ਕਿ ਇਨ੍ਹਾਂ ਨਜਾਇਜ਼ ਕਬਜ਼ਿਆਂ ਨੂੰ ਪੱਕੇ ਤੌਰ 'ਤੇ ਹਟਾਇਆ ਜਾਵੇ।


## ਉੱਤਰ ਰੇਲਵੇ

### ਟੈਂਡਰ ਸੂਚਨਾ

**ਭੰਡਾਰ ਦੀ ਆਪੂਰਤੀ ਲਈ ਮੰਗ ਟੈਂਡਰ ਇਲੈਕਟ੍ਰੋਨਿਕ ਟੈਂਡਰ ਈ ਪ੍ਰਣਾਲੀ ਦੇ ਅੰਤਰਗਤ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀ. ਮੰਡਲ ਸਾਮਗਰੀ ਪ੍ਰਬੰਧਕ/ਉੱਤਰ ਰੇਲਵੇ/ਭੰਡਾਰ ਬਰਾਂਚ/ਫ਼ਿਰੋਜ਼ਪੁਰ ਦੁਵਾਰਾ ਸੰਭਰਣਕਰਤਾਵਾਂ ਤੋਂ ਹੇਠਾ ਲਿਖੇ ਮਦਾਂ ਦੇ ਲਈ ਟੈਂਡਰ ਮੰਗ ਕੀਤੀ ਜਾਂਦੀ ਹੈ:-

| ਲ. ਨੰ: | ਟੈਂਡਰ ਨੰਬਰ | ਮਾਲ ਦਾ ਵੇਰਵਾ | ਮਾਤਰਾ | ਟੈਂਡਰ ਖੁਲਣ ਦੀ ਮਿਤੀ |
|---|---|---|---|---|
| 01 | 94255737 | Portable Emergency lighting equipment box (PELEB) complete with all accessories and conforming to RDSO's Specification No. RDSO/PE/SPEC/ TL/0012-2000 (Rev.'0') June 2000, Amendment No. 1. | 397 Numbers | 04.12.2025 |

**ਟੈਂਡਰ ਸ਼ਰਤਾਂ-** ireps ਦੀ ਵੈਬਸਾਈਟ www.ireps.gov.in ਉਤੇ ਉਪਲਬਧ ਹੈ। ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਟੈਂਡਰ ਵਿਚ ਭਾਗ ਲੈਣਾ ਅਤੇ ਰਜਿਸਟਰਡ ਕਰਾਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਪ੍ਰਮਾਣਿਤ ਏਜੰਸੀ ਤੋਂ ਕਲਾਸ - III ਡਿਜੀਟਲ ਪ੍ਰਮਾਣ ਪੱਤਰ (ਜੇਕਰ ਪਹਿਲਾ ਤੋਂ ਪ੍ਰਾਪਤ ਨਹੀ'ਕੀਤਾ ਹੈ) ਪ੍ਰਾਪਤ ਕਰਨਾ ਹੋਵੇਗਾ। ਹੱਥ ਨਾਲ ਲਿਖੀ ਟੈਂਡਰ ਸਵੀਕਾਰ ਨਹੀਂ ਕੀਤੀ ਜਾਵੇਗੀ। **ਟੈਂਡਰ ਨੋਟਿਸ ਨੰ: 04/2025-26/ 94255737**

**ਮਿਤੀ : 13.11.2025** 3532/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਘੱਟ ਗਿਣਤੀ ਭਾਈਚਾਰੇ ਦੀਆਂ ਮੁਸ਼ਕਲਾਂ ਦੇ ਹੱਲ ਲਈ ਅਧਿਕਾਰੀਆਂ ਨਾਲ ਮੀਟਿੰਗ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਜਤਿੰਦਰ ਮਸੀਹ ਗੌਰਵ ਵੱਲੋਂ ਘੱਟ ਗਿਣਤੀ ਭਾਈਚਾਰੇ ਦੀਆਂ ਮੁਸ਼ਕਲਾਂ ਦੇ ਹੱਲ ਲਈ ਨਗਰ ਕੌਂਸਲ ਦੇ ਦਫ਼ਤਰ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿੰਪੀ ਗਰਗ, ਸਹਾਇਕ ਕਮਿਸ਼ਨਰ ਕਮ ਮੁੱਖ ਮੰਤਰੀ ਫੀਲਡ ਅਫ਼ਸਰ ਰਾਕੇਸ਼ ਗਰਗ, ਡੀ.ਐਸ.ਪੀ. (ਹੈੱਡਕੁਆਰਟਰ) ਆਤਿਸ਼ ਭਾਟੀਆ,ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਧਿਕਾਰੀ ਮੁਕਲ ਬਾਵਾ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਲਵਲੀਨ ਕੌਰ ਬੜਿੰਗ, ਚੇਅਰਮੈਨ ਮਾਰਕੀਟ ਕਮੇਟੀ ਮਾਲੇਰਕੋਟਲਾ ਜਾਫ਼ਰ ਅਲੀ, ਚੇਅਰਮੈਨ ਮਾਰਕੀਟ ਕਮੇਟੀ ਸੰਦੌੜ ਕਰਮਜੀਤ ਸਿੰਘ ਕੁਠਾਲਾ, ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ ਦੇ ਮੈਂਬਰ ਨਦੀਮ ਅਨਵਾਰ ਖਾਂ, ਹਾਜੀ ਸ਼ਮਸ਼ਾਦ ਅਲੀ, ਦਰਸ਼ਨ ਮੈਥਯੂ, ਸ਼ਾਮੂ ਸੋਹਤਾ, ਸੈਮਯੂਲ ਗਿਲ, ਜੌਨ ਮਸੀਹ, ਰਾਜੇਸ਼ ਜੈਨ, ਪੀ.ਏ ਐਮ.ਐਲ.ਏ ਮਾਲੇਰਕੋਟਲਾ ਗੁਰਮੁੱਖ ਸਿੰਘ, ਸੰਗਠਨ ਇੰਚਾਰਜ ਸੰਤੋਖ ਸਿੰਘ, ਬਲਾਕ ਪ੍ਰਧਾਨ ਅਬਦੁਲ ਹਲੀਮ, ਦਰਸ਼ਨ ਦਰਦੀ, ਅਸਲਮ ਭੱਟੀ, ਸਾਬਰ ਰਤਨ, ਚਰਨਜੀਤ ਸਿੰਘ ਚੀਮਾ, ਸਾਬਰ ਰਤਨ, ਗੁਰਮੀਤ ਸਿੰਘ, ਅਸ਼ਰਫ ਅਬਦੁੱਲਾ, ਮੁਹੰਮਦ ਮਹਿਮੂਦ, ਯਾਸੀਨ ਨੇਸਤੀ, ਯਾਸਰ ਅਰਫਾਤ, ਕਾਮਰੇਡ ਅਮਨਦੀਪ ਸਿੰਘ, ਸੋਸ਼ਲ ਵਰਕਰ ਪਰਵੇਜ਼ ਖਾਨ, ਦਾਊਦ ਅਲੀ, ਹਲਕਾ ਕੁਆਰਡੀਨੇਟਰ ਐਸ.ਸੀ ਵਿੰਗ ਰਜਿੰਦਰ ਰਾਜੂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਜਤਿੰਦਰ ਮਸੀਹ ਗੌਰਵ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਘੱਟ ਗਿਣਤੀ ਭਾਈਚਾਰੇ ਦੇ ਹਿੱਤਾਂ ਦੀ ਰੱਖਿਆ ਤੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ।ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਇਸਾਈ ਭਾਈਚਾਰੇ ਦੀਆਂ ਕਬਰਾਂ ਲਈ ਵੱਖਰੇ ਸਥਾਨ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੁ ਈਸਾਈ ਭਾਈਚਾਰੇ ਦੇ ਲੋਕਾਂ ਨੂੰ ਆਪਣੀਆਂ ਅੰਤਮ ਰਸਮਾਂ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ।ਉਨ੍ਹਾਂ ਕਿਹਾ ਕਿ ਕਬਰਸਤਾਨਾਂ ਦੀ ਸਾਫ਼ ਸਫਾਈ, ਸੁੰਦਰੀਕਰਨ, ਕਬਰਸਤਾਨਾਂ ਨੂੰ ਜਾਂਦੇ ਰਸਤਿਆਂ ਨੂੰ ਸਾਫ਼ ਕਰਨ ਦੇ ਨਾਲ ਉਨ੍ਹਾਂ ਨੂੰ ਪੱਕਾ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ।ਚੇਅਰਮੈਨ ਨੇ ਕਿਹਾ ਕਿ ਘੱਟ ਗਿਣਤੀ ਭਾਈਚਾਰੇ ਨੂੰ ਹਰ ਪੱਧਰ 'ਤੇ ਬਰਾਬਰੀ ਦੇ ਅਧਿਕਾਰ ਮਿਲਣ 'ਤੇ ਉਨ੍ਹਾਂ ਦੀਆਂ ਸਮਾਜਿਕ ਤੇ ਧਾਰਮਿਕ ਜ਼ਰੂਰਤਾਂ ਦਾ ਸਨਮਾਨ ਕਰਨਾ ਪੰਜਾਬ ਸਰਕਾਰ ਦੀ ਪਹਿਲ ਹੈ।ਇਸ ਮੌਕੇ ਮੁਬਾਰਕ ਮੰਜ਼ਲ ਪੈਲੇਸ ਦੇ ਰੱਖ ਰਖਾਓ, ਨਵੀਨੀਕਰਨ, ਹਿਬਾਨਾਮਾ ਮੁੜ ਤੋਂ ਚਾਲੂ ਕਰਾਉਣ ਸਬੰਧੀ, ਵਕਫ਼ ਪ੍ਰਾਪਰਟੀਆਂ ਸਬੰਧੀ, ਮਸੀਹ ਭਾਈਚਾਰੇ ਲਈ ਵੱਖਰੇ ਕਮਿਊਨਿਟੀ ਸੈਂਟਰ, ਬੇਹਤਰ ਸਿਹਤ, ਤਕਨੀਕੀ ਸਿੱਖਿਆ, ਮਸੀਹ ਭਾਈਚਾਰੇ ਲਈ ਕਬਰੀਸਥਾਨ, ਇੰਤਕਾਲਾਂ ਦੇ ਨਿਪਟਾਰੇ ਆਦਿ ਸਬੰਧੀ ਮੰਗਾਂ/ਸਮੱਸਿਆ ਚੇਅਰਮੈਨ ਕੋਲ ਰੱਖੀਆਂ।

ਇਸ ਤੋਂ ਇਲਾਵਾ ਉਨ੍ਹਾਂ ਲੋਕਾਂ ਦੀਆਂ ਨਿੱਜੀ ਸਮੱਸਿਆਵਾਂ ਵੀ ਸੁਣੀਆਂ ਅਤੇ ਅਧਿਆਰੀਆਂ ਨੂੰ ਹੱਲ ਲਈ ਮੌਕੇ 'ਤੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਘੱਟ ਗਿਣਤੀ ਕਮਿਸ਼ਨ ਲੋਕਾਂ ਦੀਆਂ ਸਮੱਸਿਆਵਾਂ/ਮੰਗਾਂ ਦੇ ਹੱਲ ਲਈ ਸਿੱਧਾ ਸਰਕਾਰੀ ਪੱਧਰ 'ਤੇ ਕਾਰਵਾਈ ਯਕੀਨੀ ਬਣਾਵੇਗਾ।

# ਗੁਰਸ਼ਰਨ ਰੰਧਾਵਾ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ (ਦਿਹਾਤੀ) ਦੇ ਪ੍ਰਧਾਨ ਬਣੇ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕਾਂਗਰਸ ਵੱਲੋਂ ਸ਼ੁਰੂ ਕੀਤੀ ਗਈ ਸੰਗਠਨ ਸਿਰਜਨ ਮੁਹਿੰਮ ਦੇ ਤਹਿਤ ਕਾਂਗਰਸ ਹਾਈਕਮਾਂਡ ਨੇ ਇਕ ਵਾਰ ਫਿਰ ਤੋਂ ਜ਼ਿਲ੍ਹਾ ਪਟਿਆਲਾ (ਦਿਹਾਤੀ) ਕਾਂਗਰਸ ਲਈ ਪੰਜਾਬ ਮਹਿਲਾ ਕਾਂਗਰਸ ਦੀ ਸੂਬਾ ਪਰਧਾਨ ਗੁਰਸ਼ਰਨ ਕੌਰ ਰੰਧਾਵਾ 'ਤੇ ਆਪਣਾ ਵਿਸ਼ਵਾਸ ਜਤਾਉਂਦੇ ਹੋਏ ਉਨ੍ਹਾਂ ਨੂੰ ਜ਼ਿਲ੍ਹਾ ਕਾਂਗਰਸ (ਦਿਹਾਤੀ) ਦਾ ਪ੍ਰਧਾਨ ਨਿਯੁਕਤ ਕਰ ਦਿੱਤਾ ਹੈ। ਉਨ੍ਹਾਂ ਦੀ ਨਿਯੁਕਤੀ ਤੋਂ ਬਾਅਦ ਪਟਿਆਲਾ ਦੇ ਕਾਂਗਰਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ।ਪ੍ਰਧਾਨ ਬਣਨ ਤੋਂ ਬਾਅਦ ਬੀਬਾ ਗੁਰਸ਼ਰਨ ਕੌਰ ਰੰਧਾਵਾ ਨੇ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਬ੍ਰਹਮ ਮਹਿੰਦਰਾ, ਮਦਨ ਲਾਲ ਜਲਾਲਪੁਰ ਸਾਬਕਾ ਐੱਮ ਐੱਲ ਏ, ਗਗਨਦੀਪ ਜੌਲੀ ਸਾਬਕਾ ਮੈਂਬਰ ਪਾਵਰਕਾਮ, ਦੀਦਾਰ ਸਿੰਘ ਦੌਣ ਕਲਾਂ, ਹਰਪਾਲ ਸਿੰਘ, ਚਮਕੌਰ ਸਿੰਘ, ਦੀਪ ਲਾਲੋਛੀ, ਚੌਧਰੀ ਨਿਰਮਲ ਭੱਟੀਆਂ, ਬਲਿਹਾਰ ਸਿੰਘ ਸਮਸਪੁਰ ਮੈਂਬਰ ਪਾਰਲੀਮੈਂਟ, ਡਾ. ਧਰਮਵੀਰ ਗਾਂਧੀ ਸਵਰਨ ਸਿੰਘ ਰਾਮਗੜ੍ਹ, ਸੂਬਾ ਸਕਤਰ ਕਿਸਾਨ ਸੈੱਲ, ਗੌਰਵ ਸੰਧੂ ਨੂੰ ਗੁਲਦਸਤਾ ਦੇ ਕੇ ਉਨ੍ਹਾਂ ਦਾ ਸਵਾਗਤ ਕੀਤਾ।ਇਸ ਮੌਕੇ ਉਨ੍ਹਾਂ ਨਾਲ ਪੰਜਾਬ ਕਾਂਗਰਸ ਦੇ ਸਪੋਕਸਮੈਨ ਤੇ ਹਲਕਾ ਸਨੌਰ ਦੇ ਕੁਆਰਡੀਨੇਟਰ ਹਰਵਿੰਦਰ ਸਿੰਘ ਨਿੱਪੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਬੀਬਾ ਰੰਧਾਵਾ ਨੇ ਕਿਹਾ ਕਿ ਪਾਰਟੀ ਹਾਈਕਮਾਂਡ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਤੇ ਸਾਬਕਾ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਉਨ੍ਹਾਂ 'ਤੇ ਜੋ ਵਿਸ਼ਵਾਸ ਕੀਤਾ ਹੈ, ਉਹ ਉਸ 'ਤੇ ਖਤਰਾ ਉਤਰਨਗੇ ਅਤੇ 2027 ਵਿੱਚ ਪਟਿਆਲਾ ਸ਼ਹਿਰੀ ਤੇ ਪਟਿਆਲਾ ਦਿਹਾਤੀ ਸੀਟਾਂ ਕਾਂਗਰਸ ਪਾਰਟੀ ਦੀ ਝੋਲੀ ਵਿੱਚ ਪਾਉਣ ਲਈ ਸਮੁੱਚੇ ਕਾਂਗਰਸੀ ਵਰਕਰਾਂ ਨੂੰ ਨਾਲ ਲੈ ਕੇ ਦਿਨ-ਰਾਤ ਮਿਹਨਤ ਕਰਨਗੇ।


## ਉੱਤਰ ਰੇਲਵੇ

### ਖੁਲੀ ਟੈਂਡਰ ਸੂਚਨਾ

ਵ.ਮੰਡਲ ਵਿਯੁਤ ਇੰਜੀਨੀਅਰ/ਟੀ.ਆਰ.ਡੀ., ਉ.ਰੇ. ਫ਼ਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰਾ ਆਖਰੀ ਮਿਤੀ 05.12.2025 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰ ਅਪਣੀ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ 31.10.2025 ਨੂੰ 15.00 ਵਜੇ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹੈ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (ਰੁ:) | ਟੈਂਡਰ ਪੂਰਾ ਕਰਨ ਦੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ# (ਰੁ:) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈੱਬਸਾਈਟ |
|---|---|---|---|---|---|---|---|
| 723-ਟੀ.ਆਰ.ਡੀ-ਫ਼ਿਰੋਜ਼ਪੁਰ-2025-26 | ਫ਼ਿਰੋਜ਼ਪੁਰ ਡਵੀਜਨ ਉਤੇ DEE/TRD/FZR ਦੇ ਅਧਿਕਾਰ ਖੇਤਰ ਵਿਚ ਲੇਵਲ ਕਰੋਸਿੰਗ ਗੇਟਾਂ ਉਤੇ ਅਤਿਰਿਕਤ ਤਾਰ ਵਿਵਸਥਾ ਦਾ ਪ੍ਰਾਵਧਾਨ | 3,28,32,603.92 | 05.12.2025 15:00 ਵਜੇ ਤਕ | 3,14,200/- | 12 ਮਹੀਨੇ | 05.12.2025 15:00 ਵਜੇ ਦੇ ਬਾਦ | www.ireps.gov.in |
| 724-ਟੀ.ਆਰ.ਡੀ-ਫ਼ਿਰੋਜ਼ਪੁਰ-2025-26 | ਫ਼ਿਰੋਜ਼ਪੁਰ ਮੰਡਲ ਉਤੇ ਸਾਹਨੇਵਾਲ-ਅੰਮ੍ਰਿਤਸਰ ਖੰਡ ਦੇ ਵੰਦੇ ਭਾਰਤ ਮਾਰਗ ਉਤੇ ਲੇਵਲ ਕਰੋਸਿੰਗ ਗੇਟਾਂ ਉਤੇ ਅਤਿਰਿਕਤ ਤਾਰ ਵਿਵਸਥਾ ਦਾ ਪ੍ਰਾਵਧਾਨ | 3,54,00,510.65 | 05.12.2025 15:00 ਵਜੇ ਤਕ | 3,27,000/- | 12 ਮਹੀਨੇ | 05.12.2025 15:00 ਵਜੇ ਦੇ ਬਾਦ | www.ireps.gov.in |
| 725-ਟੀ.ਆਰ.ਡੀ-ਫ਼ਿਰੋਜ਼ਪੁਰ-2025-26 | ਫ਼ਿਰੋਜ਼ਪੁਰ ਮੰਡਲ ਵਿਚ ਝੁਕੇ ਹੋਏ ਮਸਤੂਲਾਂ ਨੂੰ ਹਟਾਕੇ, ਝੁਕੇ ਹੋਏ ਮਸਤੂਲਾਂ ਦਾ ਪ੍ਰਾਵਧਾਨ ਕਰਕੇ ਓਐਚਈ ਦਾ ਉਨਨਯਨ ਅਤੇ ਸੁਧਾਰ ਅਤੇ ਹੋਰ ਸਬੰਧਿਤ ਕੰਮ | 3,18,59,256.00 | 05.12.2025 15:00 ਵਜੇ ਤਕ | 3,09,300/- | 12 ਮਹੀਨੇ | 05.12.2025 15:00 ਵਜੇ ਦੇ ਬਾਦ | www.ireps.gov.in |
| 726-ਟੀ.ਆਰ.ਡੀ-ਫ਼ਿਰੋਜ਼ਪੁਰ-2025-26 | ਫ਼ਿਰੋਜ਼ਪੁਰ ਡਵੀਜਨ ਵਿਚ ADEE/TRD/JUC ਅਧਿਕਾਰ ਖੇਤਰ ਵਿਚ ਟੀਆਰਡੀ ਪਰਿਸੰਪਤੀਆਂ ਦਾ ਸਰਵਧਨ, ਸਰਵਦਰਨ ਅਤੇ ਪ੍ਰਤੀਸਥਾਪਨ ਅਤੇ ਹੋਰ ਵਿਸ਼ਵਸਨੀਯਤਾ ਸੁਧਾਰ ਕੰਮ | 3,85,01,649.84 | 05.12.2025 15:00 ਵਜੇ ਤਕ | 3,42,500/- | 12 ਮਹੀਨੇ | 05.12.2025 15:00 ਵਜੇ ਦੇ ਬਾਦ | www.ireps.gov.in |
| 727-ਟੀ.ਆਰ.ਡੀ-ਫ਼ਿਰੋਜ਼ਪੁਰ-2025-26 | ਫ਼ਿਰੋਜ਼ਪੁਰ ਮੰਡਲ ਦੇ ਸਾਹਨੇਵਾਲ-ਅੰਮ੍ਰਿਤਸਰ ਖੰਡ ਉਤੇ ਚੋਥੇ ਚਰਣ ਵਿਚ ਪ੍ਰਦੂਸ਼ਿਤ ਖੇਤਰਾਂ ਵਿਚ ਨਵੀ ਓਐਚਈ ਫਿਟਿੰਗ ਦਾ ਪ੍ਰਾਵਧਾਨ ਅਤੇ ਹੋਰ ਓਐਚਈ ਵਿਸ਼ਵਸਨੀਯਤਾ ਸੁਧਾਰ ਕੰਮ | 3,48,10,843.03 | 05.12.2025 15:00 ਵਜੇ ਤਕ | 3,24,100/- | 12 ਮਹੀਨੇ | 05.12.2025 15:00 ਵਜੇ ਦੇ ਬਾਦ | www.ireps.gov.in |
| 728-ਟੀ.ਆਰ.ਡੀ-ਫ਼ਿਰੋਜ਼ਪੁਰ-2025-26 | ਫ਼ਿਰੋਜ਼ਪੁਰ ਮੰਡਲ ਵਿਚ ADEE/TRD/ASR ਦੇ ਅਧਿਕਾਰ ਖੇਤਰ ਵਿਚ ਵਿਫਲਤਾ ਪ੍ਰਵਣ ਅਤਿ ਪੁਰਾਣੀ ਟੀਆਰਡੀ ਪਰਿਸੰਪਤੀਆਂ ਦੇ ਪ੍ਰਤੀਸਥਾਪਨ ਅਤੇ ਹੋਰ ਵਿਸ਼ਵਸਨੀਯਤਾ ਸੁਧਾਰ ਕੰਮਾਂ ਦੁਵਾਰਾ ਓਐਚਈ ਨੂੰ ਮਜ਼ਬੂਤ ਕਰਨਾ | 3,42,09,198.74 | 05.12.2025 15:00 ਵਜੇ ਤਕ | 3,21,100/- | 12 ਮਹੀਨੇ | 05.12.2025 15:00 ਵਜੇ ਦੇ ਬਾਦ | www.ireps.gov.in |

ਕੰਮ ਦੀ ਸਮਾਨ ਪ੍ਰਕ੍ਰਿਤੀ (ਉਪਰੋਕਤ ਸਾਰੇ ਟੈਂਡਰ ਦੇ ਲਈ)ਯ "50 ਹਰਟਜ, ਸਿੰਗਲ ਫੇਜ 25 ਕੇਵੀ ਏਸੀ ਓਐਚਈ ਦਾ ਡਿਜਾਇਨ, ਆਪੂਰਤੀ, ਨਿਰਮਾਣ ਪਰੀਖਸ਼ਣ ਅਤੇ ਕਮੀਸ਼ਨਿੰਗ" (ਸੰਦਰਭ : Pr.CEE/NR ਦੇ ਪੱਤਰ ਨੰਬਰ 181-ਇਲੈਕਟ/ਟੀਆਰਡੀ/189/ਭਾਗ II, ਮਿਤੀ 29.07.2021 ਦਾ ਓਐਚਈ ਕੰਮ ਦਾ ਲੜੀ ਨੰਬਰ 1.1).

ਨੰ: 723, 724, 725, 726, 727 ਏਵਂ 728-ਟੀ.ਆਰ.ਡੀ.-ਫ਼ਿਰੋਜ਼ਪੁਰ -2025-26 ਮਿਤੀ : 12.11.2025 3525/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਚੇਅਰਮੈਨ ਘੁੱਲੀ ਨੇ ਏਸ਼ੀਅਨ ਮਾਸਟਰ ਐਥਲੀਟ ਚੈਂਪੀਅਨਸ਼ਿਪ 'ਚ ਮੈਡਲ ਜਿੱਤੇ



**ਧੂਰੀ (ਮੋਹਿਤ ਗਰਗ, ਵਿਨੀ ਗਰਗ)**-ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਅਤੇ ਮਾਰਕਿਟ ਕਮੇਟੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ 23ਵੀਂ ਏਸ਼ੀਅਨ ਮਾਸਟਰ ਐਥਲੀਟ ਚੈਂਪੀਅਨਸ਼ਿਪ ਚੇਨਈ ਵਿੱਚ ਭਾਗ ਲਿਆ, ਉੱਥੇ ਉਨ੍ਹਾਂ ਹੈਮਰਥਰੋ ਤੇ ਡਿਸਕ ਥਰੋਅ ਵਿੱਚ ਸਿਲਵਰ ਮੈਡਲ ਜਿੱਤੇ। ਮੈਡਲ ਜਿੱਤ ਕੇ ਧੂਰੀ ਪਹੁੰਚਣ 'ਤੇ ਚੇਅਰਮੈਨ ਦਾ ਦਲਵੀਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਨਿੱਘਾ ਸਵਾਗਤ ਕੀਤਾ ਗਿਆ। ਢਿੱਲੋਂ ਨੇ ਕਿਹਾ ਕਿ ਨੌਜਵਾਨਾਂ ਲਈ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਮਾਰਗ ਦਰਸ਼ਕ ਹਨ ਤੇ ਜੋ ਨੌਜਵਾਨਾਂ ਨੂੰ ਆਪਣੀ ਸਿਹਤ ਪ੍ਰਤੀ ਜਾਗਰੂਕ ਕਰ ਰਹੇ ਹਨ। ਚੇਅਰਮੈਨ ਘੁੱਲੀ ਨੇ 'ਆਪ' ਆਗੂਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਭਵਿੱਖ ਵਿਚ ਵੀ ਖੇਡਾਂ ਨਾਲ ਜੁੜ ਕੇ ਹਲਕੇ ਦਾ ਨਾਂਅ ਰੌਸ਼ਨ ਕਰਨਗੇ ਅਤੇ ਨੌਜਵਾਨਾਂ ਨੂੰ ਖੇਡਾਂ ਵੱਲ ਜੁੜਨ ਲਈ ਪ੍ਰੇਰਿਤ ਕਰਨਗੇ।

## ਗੁਰੂ ਨਾਨਕ ਨੈਸ਼ਨਲ ਕਾਲਜ 'ਚ ਦਸਤਾਰ ਮੁਕਾਬਲੇ ਕਰਾਏ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਤ ਦਸਤਾਰ ਮੁਕਾਬਲਾ ਕਰਾਇਆ ਗਿਆ।ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ ਦੀ ਸਰਪ੍ਰਸਤੀ ਹੇਠ ਵਿਦਿਆਰਥੀਆਂ ਵਿਚ ਗੁਰਬਾਣੀ ਤੇ ਗੁਰਸਿੱਖੀ ਸਰੂਪ ਪ੍ਰਤੀ ਲਗਨ ਪੈਦਾ ਕਰਨ ਹਿੱਤ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਾਏ ਗਏ।ਕਾਲਜ ਪ੍ਰਬੰਧਕੀ ਕਮੇਟੀ ਦੇ ਜਨਰਲ ਸਕੱਤਰ ਡਾ. ਪਵਿੱਤਰਪਾਲ ਸਿੰਘ ਪਾਂਗਲੀ, ਐਗਜ਼ੀਕਿਊਟਿਵ ਮੈਂਬਰ ਸ਼੍ਰੀਮਤੀ ਰੁਪਿੰਦਰ ਕੌਰ ਬਰਾੜ, ਨਵਨੀਤ ਸਿੰਘ ਮਾਂਗਟ, ਰਵਿੰਦਰ ਸਿੰਘ ਮਲਹਾਂਸ ਤੇ ਸੁਖਪਾਲ ਸਿੰਘ ਧਾਰਨੀ ਉਚੇਚੇ ਤੌਰ 'ਤੇ ਸ਼ਾਮਲ ਹੋਏ। ਮੁਕਾਬਲੇ ਵਿੱਚ ਤਕਰੀਬਨ 21 ਵਿਦਿਆਰਥੀਆਂ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ ਕ੍ਰਮਵਾਰ ਅਨਮੋਲਦੀਪ ਸਿੰਘ ਬੀ ਕਾਮ ਭਾਗ ਦੂਜਾ ਦੇ ਵਿਦਿਆਰਥੀ ਨੇ ਪਹਿਲਾ ਸਥਾਨ, ਸ਼ੀਨੂਪ੍ਰੀਤ ਸਿੰਘ ਬੀ ਏ ਭਾਗ ਤੀਜਾ ਤੇ ਜਸਕਰਨ ਬੀ ਏ ਭਾਗ ਪਹਿਲਾ ਦੇ ਵਿਦਿਆਰਥੀਆਂ ਨੇ ਸਮੂਹਿਕ ਰੂਪ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਤੇ ਕਰਨਦੀਪ ਬੀ ਏ ਭਾਗ ਦੂਜਾ ਦੇ ਵਿਦਿਆਰਥੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

## ਵਿਦਿਆਰਥੀਆਂ 'ਤੇ ਲਾਠੀਚਾਰਜ ਦੀ ਨਿਖੇਧੀ



**ਬੱਧਨੀ ਕਲਾਂ (ਲਵਲੀ ਕੁਮਾਰ)**-ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਸੀਨੀਅਰ ਆਗੂ ਖਣਮੁੱਖ ਭਾਰਤੀ ਚੇਅਰਮੈਨ ਪੱਤੋਂ ਨੇ ਚੰਡੀਗੜ੍ਹ ਯੂਨੀਵਰਸਿਟੀ 'ਚ ਵਿਦਿਆਰਥੀਆਂ ਉੱਪਰ ਕੀਤੇ ਲਾਠੀਚਾਰਜ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵਿਦਿਆਰਥੀਆਂ ਦੀ ਅਵਾਜ਼ ਨੂੰ ਦਬਾਉਣਾ ਚਾਹੁੰਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਖਣਮੁੱਖ ਭਾਰਤੀ ਪੱਤੋਂ ਨੇ ਕਿਹਾ ਕਿ ਸਰਕਾਰ ਦਾ ਇਹ ਕਦਮ ਨਾ ਸਿਰਫ ਨਿੰਦਣਯੋਗ ਹੈ, ਸਗੋਂ ਸਾਬਤ ਹੁੰਦਾ ਹੈ ਕਿ ਸਰਕਾਰ ਵਿਦਿਆਰਥੀਆਂ ਦੀਆਂ ਮੰਗਾਂ ਸੁਣਨ ਦੀ ਬਜਾਏ ਦਬਾਉਣਾ ਚਾਹੁੰਦੀ ਹੈ ਤੇ ਉਨ੍ਹਾਂ ਨੂੰ ਜ਼ਬਰਦਸਤੀ ਚੁੱਪ ਕਰਾਉਣਾ ਚਾਹੁੰਦੀ ਹੈ ਤੇ ਉਨ੍ਹਾਂ ਵੱਲੋਂ ਇਹ ਵੀ ਕਿਹਾ ਗਿਆ ਕਿ ਵਿਦਿਆਰਥੀ ਆਪਣੇ ਹੱਕਾਂ ਦੀ ਖਾਤਰ ਲੜ ਰਹੇ ਹਨ, ਜਿਨ੍ਹਾਂ 'ਤੇ ਪੁਲਸ ਵੱਲੋਂ ਲਾਠੀਚਾਰਜ ਕਰਨਾ ਬਹੁਤ ਹੀ ਹੈਰਾਨੀਜਨਕ ਹੈ।

## ਰੱਤੋਕੇ ਸਕੂਲ ਦੇ ਮੁੰਡਿਆਂ ਖੋ-ਖੋ 'ਚ ਜਿੱਤਿਆ ਗੋਲਡ ਮੈਡਲ



**ਲੌਂਗੋਵਾਲ (ਪ੍ਰਦੀਪ ਸੱਪਲ)**-ਸਕੂਲ ਸਿੱਖਿਆ ਵਿਭਾਗ ਵੱਲੋਂ ਮਸਤੂਆਣਾ ਸਾਹਿਬ ਵਿਖੇ ਕਰਵਾਏ ਗਏ ਖੋ-ਖੋ ਅੰਡਰ-11 ਲੜਕਿਆਂ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਰੱਤੋਕੇ ਦੇ ਲੜਕਿਆਂ ਨੇ ਸੰਗਰੂਰ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਜਿੱਤਿਆ ਹੈ।ਹੁਣ ਇਹ ਟੀਮ ਹੋਣ ਵਾਲੇ ਰਾਜ ਪੱਧਰੀ ਟੂਰਨਾਮੈਂਟ ਵਿੱਚ ਭਾਗ ਲਵੇਗੀ।ਪਿੰਡ ਪਹੁੰਚਣ 'ਤੇ ਪੂਰੀ ਟੀਮ ਦਾ ਪਿੰਡ ਦੀ ਪੰਚਾਇਤ, ਕਲੱਬ ਮੈਂਬਰਾਂ, ਸਕੂਲ ਸਟਾਫ਼ ਤੇ ਪਿੰਡ ਵਾਸੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।ਸਕੂਲ ਵੈੱਲਫੇਅਰ ਕਮੇਟੀ ਦੇ ਪ੍ਰਧਾਨ ਗਿਆਨ ਸਿੰਘ ਭੁੱਲਰ, ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ, ਸਰਪੰਚ ਹਰਦੀਪ ਕੌਰ ਨੇ ਟੀਮ ਕੋਚ ਅੰਮ੍ਰਿਤਪਾਲ ਸਿੰਘ, ਜਗਜੀਵਨ ਸਿੰਘ, ਟੀਮ ਇੰਚਾਰਜ ਸੁਨੀਲ ਕੁਮਾਰ, ਇੰਚਾਰਜ ਕਰਮਜੀਤ ਕੌਰ ਤੇ ਪੂਰੀ ਟੀਮ ਨੂੰ ਵਧਾਈ ਦਿੱਤੀ।ਇਸ ਮੌਕੇ ਪੰਚਾਇਤ ਮੈਂਬਰ ਰਛਪਾਲ ਸਿੰਘ, ਰਣਜੋਧ ਸਿੰਘ, ਸਲਵਿੰਦਰ ਸਿੰਘ, ਸੁਖਦੇਵ ਸਿੰਘ, ਸ਼ਕਤੀ ਸਿੰਘ, ਸਤਨਾਮ ਸਿੰਘ, ਮਨਪ੍ਰੀਤ ਪੀਤੀ, ਕੁਲਦੀਪ ਕਾਲੀ, ਗੁਰਚਰਨ ਸਿੰਘ ਸਾਬਕਾ ਸਰਪੰਚ, ਕੁਲਦੀਪ ਕੌਰ ਸਾਬਕਾ ਸਰਪੰਚ, ਬਿੱਟੂ ਸਿੰਘ, ਜਸਵਿੰਦਰ ਸਿੰਘ, ਚਰਨਜੀਤ ਕੌਰ, ਸੁਨੀਲ ਕੁਮਾਰ, ਸੱਤਪਾਲ ਕੌਰ, ਕਾਕਾ ਸਿੰਘ, ਅਮਰਿੰਦਰ ਕੌਰ, ਰੇਨੂੰ ਸਿੰਗਲਾ, ਰਣਜੀਤ ਕੌਰ, ਅਜੀਤਪਾਲ ਸਿੰਘ, ਸੁਖਪਾਲ ਸਿੰਘ, ਮਨਪ੍ਰੀਤ ਮੰਨਾ ਹਾਜ਼ਰ ਸਨ।ਇਹ ਜਾਣਕਾਰੀ ਪ੍ਰੈੱਸ ਨਾਲ ਰਣਜੀਤ ਸਿੰਘ ਮੰਢਾਲੀ ਨੇ ਸਾਂਝੀ ਕੀਤੀ।

## ਦੋ ਰੋਜ਼ਾ ਧਾਰਮਿਕ ਸਮਾਗਮ ਸੰਬੰਧੀ ਪੋਸਟਰ ਜਾਰੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਹਰ ਸਾਲ ਦੀ ਤਰ੍ਹਾਂ ਮਿਸਲ ਸ਼ਹੀਦਾਂ ਤਰਨਾ ਦਲ ਦੇ ਮੌਜੂਦਾ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਜੋਗਾ ਸਿੰਘ ਸ੍ਰੀ ਬਾਬਾ ਬਕਾਲਾ ਸਾਹਿਬ, ਸੰਤ ਬਾਬਾ ਗੁਰਦੇਵ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਦੀ ਪ੍ਰੇਰਨਾ ਸਦਕਾ ਗੁਰਦੁਆਰਾ ਗੁਰੂ ਕਾ ਖੂਹ ਸਾਹਿਬ ਵਿਖੇ 15ਵਾਂ ਮਹਾਨ ਗੁਰਮਤਿ ਸਮਾਗਮ ਇਸ ਵਾਰ 22 ਤੇ 23 ਨਵੰਬਰ ਨੂੰ ਸ਼ਾਮ 6 ਤੋਂ ਰਾਤ 10 ਵਜੇ ਤੱਕ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ।ਇਸ ਸਮਾਗਮ ਸਬੰਧੀ ਬੁੱਧਵਾਰ ਗੁਰਦੁਆਰਾ ਗੁਰੂ ਕਾ ਖੂਹ ਸਾਹਿਬ ਵਿਖੇ ਪੋਸਟਰ ਜਾਰੀ ਕੀਤਾ ਗਿਆ।ਇਸ ਮੌਕੇ ਜਾਣਕਾਰੀ ਦਿੰਦਿਆਂ ਗੁਰਦੁਆਰਾ ਗੁਰੂ ਕਾ ਖੂਹ ਸਾਹਿਬ ਪਾਤਸ਼ਾਹੀ ਦਸਵੀਂ ਦੇ ਮੁੱਖ ਸੇਵਾਦਾਰ ਬਾਬਾ ਮਨਜੀਤ ਸਿੰਘ ਨੇ ਦੱਸਿਆ ਕਿ ਇਸ ਵਾਰ ਸਮਾਗਮ ਵਿੱਚ ਪੰਥ ਪ੍ਰਸਿੱਧ ਰਾਗੀ ਢਾਡੀ ਕਵੀਸ਼ਰ ਤੇ ਕਥਾਵਾਚਕ ਸੰਗਤਾਂ ਨੂੰ ਗੁਰਬਾਣੀ ਕਥਾ ਕੀਰਤਨ ਰਾਹੀਂ ਨਿਹਾਲ ਕਰਨਗੇ। ਉਨ੍ਹਾ ਦੱਸਿਆ ਕਿ 15 ਤੋਂ 22 ਨਵੰਬਰ ਤੱਕ ਗੁਰਦੁਆਰਾ ਗੁਰੂ ਕਾ ਖੂਹ ਸਾਹਿਬ ਤੋਂ ਸਵੇਰੇ ਚਾਰ ਵਜੇ ਪ੍ਰਭਾਤ ਫੇਰੀਆਂ ਕੱਢੀਆਂ ਜਾਣਗੀਆਂ ਤੇ 23 ਨਵੰਬਰ ਨੂੰ 11 ਵਜੇ ਅੰਮ੍ਰਿਤ ਸੰਚਾਰ ਹੋਵੇਗਾ।ਇਸ ਦੌਰਾਨ ਧਾਰਮਿਕ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਣਗੀਆਂ।

## ਕੂੜੇ ਦੇ ਢੇਰਾਂ ਤੋਂ ਪ੍ਰੇਸ਼ਾਨ ਲੋਕਾਂ ਵੱਲੋਂ ਧਰਨਾ ਜਾਰੀ



**ਜਗਰਾਉਂ (ਅਮਿਤ ਖੰਨਾ, ਨਛੱਤਰ ਸੰਧੂ)**-ਸਥਾਨਕ ਡਿਸਪੋਜ਼ਲ ਰੋਡ 'ਤੇ ਕੂੜੇ ਦੇ ਨਰਕ ਤੋਂ ਪੱਕੇ ਤੌਰ 'ਤੇ ਛੁਟਕਾਰਾ ਪਾਉਣ ਲਈ ਚੱਲ ਰਹੇ ਨਿਰੰਤਰ ਦਿਨ-ਰਾਤ ਦੇ ਧਰਨੇ 'ਚ ਅੱਜ ਅਗਵਾੜ ਖ਼ਵਾਜਾ ਬਾਜੂ ਦੀਆਂ ਵਸਨੀਕ ਔਰਤਾਂ ਨੇ ਵੱਡੀ ਗਿਣਤੀ 'ਚ ਭਾਗ ਲਿਆ।ਅਗਵਾੜ ਦੇ ਸਰਪੰਚ ਬਲਜਿੰਦਰ ਸਿੰਘ ਦੀ ਅਗਵਾਈ 'ਚ ਸ਼ਾਮਲ ਬੀਬੀਆਂ ਨੇ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਨਗਰ ਕੌਂਸਲ ਪ੍ਰਸ਼ਾਸਨ ਦਾ ਸਿਆਪਾ ਕੀਤਾ।ਇਸ ਸਮੇਂ ਬੋਲਦਿਆਂ ਮਜ਼ਦੂਰ ਆਗੂ ਮਦਨ ਸਿੰਘ ਨੇ ਕਿਹਾ ਕਿ ਅੱਜ ਸਾਰਾ ਦਿਨ ਵਾਰ ਵਾਰ ਨਗਰ ਕੌਂਸਲ ਦੇ ਕਰਮਚਾਰੀਆਂ ਨੂੰ ਬੇਨਤੀ ਕਰਨ ਦੇ ਬਾਵਜੂਦ ਕੋਈ ਵੀ ਟਰਾਲੀ ਕੂੜਾ ਚੁਕਣ ਲਈ ਨਾ ਪੁੱਜੀ।ਇਸ ਸਮੇਂ ਅੱਕੇ ਹੋਏ ਲੋਕਾਂ ਨੇ ਕਿਹਾ ਕਿ ਜੇਕਰ ਨਗਰ ਪ੍ਰਸ਼ਾਸਨ ਭਲਕੇ ਤੱਕ ਕੂੜੇ ਦਾ ਪੂਰਾ ਨਿਪਟਾਰਾ ਨਹੀਂ ਕਰਦਾ ਤਾਂ 14 ਨਵੰਬਰ ਨੂੰ ਇਸ ਰੋਡ 'ਤੇ ਪੈਂਦੀਆਂ ਕਲੋਨੀਆਂ, ਗਊਸ਼ਾਲਾ ਕਮੇਟੀ ਮੈਂਬਰ ਤੇ ਮਜ਼ਦੂਰ ਔਰਤਾਂ ਸਮੇਤ ਬੱਚਿਆਂ ਦੇ ਨਗਰ ਕੌਂਸਲ ਦਫ਼ਤਰ ਦਾ ਘਿਰਾਓ ਕਰਨਗੇ।ਇਲਾਕਾ ਵਾਸੀਆਂ ਨੇ ਕਿਹਾ ਕਿ ਅਤਿਅੰਤ ਦੁੱਖ ਹੈ ਕਿ ਸ਼ਹਿਰ ਜਾਨਲੇਵਾ ਬੀਮਾਰੀਆਂ ਦੇ ਮੁਹਾਣੇ 'ਤੇ ਬੈਠਾ ਹੈ ਤੇ ਨਗਰ ਪ੍ਰਸ਼ਾਸਨ ਸੁੱਤਾ ਪਿਆ ਹੈ।ਧਰਨਾਕਾਰੀਆਂ ਨੇ ਸਮੂਹ ਸ਼ਹਿਰਵਾਸੀਆਂ ਤੇ ਲੋਕਪੱਖੀ ਜਥੇਬੰਦੀਆਂ ਨੂੰ ਇਸ ਐਕਸ਼ਨ 'ਚ ਵਧ ਚੜ੍ਹ ਕੇ ਭਾਗ ਲੈਣ ਦੀ ਅਪੀਲ ਕੀਤੀ ਹੈ।ਇਸ ਸਮੇਂ ਨਗਰ ਸੁਧਾਰ ਸਭਾ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਕਿਸਮਾਂ ਦੇ ਵਰਕਰ ਇਸ ਘਿਰਾਓ 'ਚ ਭਾਗ ਲੈਣਗੇ।



ਥਾਣਾ ਅਰਬਨ ਅਸਟੇਟ ਦੇ ਨਵੇਂ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਸਮਰਾਓਂ ਦੀਆਂ ਵਧੀਆ ਸੇਵਾਵਾਂ ਲਈ ਡੀ.ਜੀ.ਪੀ. ਡਿਸਕ ਲਗਾਉਂਦੇ ਹੋਏ ਐੱਸ.ਐੱਸ.ਪੀ. ਪਟਿਆਲਾ ਵਰੁਣ ਸ਼ਰਮਾ ਤੇ ਐੱਸ. ਪੀ. ਡੀ. ਹਰਬੰਸ ਬੈਂਸ। (ਫ਼ੋਟੋ ਤੇ ਵੇਰਵਾ : ਵਰਿੰਦਰ ਵਰਮਾ, ਨਾਭਾ)

## ਬੱਚਿਆਂ ਦਾ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਅੱਜ

**ਮਾਲੇਰਕੋਟਲਾ (ਅਸਗਰ ਪਰਿਹਾਰ)**-ਕਰਨਵੀਰ ਮੈਟਰਨਿਟੀ ਐਂਡ ਨਿਊਰੋਪੀਡੀਆਟ੍ਰਿਕ ਹਸਪਤਾਲ 'ਚ ਬਾਲ ਦਿਵਸ ਮੌਕੇ 14 ਨਵੰਬਰ ਨੂੰ ਨਵਜੰਮੇ ਬੱਚਿਆਂ ਦੀ ਜਾਂਚ ਦਾ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਾਇਆ ਜਾਵੇਗਾ।ਕੈਂਪ 'ਚ ਨਵਜੰਮੇ ਬੱਚਿਆਂ ਤੋਂ ਲੈ ਕੇ 10 ਸਾਲ ਤੱਕ ਦੇ ਬੱਚਿਆਂ ਦਾ ਮੁਫ਼ਤ ਚੈੱਕਅਪ ਕੀਤਾ ਜਾਵੇਗਾ।ਕੈਂਪ ਦੀ ਜਾਣਕਾਰੀ ਦਿੰਦਿਆਂ ਹਸਪਤਾਲ ਦੇ ਐੱਮ.ਡੀ ਡਾ.ਕਰਨਵੀਰ ਨੇ ਦੱਸਿਆ ਕਿ ਇਹ ਕੈਂਪ ਸਵੇਰੇ 10 ਵਜੇ ਤੋਂ ਸ਼ੁਰੂ ਹੋ ਕੇ ਦੁਪਹਿਰ 01 ਵਜੇ ਤੱਕ ਲੱਗੇਗਾ।ਕੈਂਪ ਵਿੱਚ ਬੱਚਿਆਂ ਦੇ ਜਰਨਲ ਚੈਕਅੱਪ, ਹਾਈਟ ਚੈੱਕਅਪ, ਵੇਟ ਚੈੱਕਅਪ ਤੋਂ ਇਲਾਵਾ ਬੱਚਿਆਂ ਦੀ ਸਿਹਤ ਪੱਖੀ ਮਾਪਿਆਂ ਨੂੰ ਸੁਝਾਅ ਦਿੱਤੇ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਮੌਕੇ ਬੱਚਿਆਂ ਨੂੰ ਜ਼ਰੂਰੀ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ।ਕੈਂਪ ਵਿੱਚ ਬੱਚਿਆਂ ਦੀਆਂ ਬਿਮਾਰੀਆਂ ਦੇ ਮਾਹਿਰ ਡਾ. ਕਰਨਵੀਰ ਸਿੰਘ ਆਪਣੀ ਟੀਮ ਨਾਲ ਬੱਚਿਆਂ ਦਾ ਚੈਕਅੱਪ ਕਰਨਗੇ ਅਤੇ ਮਾਪਿਆਂ ਨੂੰ ਆਪਣੇ ਬੱਚਿਆਂ ਪ੍ਰਤੀ ਸਿਹਤਮੰਦ ਰੱਖਣ ਲਈ ਅਗਾਹ ਕਰਨਗੇ।ਉਨ੍ਹਾਂ ਸ਼ਹਿਰ ਨਿਵਾਸੀਆਂ ਨੂੰ ਕਿਹਾ ਕਿ ਇਸ ਮੁਫਤ ਚੈੱਕਅਪ ਕੈਂਪ ਦਾ ਲੋਕ ਵੱਧ ਤੋਂ ਵੱਧ ਲਾਭ ਲੈਣ।

## ਖੱਬੇ ਪੱਖੀ ਧਿਰਾਂ ਦੀ ਮਜ਼ਬੂਤੀ ਬਿਨਾਂ ਆਮ ਲੋਕਾਂ ਦੀ ਖੁਸ਼ਹਾਲੀ ਅਸੰਭਵ : ਚੌਹਾਨ/ਉੱਡਤ



**ਝੁਨੀਰ/ਸਰਦੂਲਗੜ੍ਹ (ਆਤਮਾ ਸਿੰਘ ਪਮਾਰ)**-ਪਿੰਡ ਕੋਟ ਧਰਮੂ ਵਿਖੇ ਸੀਪੀਆਈ ਦੀ 25 ਵੀਂ ਤਹਿਸੀਲ ਡੈਲੀਗੇਟ ਕਾਨਫਰੰਸ ਤਿੰਨ ਮੈਂਬਰੀ ਪ੍ਰਧਾਨਗੀ ਕ੍ਰਮਵਾਰ ਕਾਮਰੇਡ ਸਾਧੂ ਸਿੰਘ ਰਾਮਾਨੰਦੀ, ਕਾਮਰੇਡ ਗੁਰਪਿਆਰ ਸਿੰਘ ਫੱਤਾ ਤੇ ਪੂਰਨ ਸਿੰਘ ਸਰਦੂਲਗੜ੍ਹ ਦੀ ਪ੍ਰਧਾਨਗੀ ਹੇਠ ਸਫਲਤਾ ਪੂਰਵਕ ਸੰਪੰਨ ਹੋਈ।ਕਾਨਫਰੰਸ ਦੀ ਸ਼ੁਰੂਆਤ ਵਿਛੜ ਚੁੱਕੇ ਸਾਥੀਆਂ ਦੀ ਯਾਦ 'ਚ ਦੋ ਮਿੰਟ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।ਕਾਨਫਰੰਸ ਦਾ ਉਦਘਾਟਨ ਕਰਦਿਆਂ ਸੀਪੀਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਦੇਸ਼ ਦਾ ਹਰ ਵਰਗ ਸੰਘ ਦੇ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਪੀੜਤ ਹੋ ਚੁੱਕਿਆ ਹੈ। ਬੇਰੁਜ਼ਗਾਰੀ ਆਪਣੇ ਸਾਰੇ ਰਿਕਾਰਡ ਤੋੜ ਚੁੱਕੀ ਹੈ ਤੇ ਮਹਿੰਗਾਈ ਆਪਣੀ ਚਰਮ ਸੀਮਾ 'ਤੇ ਪਹੁੰਚ ਚੁੱਕੀ ਹੈ। ਉਨ੍ਹਾਂ ਕਿਹਾ ਕਿ ਲਾਲ ਝੰਡੇ ਦੀ ਮਜਬੂਤੀ ਤੋਂ ਬਿਨਾਂ ਆਮ ਆਦਮੀ ਲੋਕਾਂ ਦਾ ਜੀਵਨ ਸੁਖਾਲਾ ਨਹੀਂ ਹੋ ਸਕਦਾ ਤੇ ਕਾਰਪੋਰੇਟ ਘਰਾਣਿਆਂ ਦੀ ਅੰਨ੍ਹੀ ਲੁੱਟ ਬੰਦ ਨਹੀਂ ਕੀਤੀ ਜਾ ਸਕਦੀ।ਪਿਛਲੇ ਸਮੇਂ ਦੀਆਂ ਸਰਗਰਮੀਆਂ ਦੀ ਰਿਪੋਰਟ ਕਾਮਰੇਡ ਸਾਧੂ ਸਿੰਘ ਰਾਮਾਨੰਦੀ ਨੇ ਪੇਸ਼ ਕੀਤੀ, ਜਿਸ ਨੂੰ ਹਾਊਸ ਵੱਲੋਂ ਬਹਿਸ ਉਪਰੰਤ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ।ਸੀਪੀਆਈ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਤੇ ਕਾਮਰੇਡ ਸੀਤਾਰਾਮ ਗੋਬਿੰਦਪੁਰਾ ਨੇ ਕਿਹਾ ਕਿ ਬਦਲਾਅ ਵਾਲੀ ਮਾਨ ਸਰਕਾਰ ਹਰ ਫਰੰਟ ਤੇ ਫੇਲ੍ਹ ਸਾਬਤ ਹੋ ਚੁੱਕੀ ਹੈ ਤੇ ਲੋਕ ਖੱਬੇ ਪੱਖੀ ਧਿਰਾਂ ਵੱਲ ਆਸ ਦੀ ਕਿਰਨ ਨਾਲ ਦੇਖ ਰਹੇ ਹਨ।ਇਸ ਮੌਕੇ ਸਰਬਸੰਮਤੀ ਨਾਲ 15 ਮੈਂਬਰੀ ਤਹਿਸੀਲ ਕਮੇਟੀ ਚੁਣੀ ਗਈ , ਜਿਸ ਵਿੱਚ ਕਾਮਰੇਡ ਸਾਧੂ ਸਿੰਘ ਰਾਮਾਨੰਦੀ, ਗੁਰਪਿਆਰ ਸਿੰਘ ਫੱਤਾ, ਬਲਵਿੰਦਰ ਸਿੰਘ ਕੋਟ ਧਰਮੂ, ਪੂਰਨ ਸਿੰਘ ਸਰਦੂਲਗੜ੍ਹ, ਬਲਦੇਵ ਸਿੰਘ ਬਾਜੇਵਾਲਾ, ਬੂਟਾ ਸਿੰਘ ਬਾਜੇਵਾਲਾ, ਦੇਸਰਾਜ ਸਿੰਘ ਕੋਟ ਧਰਮੂ, ਸ਼ੰਕਰ ਸਿੰਘ ਜਟਾਣਾ, ਜੱਗਾ ਸਿੰਘ ਰਾਏਪੁਰ, ਮਹਿੰਦਰ ਸਿੰਘ ਭੰਡਾ ਕਲਾਂ, ਜਗਦੀਸ਼ ਝੁਨੀਰ, ਰਾਜ ਸਿੰਘ ਧਿੰਗੜ, ਨਾਜ਼ਰ ਸਿੰਘ ਜੜੌਕੀਆਂ, ਲਾਭ ਸਿੰਘ ਭੰਮੇ ਆਦਿ ਸ਼ਾਮਲ ਹਨ। ਨਵੀਂ ਚੁਣੀ ਕਮੇਟੀ ਨੇ ਮੀਟਿੰਗ ਕਰਕੇ ਕਾਮਰੇਡ ਸਾਧੂ ਸਿੰਘ ਰਾਮਾਨੰਦੀ ਨੂੰ ਸਕੱਤਰ, ਕਾਮਰੇਡ ਗੁਰਪਿਆਰ ਸਿੰਘ ਫੱਤਾ ਤੇ ਬਲਵਿੰਦਰ ਸਿੰਘ ਕੋਟ ਧਰਮੂ ਨੂੰ ਸਹਾਇਕ ਸਕੱਤਰ ਤੇ ਕਾਮਰੇਡ ਪੂਰਨ ਸਿੰਘ ਸਰਦੂਲਗੜ੍ਹ ਨੂੰ ਵਿੱਤ ਸਕੱਤਰ ਚੁਣ ਲਿਆ।25 ਨਵੰਬਰ ਨੂੰ ਮਾਨਸਾ ਵਿਖੇ ਹੋਣ ਵਾਲੀ 25 ਵੀ ਜ਼ਿਲ੍ਹਾ ਡੈਲੀਗੇਟ ਕਾਨਫਰੰਸ ਲਈ 8 ਡੈਲੀ ਗੇਟਾਂ ਦੀ ਚੋਣ ਕੀਤੀ ਗਈ।ਅਖੀਰ 'ਚ ਕਾਮਰੇਡ ਸਾਧੂ ਸਿੰਘ ਰਾਮਾਨੰਦੀ ਨੇ ਸਾਰੇ ਸਾਥੀਆਂ ਦਾ ਧੰਨਵਾਦ ਵੀ ਕੀਤਾ।

## ਆਪ ਆਗੂ ਤੇ ਭੋਡੀਵਾਲ ਦੇ ਸਰਪੰਚ ਦੀ ਸ਼ੱਕੀ ਹਾਲਤਾਂ 'ਚ ਗੋਲੀ ਲੱਗਣ ਕਾਰਨ ਮੌਤ, ਪੁਲਸ ਵੱਲੋਂ ਜਾਂਚ ਸ਼ੁਰੂ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿੰਡ ਭੋਡੀਵਾਲ ਜ਼ਿਲ੍ਹਾ ਮੋਗਾ ਦੀ ਭਾਟੋਵਾਲਾ ਬਸਤੀ ਵਿੱਚ ਉਸ ਵੇਲੇ ਸੋਗ ਪਸਰ ਗਿਆ, ਜਦੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਮੌਜੂਦਾ ਸਰਪੰਚ ਜਸਵੰਤ ਸਿੰਘ ਉਮਰ 28 ਸਾਲ ਦੀ ਸ਼ੱਕੀ ਹਾਲਤਾਂ ਵਿੱਚ ਗੋਲੀ ਲੱਗਣ ਕਾਰਨ ਮੌਤ ਹੋ ਗਈ।ਸੂਤਰਾਂ ਮੁਤਾਬਕ ਜਸਵੰਤ ਸਿੰਘ ਵੱਲੋਂ ਗੋਲੀ ਮਾਰ ਕੇ ਖੁਦਕੁਸ਼ੀ ਕੀਤੇ ਜਾਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਇਸ ਮੌਕੇ ਧਰਮਕੋਟ ਥਾਣੇ ਦੇ ਏ. ਐੱਸ. ਆਈ. ਜਰਨੈਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਜਸਵੰਤ ਸਿੰਘ ਵਾਸੀ ਭੋਡੀਵਾਲ ਵਜੋਂ ਹੋਈ ਹੈ।ਉਹ ਪਿੰਡ ਦਾ ਮੌਜੂਦਾ ਸਰਪੰਚ ਸੀ ਤੇ ਪਿਛਲੇ ਕੁਝ ਸਮੇਂ ਤੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਚੱਲ ਰਿਹਾ ਸੀ ਅਤੇ ਪਿਛਲੀ ਰਾਤ ਜਸਵੰਤ ਸਿੰਘ ਆਪਣੇ ਕਮਰੇ ਵਿੱਚ ਸੌਣ ਲਈ ਗਿਆ ਸੀ, ਪਰ ਸਵੇਰੇ ਪਰਿਵਾਰ ਵੱਲੋਂ ਕਈ ਵਾਰ ਫੋਨ ਕਰਨ ਦੇ ਬਾਵਜੂਦ ਜਦੋਂ ਜਵਾਬ ਨਾ ਮਿਲਿਆ ਤਾਂ ਪਰਿਵਾਰਕ ਮੈਂਬਰਾਂ ਨੇ ਕਮਰੇ ਦਾ ਦਰਵਾਜ਼ਾ ਤੋੜਿਆ।ਅੰਦਰ ਜਾਣ 'ਤੇ ਪਤਾ ਲੱਗਾ ਕਿ ਜਸਵੰਤ ਸਿੰਘ ਦੀ ਮੌਤ ਹੋ ਗਈ ਤੇ ਉਸ ਦੇ ਮ੍ਰਿਤਕ ਸਰੀਰ ਕੋਲ 32 ਬੋਰ ਦਾ ਰਿਵਾਲਵਰ ਪਿਆ ਸੀ। ਇਸ ਮੌਕੇ ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿੱਚ ਲਿਆ ਗਿਆ ਤੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਮੋਗਾ ਭੇਜਿਆ ਗਿਆ, ਜਿੱਥੇ ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰ ਦੇ ਹਵਾਲੇ ਕਰ ਦਿੱਤੀ ਗਈ।ਇਸ ਮੌਕੇ ਏ ਐੱਸ ਆਈ. ਜਰਨੈਲ ਸਿੰਘ ਨੇ ਦੱਸਿਆ ਕਿ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਤੇ ਮੌਤ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।ਇਸ ਘਟਨਾ ਨਾਲ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।ਸਥਾਨਕ ਨਿਵਾਸੀਆਂ ਨੇ ਕਿਹਾ ਕਿ ਜਸਵੰਤ ਸਿੰਘ ਮਿਲਣਸਾਰ ਤੇ ਲੋਕਾਂ ਦੇ ਕੰਮਾਂ ਵਿੱਚ ਹਮੇਸ਼ਾ ਅੱਗੇ ਰਹਿਣ ਵਾਲਾ ਵਿਅਕਤੀ ਸੀ।ਉਸ ਦੀ ਅਚਾਨਕ ਮੌਤ ਨੇ ਪਿੰਡ ਨੂੰ ਗਮਗੀਨ ਕਰ ਦਿੱਤਾ ਹੈ।

# ਉਦਯੋਗਪਤੀਆਂ ਵੱਲੋਂ ਮੁੱਖ ਮੰਤਰੀ ਨਾਲ ਮੰਗਾਂ ਤੇ ਚੁਣੌਤੀਆਂ 'ਤੇ ਚਰਚਾ



**ਧੂਰੀ (ਮੋਹਿਤ ਗਰਗ)**-ਸੰਗਰੂਰ ਜ਼ਿਲ੍ਹੇ ਦੇ ਉਦਯੋਗਿਕ ਵਿਕਾਸ ਨੂੰ ਨਵੀਂ ਦਿਸ਼ਾ ਦੇਣ ਤੇ ਸਥਾਨਕ ਉਦਯੋਗਪਤੀਆਂ ਦੀਆਂ ਚੁਣੌਤੀਆਂ ਨੂੰ ਸਰਕਾਰ ਤੱਕ ਪਹੁੰਚਾਉਣ ਦੇ ਮਕਸਦ ਨਾਲ, ਸੰਗਰੂਰ ਜ਼ਿਲ੍ਹਾ ਇੰਡਸਟਰੀ ਚੈਂਬਰ ਦੇ ਚੇਅਰਮੈਨ ਡਾਕਟਰ ਏ. ਆਰ. ਸ਼ਰਮਾ, ਜਨਰਲ ਸਕੱਤਰ ਐੱਮ. ਪੀ. ਸਿੰਘ ਤੇ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਸਿੰਗਲਾ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨਾਲ ਵਿਸ਼ੇਸ਼ ਮੁਲਾਕਾਤ ਕੀਤੀ।ਇਹ ਮੁਲਾਕਾਤ ਉਦਯੋਗ ਜਗਤ ਲਈ ਬਹੁਤ ਅਹਿਮ ਮੰਨੀ ਜਾ ਰਹੀ ਹੈ, ਕਿਉਂਕਿ ਸੰਗਰੂਰ ਜ਼ਿਲ੍ਹਾ, ਮੁੱਖ ਮੰਤਰੀ ਦਾ ਗ੍ਰਹਿ ਜ਼ਿਲ੍ਹਾ ਹੋਣ ਕਰ ਕੇ, ਇੱਥੇ ਉਦਯੋਗਿਕ ਵਿਕਾਸ ਦੀਆਂ ਵੱਡੀਆਂ ਸੰਭਾਵਨਾਵਾਂ ਹਨ।ਚੈਂਬਰ ਦੇ ਨੁਮਾਇੰਦਿਆਂ ਨੇ ਮੁੱਖ ਮੰਤਰੀ ਨੂੰ ਜ਼ਿਲ੍ਹੇ 'ਚ ਉਦਯੋਗਾਂ ਨੂੰ ਦਰਪੇਸ਼ ਮੁੱਖ ਸਮੱਸਿਆਵਾਂ ਤੇ ਉਨ੍ਹਾਂ ਦੇ ਹੱਲ ਲਈ ਸੁਝਾਅ ਪੇਸ਼ ਕੀਤੇ।ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਸ਼ੈਟੀ ਸਿੰਗਲਾ ਨੇ ਕਿਹਾ ਕਿ ਪਾਵਰਕਾਮ ਦਫ਼ਤਰ ਵਿੱਚ ਸਟਾਫ਼ ਦੀ ਘਾਟ ਹੈ, ਜਿਸ ਕਾਰਨ ਖਪਤਕਾਰਾਂ ਨੂੰ ਸਹੀ ਸੇਵਾਵਾਂ ਨਹੀਂ ਮਿਲ ਰਹੀਆਂ।ਉਨ੍ਹਾਂ ਕਿਹਾ ਕਿ ਧੂਰੀ ਦੇ ਸ਼ੇਰਪੁਰ ਰੋਡ ਅਤੇ ਮਾਲੇਰਕੋਟਲਾ ਰੋਡ ਦੇ ਕਈ ਫੀਡਰਾਂ ਚ ਬਿਜਲੀ ਤਾਰਾਂ ਬਹੁਤ ਪੁਰਾਣੀਆਂ, ਕਮਜ਼ੋਰ ਅਤੇ ਜਰਜਰ ਹੋ ਚੁੱਕੀਆਂ ਹਨ, ਜਿਸ ਕਾਰਨ ਵਾਰ-ਵਾਰ ਫਾਲਟ ਤੇ ਸਪਲਾਈ ਵਿੱਘਨ ਆ ਰਿਹਾ ਹੈ। ਇਸ ਤੋਂ ਇਲਾਵਾ ਬਿਜਲੀ ਵਿਭਾਗ ਵਿੱਚ ਲਾਈਨਮੈਨ ਤੇ ਸਟਾਫ ਦੀ ਘਾਟ ਕਾਰਨ ਮੁਰੰਮਤ ਦਾ ਕੰਮ ਸਮੇਂ 'ਤੇ ਨਹੀਂ ਹੋ ਸਕਦਾ।ਚੈਂਬਰ ਨੇ ਮੁੱਖ ਮੰਤਰੀ ਨੂੰ ਭਰੋਸਾ ਦਿਵਾਇਆ ਕਿ ਸਥਾਨਕ ਉਦਯੋਗ ਨਿਵੇਸ਼ ਵਧਾਉਣ ਲਈ ਤਿਆਰ ਹਨ, ਬਸ਼ਰਤੇ ਸਰਕਾਰ ਵੱਲੋਂ ਉਦਯੋਗ ਪੱਖੀ ਨੀਤੀਆਂ ਤਹਿਤ ਸਬਸਿਡੀਆਂ ਤੇ ਪ੍ਰੋਤਸਾਹਨ ਦਿੱਤੇ ਜਾਣ।

ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਉਦਯੋਗ ਜਗਤ ਦੀਆਂ ਸਮੱਸਿਆਵਾਂ ਨੂੰ ਪੂਰੇ ਧਿਆਨ ਨਾਲ ਸੁਣਿਆ ਤੇ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਉਦਯੋਗਾਂ ਦੇ ਵਿਕਾਸ ਲਈ ਪੂਰੀ ਤਰ੍ਹਾਂ ਸੰਜੀਦਾ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਵਿਸ਼ੇਸ਼ ਤੌਰ 'ਤੇ ਸੰਗਰੂਰ ਜ਼ਿਲ੍ਹੇ ਨੂੰ ਉਦਯੋਗਿਕ ਹੱਬ ਵਜੋਂ ਵਿਕਸਤ ਕਰਨ ਦੀ ਇੱਛਾ ਜ਼ਾਹਰ ਕੀਤੀ, ਜਿਸ ਨਾਲ ਇੱਥੋਂ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋ ਸਕਣਗੇ।


### ਉੱਤਰ ਰੇਲਵੇ

#### ਈ-ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜਨ ਲਾਗਤ(ਰੁ.) | ਬਿਆਨਾ ਰਾਸ਼ੀ (ਰੁ.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬ ਸਾਈਟ |
|---|---|---|---|---|---|---|
| 251-ਬਿਜਲੀ-T-19-2025-26 | ਐਫਜੇਡਆਰ ਡਵੀਜਨ ਤੇ ਪੰਪ, ਪਲੇਟਫਾਰਮ 30-70% ਰੋਸ਼ਨੀ ਪ੍ਰਬੰਧ, ਸਟ੍ਰੀਟ ਲਾਈਟ, ਲਿਫਟ ਅਸਕੇਲੇਟਰ ਜਿਹੀ ਬਿਜਲੀ ਪਰਿਸੰਪਤੀਆਂ ਦੀ ਨਿਗਰਾਨੀ ਅਤੇ ਕੰਟਰੋਲ ਦੇ ਲਈ ਆਈਓਟੀ (IOT) ਉਪਕਰਣਾਂ ਦੇ ਪ੍ਰਾਵਧਾਨ ਦੇ ਸਬੰਧ ਵਿਚ ਬਿਜਲੀ ਕੰਮ। | ਰੁ. 6,00,11,561.45/- | ਰੁ. 4,50,100.00/- | 06 ਮਹੀਨੇ | 03.12.2025 15:00 ਵਜੇ ਦੇ ਬਾਅਦ | www.ireps.gov.in |

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 21/ਬਿਜਲੀ-2025-26 ਮਿਤੀ:- 11.11.2025 3535/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



### SARUP INDUSTRIES LIMITED

SIL

Web: www.sarupindustries.com, E-mail: shareholders@bawastl.com, Ph: 0181-5021037

Extract of the Un-Audited Financial Results For the Quarter Ended 30th Sept 2025 (₹ in Lacs)

| Particulars | Quarter Ended 30.09.2025 Un Audited | Quarter Ended 30.06.2025 Un Audited | Quarter Ended 30.09.2024 Un Audited | Half Year ended 30.09.2025 Un Audited | Half Year ended 30.09.2024 Un Audited | Year Ended 31.03.2025 Audited |
|---|---|---|---|---|---|---|
| Total Income from Operations | 427.61 | 392.79 | 284.43 | 820.40 | 644.46 | 969.78 |
| Net Profit / (Loss) for the period (before Tax, Exceptional and/or Extraordinary items# ) | 12.61 | 11.60 | 418.52 | 24.21 | 423.69 | -241.09 |
| Net Profit / (Loss) for the period before tax (after Exceptional and/or Extraordinary items#) | 12.61 | 11.60 | 418.52 | 24.21 | 423.69 | -241.09 |
| Net Profit / (Loss) for the period after tax (after Exceptional and/or Extraordinary items# ) attributable to owners of the company. | 12.61 | 11.60 | 418.52 | 24.21 | 423.69 | -249.73 |
| Total Comprehensive Income for the period [Comprising Profit / (Loss) for the period (after tax) and Other Comprehensive Income (after tax) | 12.61 | 11.60 | 418.52 | 24.21 | 423.69 | -249.73 |
| Equity Share Capital | 325.24 | 325.24 | 325.24 | 325.24 | 325.24 | 325.24 |
| Reserves (excluding Revaluation Reserve) as shown in the Audited Balance Sheet of the previous year | -606.26 | -606.26 | -641.04 | -606.26 | -641.04 | -1102.84 |
| Earnings Per Share (of Rs. 10/- each) (for continuing and discontinued operations) 1. Basic | 0.39 | 0.36 | 12.87 | 0.74 | 13.03 | -7.68 |
| 2. Diluted | N.A. | N.A. | N.A. | N.A. | N.A. | N.A. |

a) The above is an extract of the detailed format of un-audited Financial Results for the Quarter ended 30th Sept 2025 filed with the Stock Exchanges under Regulation 33 of the SEBI (Listing and Other Disclosure Requirements) Regulations, 2015. The full formats of the un-audited Financial Results are available on the website of the Stock Exchange (www.bseindia.com) and the listed entity (www.sarupindustries.com).
b) The above Financial results have been reviewed by the Audit Committee and adopted by the Board of directors at its meeting held on 13th Nov,2025.
c) The Company is operating in a single segment i.e. manufacturing of shoes/shoe uppers.
d) The above Financial Results have been prepared in accordance with the Indian accounting Standards (Ind-AS) as notified under Companies (Indian Accounting Standards) Rule, 2015 as specified in section 133 of Companies Act,2013.

Place : Jalandhar
Date : 13.11.2025

For Sarup Industries Limited
Atamjit Singh Bawa
Director DIN:00807400


## ਸ਼ਹੀਦ ਕੈਪਟਨ ਕੇ ਕੇ ਗੌੜ ਦੇ ਬੁੱਤ ਦੀ ਬੇਅਦਬੀ ਕਰਨ ਵਾਲੇ ਅਨਸਰਾਂ ਖਿਲਾਫ ਹੋਵੇ ਕਾਰਵਾਈ : ਸੀ ਪੀ ਆਈ



**ਬੁਢਲਾਡਾ (ਅਸ਼ੋਕ ਲਾਕੜਾ)**-ਸ਼ਰਾਰਤੀ ਅਨਸਰਾਂ ਤੇ ਏਜੰਸੀਆਂ ਵੱਲੋਂ ਲਗਾਤਾਰ ਘਟਨਾਵਾਂ ਨੂੰ ਜਨਮ ਦਿੱਤਾ ਜਾ ਰਿਹਾ ਹੈ, ਜਿਨ੍ਹਾਂ ਪ੍ਰਤੀ ਸਰਕਾਰ ਤੇ ਪ੍ਰਸ਼ਾਸਨ ਦੀ ਬੇਧਿਆਨੀ ਤੇ ਲਾਪ੍ਰਵਾਹੀ ਦਾ ਸਿੱਟਾ ਹੈ।ਬੀਤੇ ਦਿਨੀਂ ਬੁਢਲਾਡਾ ਵਿਖੇ 1971 ਦੀ ਜੰਗ ਦੇ ਸ਼ਹੀਦ ਕੈਪਟਨ ਕੇ ਕੇ ਗੌੜ ਦੇ ਬੁੱਤ ਨਾਲ਼ ਸ਼ਰਾਰਤੀ ਅਨਸਰਾਂ ਵੱਲੋਂ ਕੀਤੀ ਤੋੜਭੰਨ ਦੀ ਸੀ ਪੀ ਆਈ ਤਹਿਸੀਲ ਬੁਢਲਾਡਾ ਦੀ ਲੀਡਰਸ਼ਿਪ ਵੇਦ ਪ੍ਰਕਾਸ਼ ਬੁਢਲਾਡਾ, ਤਹਿਸੀਲ ਸਕੱਤਰ ਸੀਤਾਰਾਮ ਗੋਬਿੰਦਪੁਰਾ, ਸਹਾਇਕ ਸਕੱਤਰ ਜਗਸੀਰ ਰਾਏਕੇ ਤੇ ਚਿਮਨ ਲਾਲ ਕਾਕਾ ਨੇ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਸ਼ਰਾਰਤੀ ਅਨਸਰਾਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇ ਤੇ ਇਸ ਘਟਨਾ ਪਿੱਛੇ ਸਾਜ਼ਿਸ਼ ਕਰਤਾ ਜਨਤਕ ਕੀਤਾ ਜਾਵੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਅਸ਼ੋਕ ਲਾਕੜਾ, ਕਾਮਰੇਡ ਹਰਦਿਆਲ ਸਿੰਘ ਬੁਢਲਾਡਾ, ਮਾਸਟਰ ਰਘੂ ਨਾਥ ਸਿੰਗਲਾ, ਪਵਨ ਕੁਮਾਰ ਅਦਿ ਆਗੂ ਹਾਜ਼ਰ ਸਨ।


Annexure-13 Form No. 22 [See Regulation 37(1)]

### ਦਫਤਰ ਵਸੂਲੀ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ ਆਰ ਟੀ-3)

ਐੱਸ ਸੀ ਓ 33-34-35, ਧਰਾਤਲ ਮੰਜਲ, ਸੈਕਟਰ 17-ਏ, ਚੰਡੀਗੜ੍ਹ

ਵਿੱਕਰੀ ਦੀ ਉਦਘੋਸ਼ਣਾ : ਅਚੱਲ ਪ੍ਰਾਪਰਟੀ

(ਰਿਕਵਰੀ ਆਫ ਡੈਬਟਸ ਡਿਊ ਟੂ ਬੈਂਕ ਐਂਡ ਬੈਂਕਰਪਟਸੀ ਐਕਟ 1993 ਨਾਲ ਪੜ੍ਹੇ ਜਾਣ ਵਾਲੇ ਇਨਕਮ ਟੈਕਸ ਐਕਟ 1961 ਦੇ ਦੂਜੇ ਸ਼ਡਿਊਲ ਦੇ ਰੂਲ 37, 38 ਤੇ ਰੂਲ 52 (1), 2 ਅਧੀਨ ਵਿੱਕਰੀ ਦੀ ਉਦਘੋਸ਼ਣਾ)

ਸਟੇਟ ਬੈਂਕ ਆਫ ਇੰਡੀਆ ਬਨਾਮ ਰਜਿੰਦਰ ਸਿੰਘ

ਵੱਲ ਆਰ ਸੀ ਨੰ. 1124/2017 ਅਤੇ ਓ ਏ/714/2017

(ਸੀ ਡੀ) ਸ੍ਰੀ ਰਜਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਨਿਵਾਸੀ ਪਿੰਡ ਤੇ ਡਾਕਖਾਨਾ ਅੱਬੂਵਾਲ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ, ਪੰਜਾਬ

| ਵਸੂਲੀਯੋਗ ਰਕਮ | ਨਿਰੀਖਣ ਦੀ ਤਰੀਕ ਤੇ ਸਮਾਂ | ਰਾਖਵੀਂ ਕੀਮਤ, ਈ ਐੱਮ ਡੀ ਤੇ ਬੋਲੀ ਵਾਧਾ ਰਕਮ | ਈ-ਨਿਲਾਮੀ ਦੀ ਤਰੀਕ ਸਮਾਂ | ਈ ਐੱਮ ਡੀ ਡਿਪਾਜਿਟ ਤਰੀਕ | ਬੋਲੀ ਅਫਸਰ ਦਾ ਨਾਂਅ/ਫੋਨ |
|---|---|---|---|---|---|
| ਸਰਟੀਫਿਕੇਟ ਹੋਲਡਰ ਬੈਂਕ ਫਾਈਨੈਂਸੀਅਲ ਇੰਸਟੀਚਿਊਟ ਦੇ ਬਕਾਏ ਦੇਣ 'ਚ ਨਾਕਾਮ ਰਹਿਣ 'ਤੇ ਸੀ ਡੀ ਤੋਂ ਸਾਂਝੇ ਤੌਰ 'ਤੇ ਅਤੇ ਵੱਖਰੇ ਤੌਰ 'ਤੇ 65,94,010.25 ਰੁਪਏ ਦੀ ਵਿਆਜ ਅਤੇ 1,14,175 ਰੁਪਏ ਕੀਮਤ ਨਾਲ | ਸੰਭਾਵਤ ਬੋਲੀਕਾਰ ਦੀ ਬੇਨਤੀ 'ਤੇ | Rs. 1,17,66,000/- Rs. 11,80,000/- & Rs 1,00,000/- | 06.01.2026 14.00 ਵਜੇ ਤੋਂ 15.00 ਵਜੇ ਤੱਕ ਅਸੀਮਤ ਵਾਧੇ ਨਾਲ, 5 ਮਿੰਟ ਦੀ ਆਟੋ ਵਾਧਾ ਕਲਾਜ਼ ਨਾਲ | 05/01/2026 up to 4.00 pm | ਸ੍ਰੀਮਤੀ ਪੂਜਾ ਨੰਦਾ, ਮੈਨੇਜ਼ਰ ਐੱਸ ਬੀ ਆਈ, ਸਧਾਰ ਬਰਾਂਚ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ ਪੰਜਾਬ Mb. 8130355909 Email: sbi.50159@sbi.co.in |

**ਜਾਇਦਾਦ ਦਾ ਵੇਰਵਾ:** 1. ਜ਼ਮੀਨ ਰਕਬਾ 72 ਕਨਾਲ 17 ਮਰਲੇ ਹੇਠ ਲਿਖੇ ਵੇਰਵੇ ਮੁਤਾਬਕ (ਏ) ਜ਼ਮੀਨ ਰਕਬਾ 37 ਕਨਾਲ 12 ਮਰਲੇ ਖੱਤਾ ਨੰਬਰ 380/389 ਹੈ। ਖਸਰਾ ਨੰਬਰ 502 (0-17) 223 (0-4), ਕੇ ਨੰਬਰ 446 (0-3), 449 (0-11) 6//7/2 (4-19) 8 (4-19) 12/8 (2-6), 13 (8-0) 17/2 (5-6) 18 (8-0) 19/1 (0-8) 119-374/1/222 (0-5), 119-374/1/274 (0-4) 500/1/1 (0-3) ਕੇ ਨੰ. 503/1 (0-7) 503/2 (0-18) (ਬੀ) ਜ਼ਮੀਨ 8 ਕਨਾਲ 12 ਮਰਲੇ ਕੁੱਲ 8 ਕਨਾਲ 13 ਮਰਲੇ ਦਾ 719/720 ਦਾ ਹਿੱਸਾ, ਖੱਤਾ ਨੰ: 430/441 ਖਸਰਾ ਨੰ: 6//14 (8-0), 17/1 (0-13) ਅਤੇ 26 ਕਨਾਲ 13 ਮਰਲੇ, ਖੱਤਾ ਨੰ: 659/675, ਖਸਰਾ ਨੰ: 6//7/1 (1-2) 9/3 (2-19) 12/1 (1-6), 12/2 (0-9) 12/3 (0-9) 12/4 (1-12), 12/5 (1-3) 17/3 (1-14), 22/2 (0-8) 23 (8-0) 24/1 (7-11) ਜਮ੍ਹਾਂਬੰਦੀ ਸਾਲ 2009-2010 ਪਿੰਡ ਅੱਬੂਵਾਲ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ (ਪੰਜਾਬ) ਦੇ ਮਾਲੀਆ ਅਸਟੇਟ 'ਚ ਸਥਿਤ।

**ਨਿਯਮ ਅਤੇ ਸ਼ਰਤਾਂ :** ਆਨਲਾਈਨ/ਈ-ਨਿਲਾਮੀ ਸਰਵਿਸ ਪ੍ਰੋਵਾਈਡਰ ਦੁਆਰਾ ਕੀਤੀ ਜਾਵੇਗੀ ਨਾਂਅ ਮੈਸਰਜ਼ ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਪਲਾਟ ਨੰ. 68 ਤੀਜੀ ਮੰਜ਼ਲ, ਸੈਕਟਰ 44 ਗੁੜਗਾਓਂ (ਹਰਿਆਣਾ) 122003, ਹੈਲਪ ਲਾਈਨ ਨੰ : 7291981124,25,26 ਸਪੋਰਟ ਈ ਮੇਲ-support@bankeauctions.com ਸੰਪਰਕ ਵਿਅਕਤੀ ਸ੍ਰੀ ਮਿਥਲੇਸ਼ ਕੁਮਾਰ ਮੋਬਾਇਲ ਨੰ. 7080804466, ਈ ਮੇਲ:delhi@clin-dia.com ਵੈੱਬਸਾਈਟ : https://bankeauctions.com, ਇਸ ਵਿਕਰੀ ਦੀ ਘੋਸ਼ਣਾ ਦੇ ਵੇਰਵੇ ਵੈੱਬਸਾਈਟ :www.drt.gov.in 'ਤੇ ਵੇਖੇ ਜਾ ਸਕਦੇ ਹਨ। ਹਰੇਕ ਚਾਹਵਾਨ ਬੋਲੀਕਾਰ ਨੂੰ ਰਕਮ ਬਿਆਨਾ ਜਮ੍ਹਾਂ (ਈ ਐੱਮ ਡੀ) "ਵਸੂਲੀ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ, ਚੰਡੀਗੜ (ਡੀ ਆਰ ਟੀ-3)" ਜੇ ਪੱਖ 'ਚ ਡੀ ਡੀ/ਪੇਅ ਆਰਡਰ ਰਾਹੀਂ ਜਮ੍ਹਾਂ ਕਰਾਉਣੀ ਹੋਵੇਗੀ ਜੋ ਆਰ ਓ/ਕੋਰਟ ਨਿਲਾਮੀਕਾਰ ਕਰਜ਼ਾ ਵਸੂਲੀ ਟ੍ਰਿਬਿਊਨਲ, ਚੰਡੀਗੜ੍ਹ (ਡੀ ਆਰ ਟੀ-3) ਕੋਲ ਜਮ੍ਹਾ ਕਰਾਉਣੀ ਹੋਵੇਗੀ ਅਤੇ ਜਾਇਦਾਦ ਦੇ ਵੇਰਵੇ ਸਮੇਤ ਪੈਨ ਕਾਰਡ ਦੀ ਕਾਪੀ, ਪਤੇ ਅਤੇ ਪਛਾਣ ਦਾ ਸਬੂਤ ਈ ਮੇਲ ਆਈ ਡੀ, ਮੋਬਾਇਲ ਨੰਬਰ ਅਤੇ ਕੰਪਨੀ ਦੇ ਮਾਮਲੇ 'ਚ ਜਾਂ ਕੋਈ ਹੋਰ ਦਸਤਾਵੇਜ਼ ਕੰਪਨੀ ਦੇ ਪ੍ਰਤੀਨਿਧ/ਅਟਾਰਨੀ ਅਤੇ ਅਜਿਹੇ ਜਮ੍ਹਾਂ ਰਸੀਦ/ਕਾਊਂਟਰ ਫਾਈਲ ਨੂੰ ਵੀ ਦੇਣੀ ਹੋਵੇਗੀ। ਇਸ ਤੋਂ ਬਾਅਦ ਈ ਐੱਮ ਡੀ ਜਮ੍ਹਾਂ ਨਿਲਾਮੀ 'ਚ ਭਾਗ ਲੈਣ ਲਈ ਯੋਗ ਨਹੀਂ ਹੋਵੇਗਾ ਨਿਰਧਾਰਤ ਮਿਤੀ ਅਤੇ ਸਮੇਂ ਤੋਂ ਬਾਅਦ ਪ੍ਰਾਪਤ ਈ ਐੱਮ ਡੀ ਨੂੰ ਰੱਦ ਕਰ ਦਿੱਤਾ ਜਾਵੇਗਾ ਅਤੇ ਈ ਐੱਮ ਡੀ ਦੇ ਪ੍ਰਤੀ ਭੁਗਤਾਨ ਕੀਤੀ ਰਾਸ਼ੀ ਈ-ਨਿਲਾਮੀ ਫਾਰਮ 'ਚ ਉਨ੍ਹਾਂ ਵੱਲੋਂ ਦਿੱਤੇ ਗਏ ਵਿਕਲਪ ਰਾਹੀਂ ਉਨ੍ਹਾਂ ਨੂੰ ਵਾਪਸ ਕਰ ਦਿੱਤੀ ਜਾਏਗੀ। ਬੋਲੀ ਪ੍ਰਕਿਰਿਆ 'ਚ ਹਿੱਸਾ ਲੈਣ ਦੇ ਚਾਹਵਾਨ ਵਿਅਕਤੀ ਕੋਲ ਸਮਰੱਥ ਅਧਿਕਾਰੀ ਵੱਲੋਂ ਜਾਰੀ ਜਾਇਜ਼ ਡਿਜੀਟਲ ਸਿਗਨੇਚਰ ਸਰਟੀਫਿਕੇਟ ਹੋਣਾ ਚਾਹੀਦਾ ਹੈ। ਇਹ ਬੋਲੀਦਾਤਾ ਦੀ ਹੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਬੋਲੀ ਵਿਚ ਹਿੱਸਾ ਲੈਣ ਲਈ ਖੁਦ ਨੂੰ ਯੋਗ ਬਣਾਉਣ ਅਤੇ ਇੰਟਰਨੈੱਟ ਕੁਨੈਕਸ਼ਨ ਸਹਿਤ ਕੰਪਿਊਟਰ ਟਰਮੀਨਲ/ਸਿਸਟਮ ਅਤੇ ਈ ਮੇਲ ਆਈ ਡੀ ਐਕਟਿਵ ਕਰੇ, ਉਕਤ ਡਿਜੀਟਲ ਸਿਗਨੇਚਰ ਸਰਟੀਫਿਕੇਟ ਪ੍ਰਾਪਤ ਕਰੇ। ਆਨਲਾਈਨ ਬੋਲੀ ਦੌਰਾਨ ਕੁਨੈਕਟੀਵਿਟੀ ਅਤੇ ਡਿਜੀਟਲ ਸਿਗਨੇਚਰ ਸਰਟੀਫਿਕੇਟ ਦੇ ਸੰਬੰਧ 'ਚ ਕੋਈ ਮੁੱਦਾ ਹੋਵੇ 'ਤੇ ਪੂਰੀ ਜ਼ਿੰਮੇਵਾਰੀ ਬੋਲੀਦਾਤਾ ਦੀ ਹੋਵੇਗੀ ਅਤੇ ਇਸ ਸੰਬੰਧ 'ਚ ਕਿਸੇ ਵੀ ਦਾਅਵੇ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਜਾਇਦਾਦ ਅੰਤਮ ਸਰਬਉੱਚ ਬੋਲੀਕਾਰ ਨੂੰ ਵੇਚ ਦਿੱਤੀ ਜਾਵੇਗੀ। ਅਚੱਲ ਜਾਇਦਾਦਾਂ ਦੀ ਵਿਕਰੀ 'ਤੇ ਸਰਬਉੱਚ ਬੋਲੀਦਾਤਾ ਘੋਸ਼ਿਤ ਕੀਤੇ ਜਾਣ ਵਾਲੇ ਵਿਅਕਤੀ ਨੂੰ ਵਿਕਰੀ ਦਾ ਆਯੋਜਨ ਕਰਨ ਵਾਲੇ ਅਫਸਰ ਕੋਲ ਬਿਆਨਾ ਰਕਮ ਜਮ੍ਹਾਂ ਐਡਜਸਟ ਕਰਨ ਤੋਂ ਬਾਅਦ ਅਜਿਹੀ ਰਾਸ਼ੀ ਦਾ 25% ਡਿਪਾਜ਼ਿਟ ਅਜਿਹੀ ਘੋਸ਼ਣਾ ਤੋਂ ਬਾਅਦ ਅਗਲੇ ਕਾਰਜ ਦਿਵਸ ਤੱਕ ਜਮ੍ਹਾਂ ਕਰਾਉਣਾ ਹੋਵੇਗਾ ਅਤੇ ਉਕਤ ਡਿਪਾਜ਼ਿਟ ਜਮ੍ਹਾਂ ਨਾ ਕਰਾਉਣ ਤੇ ਬਿਆਨਾ ਰਕਮ ਜ਼ਬਤ ਕਰ ਲਈ ਜਾਵੇਗੀ ਅਤੇ ਜਾਇਦਾਦਾਂ ਨੂੰ ਕਾਨੂੰਨ ਦੀ ਵਿਵਸਥਾ ਅਨੁਸਾਰ ਮੁੜ ਵੇਚਿਆ ਜਾਵੇਗਾ। ਉਕਤ ਡਿਪਾਜ਼ਿਟ ਨੂੰ ਸਫਲ ਬੋਲੀਦਾਤਾ ਦੇ ਮਾਮਲੇ 'ਚ ਐਡਜਸਟ ਕੀਤਾ ਜਾਵੇਗਾ ਅਤੇ ਅਸਫਲ ਬੋਲੀਦਾਤਾ ਦੇ ਮਾਮਲੇ 'ਚ ਬਿਆਨਾ ਰਕਮ ਵਿਕਰੀ ਮੁਕੰਮਲ ਹੋਣ ਦੇ ਤੁਰੰਤ ਬਾਅਦ ਕਿਸੇ ਚਾਰਜਿਜ਼ ਜਾਂ/ਅਤੇ ਕਿਸੇ ਵਿਆਜ ਤੋਂ ਬਿਨਾਂ ਵਾਪਸ ਕਰ ਦਿੱਤੀ ਜਾਵੇਗੀ। ਖਰੀਦਦਾਰ ਵੱਲੋਂ ਆਮਦਨ ਕਰ ਐਕਟ (ਸਰਟੀਫਿਕੇਟ ਪ੍ਰੋਸੀਡਿੰਗਜ਼) ਰੂਲਜ਼ 1962 ਦੇ ਨਿਯਮ 57 ਦੇ ਤਹਿਤ ਪਾਊਂਡੇਜ ਫੀਸ ਸਹਿਤ ਵਿਕਰੀ ਰਕਮ ਦੀ ਬਕਾਇਆ 75% ਰਾਸ਼ੀ ਨਿਲਾਮੀ 'ਚ ਜਾਇਦਾਦ ਦੀ ਵਿਕਰੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਨਿਮਨ ਹਸਤਾਖਰੀ ਕੋਲ ਜਮ੍ਹਾਂ ਕਰਵਾਈ ਜਾਵੇ, ਜੇਕਰ 15 ਵਾਂ ਦਿਨ ਐਤਵਾਰ ਜਾਂ ਹੋਰ ਛੁੱਟੀ ਵਾਲਾ ਹੁੰਦਾ ਹੈ ਤਾਂ ਉਸ ਤੋਂ ਤੁਰੰਤ ਬਾਅਦ ਪਹਿਲੇ ਕਾਰਜ ਦਿਵਸ ਨੂੰ ਉਕਤ ਰਕਮ ਜਮ੍ਹਾਂ ਕਰਵਾਈ ਜਾਵੇ। ਉਕਤ ਤੋਂ ਇਲਾਵਾ ਖਰੀਦਦਾਰ ਨੂੰ ਰੁਪਏ 1000/- ਤੱਕ 2% ਦੀ ਦਰ ਤੇ ਪਾਊਂਡੇਜ ਫੀਸ ਰੁਪਈਏ 1000/- ਤੋਂ ਵੱਧ 1% ਦੀ ਦਰ ਤੇ "ਰਜਿਸਟਰਾਰ (ਡੀ ਆਰ ਟੀ-3) ਦੇ ਪੱਖ 'ਚ ਚੰਡੀਗੜ੍ਹ ਵਿਖੇ ਭੁਗਤਾਨ ਯੋਗ ਡਿਮਾਂਡ ਡਰਾਫਟ/ਪੇਅ ਆਰਡਰ ਰਾਹੀਂ ਜਮ੍ਹਾਂ ਕਰਵਾਉਣੀ ਹੋਵੇਗੀ। ਨਿਰਧਾਰਤ ਮਿਆਦ ਦੇ ਅੰਦਰ ਭੁਗਤਾਨ ਕਰਨ 'ਚ ਅਸਫਲ ਰਹਿਣ ਤੇ ਨਵੀਂ ਪੀ ਓ ਐੱਸ ਜਾਰੀ ਕਰਕੇ ਜਾਇਦਾਦ ਨੂੰ ਦੋਬਾਰਾ ਵੇਚਿਆ ਜਾਵੇਗਾ ਤੇ ਵਿਕਰੀ ਦੇ ਖਰਚਿਆਂ ਦਾ ਭੁਗਤਾਨ ਕਰਨ ਤੋਂ ਬਾਅਦ ਡਿਪਾਜ਼ਿਟ ਜੇਕਰ ਨਿਮਨ ਹਸਤਾਖਰੀ ਵੱਲੋਂ ਸਹੀ ਪਾਇਆ ਗਿਆ ਤਾਂ ਸਰਕਾਰ ਕੋਲ ਜ਼ਬਤ ਕੀਤਾ ਜਾਵੇਗਾ ਅਤੇ ਦੋਸ਼ੀ ਖਰੀਦਦਾਰ ਦੇ ਜਾਇਦਾਦ ਜਾਂ ਕਿਸੇ ਹਿੱਸੇ ਲਈ ਬਾਅਦ 'ਚ ਉਸ ਨੂੰ ਵੇਚਿਆ ਜਾਵੇ, ਸੰਬੰਧੀ ਸਾਰੇ ਦਾਅਵੇ ਜ਼ਬਤ ਹੋ ਜਾਣਗੇ। ਹੋਰ ਨਿਯਮ ਤੇ ਸ਼ਰਤਾਂ ਵਿਕਰੀ ਦੀ ਘੋਸ਼ਣਾ ਇਸ ਤੋਂ ਇਲਾਵਾ ਆਰ ਡੀ ਡੀ ਬੀ ਐਂਡ ਐੱਫ-1 ਐਕਟ 1993 ਨਾਲ ਪੜ੍ਹੇ ਜਾਣ ਵਾਲੇ ਆਮਦਨ ਕਰ ਐਕਟ 1961 ਉੱਤੇ ਆਧਾਰਤ ਹੋਣ। ਜਾਇਦਾਦਾਂ ਨੂੰ 'ਜਿੱਥੇ ਹੈ ਜਿਵੇਂ ਹੈ', 'ਉਥੇ ਜੋ ਵੀ ਹੈ', 'ਜਿਸ ਵੀ ਹਾਲ 'ਚ ਹੈ' ਦੇ ਆਧਾਰ 'ਤੇ ਵੇਚਿਆ ਜਾ ਰਿਹਾ ਹੈ। ਵਿਕਰੀ ਸੰਬੰਧੀ ਹੋਰ ਵੇਰਵੇ ਨੂੰ ਉਕਤ ਦਰਸਾਏ ਨੰਬਰਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ।

ਸਹੀ/-
ਕਰਜ਼ਾ ਵਸੂਲੀ ਟ੍ਰਿਬਿਊਨਲ, ਚੰਡੀਗੜ੍ਹ (ਡੀ ਆਰ ਟੀ 3)



### ਉੱਤਰ ਰੇਲਵੇ

#### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-ATM25-3 | 26.11.25 ਨੂੰ 11:00 ਵਜੇ | ਫਿਰੋਜਪੁਰ ਛਾਊਣੀ, ਫਗਵਾੜਾ, ਢੰਡਾਰੀ ਕਲਾਂ, ਹੁਸ਼ਿਆਰਪੁਰ, ਨਵਾਂ ਸ਼ਹਿਰ ਦੋਆਬਾ ਅਤੇ ਫਾਜਿਲਕਾ ਰੇਲਵੇ ਸਟੇਸ਼ਨ ਉਤੇ ਏਟੀਐਮ ਦੇ ਪ੍ਰਾਵਧਾਨ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। |
| EAFZR-MIXED25-6 | 28.11.25 ਨੂੰ 11:30 ਵਜੇ | ਵੰਦੇ ਭਾਰਤ ਗੱਡੀ ਨੰਬਰ 26462/26461 (ਫਿਰੋਜਪੁਰ ਛਾਊਣੀ - ਦਿੱਲੀ) ਵਿਚ: 1) ਯਾਤਰੀਆਂ ਦੇ ਲਈ ਆਨ-ਬੋਰਡ ਮੁਫਤ ਲਾਈਫਸਟਾਈਲ ਪਤ੍ਰਿਕਾ ਦੇ ਵੰਡ ਦੇ ਲਈ ਕਾਂਟਰੈਕਟ ਦਾ ਅਲਾਟਮੈਂਟ। 2) ਡੱਬਿਆਂ ਦੀਆਂ ਸੀਟਾਂ ਦੇ ਫੂਡ ਟ੍ਰੇ ਅਤੇ ਹੇਠਰਸੇਟ ਤੇ ਪੈਚ ਦੇ ਮਾਧਿਅਮ ਨਾਲ ਇਸ਼ਤਿਹਾਰ ਅਧਿਕਾਰਾਂ ਦਾ ਅਲਾਟਮੈਂਟ। 3) ਡੱਬਿਆਂ ਵਿਚ ਲਗੀ ਹੋਈ ਫੈਕਟਰੀ ਫਿਟੇਡ LED ਸਕ੍ਰੀਨਸ ਦੇ ਮਾਧਿਅਮ ਨਾਲ ਇਸ਼ਤਿਹਾਰ ਅਧਿਕਾਰਾਂ ਦਾ ਅਲਾਟਮੈਂਟ। |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ।

ਨੰਬਰ NR-FZR0COML(NFR)/18/2024 ਤਾਰੀਕ 12.11.2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3518/25



### Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

ਕਬਜ਼ਾ ਨੋਟਿਸ

[ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8 (1) ਅਧੀਨ]

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 15-06-2024 ਨੂੰ ਇਕ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ (1) ਸ੍ਰੀ ਸੁਭਾਸ਼ ਘੋਸ਼ ਪੁੱਤਰ ਖਗਨ ਘੋਸ਼ ਵਾਸੀ ਜਗਤਪੁਰਾ ਪੰਜ ਢੇਰਾ, ਜਲੰਧਰ, ਪੰਜਾਬ-144410 (ਇਸ ਤੋਂ ਬਾਅਦ ਕਰਜ਼ਦਾਰ ਵਜੋਂ ਹਵਾਲਾ) ਅਤੇ ਗਰੰਟਰ (2) ਸ੍ਰੀ ਤ੍ਰਿਪਤੀ ਰਜਨੀਕਾਂਤ ਮਾਰਫਤ ਸ਼ਿਵਾਲਿਆ ਸਪਿੰਨਿੰਗ ਮਿੱਲ, ਚੰਬਲ ਘਾਟੀ, ਢਡਾਰੀ ਕਲਾਂ, ਲੁਧਿਆਣਾ, ਪੰਜਾਬ-141014 (3) ਸੰਦੀਪ ਚਾਵਲਾ ਪੁੱਤਰ ਕੇਵਲ ਕ੍ਰਿਸ਼ਨ ਚਾਵਲਾ ਵਾਸੀ ਸੀ-158, ਪਿੰਡ ਪੰਜ ਢੇਰਾ, ਜਗਤਪੁਰਾ, ਫਿਲੌਰ, ਜਲੰਧਰ-144410 (ਇਸ ਤੋਂ ਬਾਅਦ ਗਰੰਟਰਾਂ ਵਜੋਂ ਹਵਾਲਾ) ਨੂੰ ਨੋਟਿਸ 'ਚ ਦਰਸਾਈ ਮਿਤੀ 01.06.2024 ਤੋਂ ਨੋਟਿਸ 'ਚ ਦਰਸਾਏ ਐੱਲ ਏ ਪੀ /013612000267 'ਚ ਬਕਾਇਆ ਰਾਸ਼ੀ 1,16,088 (ਇੱਕ ਲੱਖ ਸੋਲਾਂ ਹਜ਼ਾਰ ਅਠਾਸੀ ਰੁਪਏ ਕੇਵਲ) ਸਮੇਤ ਭਵਿੱਖੀ ਵਿਆਜ ਅਦਾ ਕਰਨ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਰੂਲ ਦੇ ਨਿਯਮ 8 ਅਤੇ 9 ਨਾਲ ਪੜ੍ਹੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਮਿਤੀ 13 ਨਵੰਬਰ 2025 ਨੂੰ ਕਬਜ਼ਾ ਲੈ ਲਿਆ ਹੈ।

ਖਾਸ ਤੌਰ 'ਤੇ ਕਰਜ਼ਦਾਰ/ ਗਰੰਟਰਾਂ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਮਿਤੀ 01.06.2024 ਤੋਂ ਅਨੁਸਾਰ ਬਕਾਇਆ ਰਾਸ਼ੀ ਰੁਪਏ ਐੱਲ ਏ ਪੀ/013612000267 'ਚ ਰੁਪਏ 1,16,088/- (ਇੱਕ ਲੱਖ ਸੋਲਾਂ ਹਜ਼ਾਰ ਅਠਾਸੀ ਰੁਪਏ ਕੇਵਲ) ਸਮੇਤ 01.06.2024 ਤੋਂ ਭਵਿੱਖੀ ਵਿਆਜ (ਵਸੂਲੀ ਘਟਾ ਕੇ ਜੇ ਕੋਈ ਹੈ) ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਨੂੰ ਦੇਣਦਾਰੀ ਦਾ ਵਿਸ਼ਾ ਹੋਵੇਗੀ। ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਅਚੱਲ ਜਾਇਦਾਦ ਦਾ ਵੇਰਵਾ

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 1216 ਮਿਤੀ 27-11-2017 ਅਨੁਸਾਰ ਸ੍ਰੀ ਸੁਭਾਸ਼ ਘੋਸ਼ ਪੁੱਤਰ ਖਗਨ ਘੋਸ਼ ਦੀ ਮਲਕੀਅਤ ਜਾਇਦਾਦ ਰਕਬਾ 5 ਮਰਲੇ, ਹਦਬਸਤ ਨੰਬਰ 132, ਪੰਜ ਢੇਰਾ ਵਿਖੇ ਸਥਿਤ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ।

ਮਿਤੀ : 13-11-2025 (ਅਧਿਕਾਰਤ ਅਫਸਰ)
ਸਥਾਨ : ਫਿਲੌਰ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ



### Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 29.03.2025 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ 1. ਰਾਜਵੀਰ ਸਿੰਘ ਪੁੱਤਰ ਸ੍ਰ. ਚਰਨਜੀਤ ਸਿੰਘ ਵਾਸੀ ਪਿੰਡ ਚੱਕ ਬਾਹਮਣੀਆਂ ਖੁਰਦ, ਬਾਹਮਣੀਆਂ ਜਲੰਧਰ, ਪੰਜਾਬ-144702 2. ਸ੍ਰੀਮਤੀ ਪ੍ਰਭਜੋਤ ਕੌਰ ਪਤਨੀ ਸ੍ਰੀ ਰਾਜਵੀਰ ਸਿੰਘ ਵਾਸੀ ਚੱਕ ਬਾਹਮਣੀਆਂ ਖੁਰਦ, ਜਲੰਧਰ, ਪੰਜਾਬ 144702 (ਹਵਾਲਾ ਕਰਜ਼ਦਾਰ ਵਜੋਂ) ਤੇ ਗਰੰਟਰ 3. ਸ੍ਰੀ ਸੁਰਿੰਦਰ ਸਿੰਘ ਪੁੱਤਰ ਸ੍ਰੀ ਮੇਜਰ ਸਿੰਘ ਵਾਸੀ ਪਿੰਡ ਥੰਮੂਵਾਲ, ਡਾਕਖਾਨਾ ਸੰਧਾਂਵਾਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ-144703 4. ਸ੍ਰੀ ਚਰਨਜੀਤ ਸਿੰਘ ਪੁੱਤਰ ਸ੍ਰੀ. ਬਾਵਾ ਸਿੰਘ ਵਾਸੀ ਪਿੰਡ ਚੱਕ ਬਾਹਮਣੀਆਂ ਖੁਰਦ, ਚੱਕ ਬਾਹਮਣੀਆਂ, ਜਲੰਧਰ, ਪੰਜਾਬ-144702 (ਹਵਾਲਾ ਗਰੰਟਰ ਵਜੋਂ) ਨੂੰ ਐੱਚ ਐੱਲ/054611000041 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 24,74,095.80 ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਸੀ।
ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।
ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।
ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਚ ਐੱਲ/054611000041 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 24,74,095.80 ਮਿਤੀ 01.03.2025 ਤੋਂ ਲਾਗੂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ

ਇਕੁਟੇਬਲ ਮਾਰਟਗੇਜ ਅਚੱਲ ਜਾਇਦਾਦ 11 ਮਰਲਾ 03 ਸਰਸਾਈ ਦਾ ਸਮੁੱਚਾ ਅਟੁੱਟ ਹਿੱਸਾ, ਚੱਕ ਬਾਹਮਣੀਆਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਹੱਦਬਸਤ ਨੰ. 277 ਮਾਲਕ ਸ੍ਰੀ ਰਾਜਵੀਰ ਸਿੰਘ ਪੁੱਤਰ ਸ੍ਰੀ ਚਰਨਜੀਤ ਸਿੰਘ ਵਾਈਡ ਟਰਾਂਸਫਰ ਡੀਡ ਦਸਤਾਵੇਜ਼ ਨੰ. 2022-23/177/1/373 ਮਿਤੀ 26.05.2022

ਮਿਤੀ : 13.11.2025, ਸਥਾਨ : ਸ਼ਾਹਕੋਟ (ਅਧਿਕਾਰਤ ਅਫਸਰ)



### Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 20.07.2024 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ 1. ਸ੍ਰੀਮਤੀ ਸਰਬਜੀਤ ਕੌਰ ਪਤਨੀ ਤਰਸੇਮ ਸਿੰਘ ਵਾਸੀ ਥੰਮੂਵਾਲ, ਸੰਦਾਂਵਾਲ, ਜ਼ਿਲ੍ਹਾ ਜਲੰਧਰ-144703 (ਮ੍ਰਿਤਕ) ਰਾਹੀਂ ਇਸ ਦੇ ਕਾਨੂੰਨੀ ਵਾਰਿਸਾਂ (ਏ) ਤਰਸੇਮ ਸਿੰਘ ਪੁੱਤਰ ਸ੍ਰੀ ਸਵਰਨ ਸਿੰਘ ਵਾਸੀ ਪਿੰਡ ਥੰਮੂਵਾਲ ਤਹਿ. ਸ਼ਾਹਕੋਟ, ਜਲੰਧਰ (ਬੀ) ਅਨਮੋਲਦੀਪ ਪੁੱਤਰ ਸ੍ਰੀ ਤਰਸੇਮ ਸਿੰਘ ਵਾਸੀ ਪਿੰਡ ਥੰਮੂਵਾਲ, ਤਹਿ. ਸ਼ਾਹਕੋਟ, ਜ਼ਿਲ੍ਹਾ ਜਲੰਧਰ ਰਾਹੀਂ ਇਸ ਦੇ ਵਾਰਿਸ (ਪਿਤਾ) ਸ੍ਰੀ ਤਰਸੇਮ ਸਿੰਘ 2. ਸ੍ਰੀ ਵਿੱਕੀ ਪੁੱਤਰ ਸ੍ਰੀ ਤਰਸੇਮ ਸਿੰਘ ਵਾਸੀ ਪਿੰਡ ਥੰਮੂਵਾਲ, ਸੰਦਾਂਵਾਲ, ਜਲੰਧਰ, ਪੰਜਾਬ-144703 (ਇਸ ਤੋਂ ਬਾਅਦ ਕਰਜ਼ਦਾਰਾਂ ਵਜੋਂ ਹਵਾਲਾ) ਅਤੇ ਗਰੰਟਰ 3. ਸ੍ਰੀ ਬਲਕਾਰ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ # 99, ਵਾਰਡ ਨੰ. 9, ਮੁਹੱਲਾ ਬਾਗਾਵਾਲਾ, ਸ਼ਾਹਕੋਟ, ਜਲੰਧਰ, ਪੰਜਾਬ-144702 (ਇਸ ਤੋਂ ਬਾਅਦ ਗਰੰਟਰ ਨੂੰ ਐੱਚ ਐੱਲ/054611000029 'ਚ ਰੁਪਏ 24,34,142.95 ਉਕਤ ਨੋਟਿਸ ਦੀ ਮਿਤੀ ਨੂੰ 60 ਦਿਨਾਂ ਦੇ ਅੰਦਰ ਜਮ੍ਹਾਂ ਕਰਾਉਣ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ, ਇਸ ਲਈ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਚ ਐੱਲ/054611000029 'ਚ ਰੁਪਏ 24,34,142.95 ਬਕਾਇਆ ਰਾਸ਼ੀ ਮਿਤੀ 01.07.2024 ਤੋਂ ਸਮੇਤ ਭਵਿੱਖੀ ਵਿਆਜ ਵਸੂਲ ਕੀਤੀ ਜਾਵੇਗੀ।

ਅਚੱਲ ਜਾਇਦਾਦ ਦਾ ਵੇਰਵਾ

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2021-22/177/1/965 ਮਿਤੀ 11.10.2021 ਅਨੁਸਾਰ ਸ੍ਰੀਮਤੀ ਸਰਬਜੀਤ ਕੌਰ ਪਤਨੀ ਸ੍ਰੀ ਤਰਸੇਮ ਸਿੰਘ ਦੀ ਮਲਕੀਅਤ ਜਾਇਦਾਦ ਰਕਬਾ 11 ਮਰਲੇ, ਥੰਮੂਵਾਲ ਵਿਖੇ ਸਥਿਤ, ਤਹਿਸੀਲ ਸ਼ਾਹਕੋਟ, ਜਲੰਧਰ, ਹੱਦਬਸਤ ਨੰ. 278 ਨਾਲ ਸੰਬੰਧਤ ਸਭ ਕੁਝ।

ਮਿਤੀ : 13.11.2025, ਸਥਾਨ : ਸ਼ਾਹਕੋਟ (ਅਧਿਕਾਰਤ ਅਫਸਰ)

14- Nov - Page - 7.qxd 11/13/2025 10:52 PM Page 1



# ਮਨੁੱਖੀ ਕਦਰਾਂ-ਕੀਮਤਾਂ 'ਤੇ ਆਧਾਰਤ ਫੈਕਲਟੀ ਐਨਰਿਚਮੈਂਟ ਪ੍ਰੋਗਰਾਮ ਕਰਵਾਇਆ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ):ਅੰਮ੍ਰਿਤਸਰ ਗਰੁੱਪ ਆਫ਼ ਕਾਲਜਿਜ਼ (ਏਜੀਸੀ) ਅੰਮ੍ਰਿਤਸਰ ਦੇ ਮੁੱਲ ਸਿੱਖਿਆ ਸੈੱਲ ਨੇ ਮੈਨੇਜਿੰਗ ਡਾਇਰੈਕਟਰ ਡਾ. ਰਜਨੀਸ਼ ਅਰੋੜਾ ਦੀ ਅਗਵਾਈ ਹੇਠ 7 ਮਨੁੱਖੀ ਕਦਰਾਂ-ਕੀਮਤਾਂ 'ਤੇ ਇੱਕ ਫੈਕਲਟੀ ਐਨਰਿਚਮੈਂਟ ਪ੍ਰੋਗਰਾਮ ਕਰਵਾਇਆ ਗਿਆ।ਇਸ ਸੈਸ਼ਨ ਦਾ ਸੰਚਾਲਨ ਡਾ. ਪ੍ਰਿਆ ਦਰਸ਼ਨੀ ਦੁਆਰਾ ਕੀਤਾ ਗਿਆ। ਪ੍ਰੋਗਰਾਮ ਦਾ ਉਦੇਸ਼ ਫੈਕਲਟੀ ਮੈਂਬਰਾਂ ਵਿੱਚ ਸੰਪੂਰਨ ਸਮਝ, ਸਦਭਾਵਨਾ ਅਤੇ ਮੁੱਲ-ਅਧਾਰਤ ਜੀਵਨ ਨੂੰ ਉਤਸ਼ਾਹਿਤ ਕਰਨਾ ਸੀ।ਸੈਸ਼ਨ ਦੌਰਾਨ ਡਾ. ਪ੍ਰਿਆ ਦਰਸ਼ਨੀ ਨੇ ਵਿਦਿਆਰਥੀਆਂ ਵਿੱਚ ਹਮਦਰਦੀ, ਨੈਤਿਕ ਸੋਚ ਅਤੇ ਭਾਵਨਾਤਮਕ ਬੁੱਧੀ ਨੂੰ ਵਿਕਸਤ ਕਰਨ ਲਈ ਮਨੁੱਖੀ ਮੁੱਲਾਂ ਨੂੰ ਅਧਿਆਪਨ ਅਭਿਆਸਾਂ ਵਿੱਚ ਏਕੀਕ੍ਰਿਤ ਕਰਨ ਦੀ ਮਹੱਤਤਾ ਤੇ ਜ਼ੋਰ ਦਿੱਤਾ ਗਿਆ।ਇਸ ਅਰਥਪੂਰਨ ਪਹਿਲਕਦਮੀ ਵਿੱਚ ਵੱਖ-ਵੱਖ ਵਿਭਾਗਾਂ ਦੇ ਫੈਕਲਟੀ ਮੈਂਬਰਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਪ੍ਰਿੰ. ਡਾ. ਗੌਰਵ ਤੇਜਪਾਲ ਨੇ ਕਿਹਾ ਕਿ ਫੈਕਲਟੀ ਐਨਰਿਚਮੈਂਟ ਪ੍ਰੋਗਰਾਮ ਏਜੀਸੀ ਦੀ ਆਪਣੇ ਅਕਾਦਮਿਕ ਵਾਤਾਵਰਣ ਅੰਦਰ ਦਇਆ, ਸਹਿਯੋਗ ਅਤੇ ਜ਼ਿੰਮੇਵਾਰੀ ਦੀ ਸੰਸਕ੍ਰਿਤੀ ਨੂੰ ਵਿਕਸਤ ਕਰਨ ਲਈ ਵਚਨਬੱਧ ਹੈ।ਅਜਿਹੀਆਂ ਪਹਿਲਕਦਮੀਆਂ ਅਜਿਹੇ ਸਿੱਖਿਅਕਾਂ ਨੂੰ ਆਦਰਸ਼ ਆਕਾਰ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

# ਨਸ਼ਾ ਤਸਕਰ ਦੇ ਨਾਜਾਇਜ਼ ਨਿਰਮਾਣ 'ਤੇ ਚੱਲਿਆ ਪੀਲਾ ਪੰਜਾ



ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)- ਪੰਜਾਬ ਸਰਕਾਰ ਵੱਲੋਂ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਲਈ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ੇ ਦੇ ਖਾਤਮੇ ਅਤੇ ਨਸ਼ਾ ਤਸਕਰਾਂ ਵਲੋਂ ਕੀਤੇ ਗਏ ਨਾਜਾਇਜ਼ ਕਬਜ਼ਿਆਂ ਨੂੰ ਹਟਾਉਣ ਲਈ ਹੁਸ਼ਿਆਰਪੁਰ ਅਤੇ ਟਾਂਡਾ ਪੁਲਿਸ ਨੇ ਸਾਂਝੇ ਅਭਿਆਨ ਤਹਿਤ ਟਾਂਡਾ ਦੀ ਚੰਡੀਗੜ੍ਹ ਕਲੋਨੀ ਵਿਚ ਇਕ ਅਣਅਧਿਕਾਰਤ ਨਿਰਮਾਣ ਨੂੰ ਢਾਹ ਦਿੱਤਾ। ਇਹ ਨਾਜਾਇਜ਼ ਨਿਰਮਾਣ ਕਮਲੇਸ਼ ਪਤਨੀ ਜੀਵਨ ਲਾਲਾ ਨਿਵਾਸੀ ਵਾਰਡ ਨੰਬਰ 11, ਚੰਡੀਗੜ੍ਹ ਕਲੋਨੀ ਵੱਲੋਂ ਕੀਤਾ ਗਿਆ ਸੀ।ਇਸ ਸਬੰਧ ਵਿਚ ਵਧੇਰੇ ਜਾਣਕਾਰੀ ਦਿੰਦੇ ਹੋਏ ਐੱਸ ਪੀ (ਪੀ ਬੀ ਆਈ) ਮੇਜਰ ਸਿੰਘ ਨੇ ਦੱਸਿਆ ਕਿ ਐੱਸ ਐੱਸ ਪੀ ਸੰਦੀਪ ਕੁਮਾਰ ਮਲਿਕ ਦੇ ਨਿਰਦੇਸ਼ਾਂ ਹੇਠ ਸਿਵਲ ਪ੍ਰਸ਼ਾਸਨ ਦੀ ਮੌਜੂਦਗੀ ਵਿਚ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਗਈ। ਉਨ੍ਹਾਂ ਦੱਸਿਆ ਕਿ ਕਮਲੇਸ਼ ਰਾਣੀ ਵਿਰੁੱਧ ਐੱਨ ਡੀ ਪੀ ਐੱਸ ਐਕਟ ਦੇ ਤਹਿਤ 16 ਵੱਖ-ਵੱਖ ਮਾਮਲੇ ਦਰਜ ਹਨ ਅਤੇ ਇਸ ਸਮੇਂ ਉਹ ਤਸਕਰ ਜੇਲ੍ਹ ਵਿਚ ਬੰਦ ਹੈ।ਉਨ੍ਹਾਂ ਦੁਹਰਾਇਆ ਕਿ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਤਹਿਤ ਹੁਸ਼ਿਆਰਪੁਰ ਪੁਲਸ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਗੈਰ-ਕਾਨੂੰਨੀ ਕਬਜ਼ੇ ਵਿਰੁੱਧ ਆਪਣੀ ਕਾਰਵਾਈ ਜਾਰੀ ਰੱਖੇਗੀ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਦੀ ਰਿਪੋਰਟ ਪੁਲਸ ਨੂੰ ਕਰਨ।

# ਟੋਲ ਪਲਾਜ਼ਾ ਬੱਛੂਆਂ 'ਤੇ ਧਰਨਾ 16 ਨੂੰ : ਮੰਗੂਪੁਰ



ਬਲਾਚੌਰ (ਜਸਵਿੰਦਰ ਬੈਂਸ)-ਹਲਕਾ ਬਲਾਚੌਰ ਵਿਖੇ ਬੇਸਹਾਰਾ ਪਸ਼ੂਆਂ ਦੀ ਭਰਮਾਰ ਕਾਰਨ ਦੁਰਘਟਨਾਵਾਂ ਦੀ ਰਫਤਾਰ ਨਹੀਂ ਘੱਟ ਰਹੀ,ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਵੱਲੋਂ ਪੱਤਰਕਾਰ ਭਾਈਚਾਰੇ ਨਾਲ ਕੀਤਾ ਗਿਆ। ਬੀਤੇ ਦਿਨੀ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਜੇ ਮੰਗੂਪੁਰ ਵੱਲੋਂ ਬਲਾਚੌਰ ਵਿਖੇ ਨੈਸ਼ਨਲ ਹਾਈਵੇ ਐੱਨ ਐੱਚ ਡੀ ਡੀ ਦਾ ਜਾਇਜ਼ਾ ਲਿਆ ਗਿਆ ਜਿੱਥੇ ਦੁਰਘਟਨਾਵਾਂ ਦਾ ਸਿਲਸਿਲਾ ਰੁਕਣ ਦਾ ਨਾਂਅ ਨਹੀ ਲੈ ਰਿਹਾ ਸੀ। ਉਸ ਦੌਰਾਨ ਪਤਾ ਲੱਗਾ ਕਿ ਇਨ੍ਹਾਂ ਦੁਰਘਟਨਾਵਾਂ ਦੀ ਅਸਲੀ ਵਜ੍ਹਾ ਬੇਸਹਾਰਾ ਪਸ਼ੂਆਂ ਦੀ ਗਿਣਤੀ ਵਿੱਚ ਵਾਧਾ ਸੀ। ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਟੋਲ ਪਲਾਜ਼ਾ ਦੇ ਨੇੜੇ ਰੋਡ ਉੱਤੇ ਅਵਾਰਾ ਪਸ਼ੂਆਂ ਨੂੰ ਹਟਾਉਣ ਦੀ ਜ਼ਿੰਮੇਵਾਰੀ ਟੋਲ ਪਲਾਜ਼ਾ ਵਾਲਿਆਂ ਦੀ ਹੁੰਦੀ ਹੈ ਪਰੰਤੂ ਟੋਲ ਪਲਾਜ਼ਾ ਬੱਛੂਆਂ ਦੇ ਅਧਿਕਾਰੀ ਜੋ ਕਿ ਸਿਰਫ ਆਪਣੀਆਂ ਜੇਬਾਂ ਭਰਨ ਵਿੱਚ ਮਸ਼ਰੂਫ ਹਨ ਉਨ੍ਹਾਂ ਨੂੰ ਰਾਹਗੀਰਾਂ ਦੀ ਜਾਨ ਦੀ ਕੋਈ ਚਿੰਤਾ ਨਹੀ ਹੈ। ਉਨ੍ਹਾਂ ਟੋਲ ਪਲਾਜ਼ਾ ਬੱਛੂਆਂ ਦੇ ਅਧਿਕਾਰੀਆਂ ਨੂੰ ਚੇਤਾਵਨੀ ਦਿੰਦਿਆ ਕਿਹਾ ਕਿ ਜੇਕਰ ਉਨ੍ਹਾਂ ਵੱਲੋਂ ਬੇਸਹਾਰਾ ਪਸ਼ੂਆਂ ਦਾ ਕੋਈ ਪੱਕਾ ਹੱਲ ਨਾ ਕੀਤਾ ਗਿਆ ਤਾਂ 16 ਨਵੰਬਰ ਦਿਨ ਐਤਵਾਰ ਨੂੰ ਸਮਾਂ 11 ਵਜੇ ਉਨ੍ਹਾਂ ਵੱਲੋਂ ਸਾਥੀਆਂ ਸਮੇਤ ਇਨ੍ਹਾਂ ਬੇਸਹਾਰਾ ਪਸ਼ੂਆਂ ਨੂੰ ਨਾਲ ਲੈ ਕੇ ਟੋਲ ਪਲਾਜ਼ਾ ਬਛੂਆਂ ਉੱਤੇ ਬਿਠਾ ਚੱਕਾ ਜਾਮ ਕੀਤਾ ਜਾਵੇਗਾ।ਅਜੇ ਮੰਗੂਪੁਰ ਵੱਲੋਂ ਸਮੂਹ ਕਾਂਗਰਸੀ ਆਗੂਆਂ, ਅਹੁਦੇਦਾਰਾਂ ਅਤੇ ਵਰਕਰ ਭਰਾਵਾਂ ਨੂੰ 16 ਨਵੰਬਰ ਦਿਨ ਐਤਵਾਰ ਨੂੰ ਸਮਾਂ ਸਵੇਰੇ 11:00 ਵਜੇ ਟੋਲ ਪਲਾਜ਼ਾ ਬੱਛੂਆਂ ਉੱਤੇ ਪਹੁੰਚਣ ਦੀ ਅਪੀਲ ਕੀਤੀ ਗਈ। ਇਸ ਮੌਕੇ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਸੁਰਿੰਦਰ ਛਿੰਦਾ ਬੁਲਾਰਾ ਡੀ ਸੀ ਸੀ, ਸੰਜੀਵ ਕੁਮਾਰ, ਸੋਨੂੰ, ਸੁਖਦੇਵ ਕੁਮਾਰ, ਨੇਤਰ ਪੰਚ, ਕਾਂਗਰਸੀ ਵਰਕਰ ਹਾਜ਼ਰ ਸਨ।

# ਕਲਾਸੀਫਾਈਡ ਇਸ਼ਤਿਹਾਰ

## Change of Name

Joginder Singh S/o Sewak Singh R/o VPO. Chand Nawan, Distt. Moga Change name. Joginder Singh Bhatti.

I, Kamia W/o Pardeep Kumar R/o Village Nangal Bihalan, Post Office Nangal Bihalan, Tehsil Mukerian, District Hoshiarpur-144205, declare that I want to change the spelling name from Kamian Sandhal to Kamia in my husband passport No. N3407297 as per my Passport No. S5225686.

I, Nishi Dhir W/o Gaurav Kapoor R/o H.No. 45L, Near Kapoor Sales Corporation, Model Town Hoshiarpur 146001 Punjab have changed my name from Nishi Dhir to Nishi Kapoor. Concerned note.

I Parminder Kaur D/o Charanjeet R/o Mohalla Gobindpura, Khera Road, Phagwara, Distt Kapurthala have changed my name from Parminder Kaur to Fatima after embracing Islam Religion.

I, Sandeep Kaur W/o Gurbaj Singh R/o Village Dhanoa Khurd, PO Dhanoa Kalan, Distt. Amritsar, Punjab-143108 have changed my name from Sandeep Kaur to Kaur is my surname and Sandeep is my given name.

I, Manjit Singh S/o Dan Singh R/o Village and PO Dagana Kalan, Distt Hoshiarpur -146022 (Punjab) have changed my name from Manjeet Singh to Manjit Singh.. Singh is my surname and my given name is Manjit. Concerned note.

I, Kuljit Singh S/o S. Balwinder Singh R/o H.No.144, Village Khatib D.B.N Road, Batala, PO. Batala, Tehsil Batala, Distt.Gurdaspur have changed my name to Kuljeet Singh. Concerned Note.

I, Kiran D/o Tony R/o VPO. Kastiwal, Tehsil Batala, Distt. Gurdaspur, Punjab have changed my name from Kiran to Kiran Sandhu. Concerned Note.

I, Dawinder Kaur W/o Pardhan Singh R/o VPO. Veela Teja, Tehsil Batala, Distt. Gurdaspur, Punjab have changed my name from Dawinder Kaur to Davinder Kaur. Concerned Note.

I, Vishal Jeet S/O Bachan Singh, R/o H/No, 406 Pwd Rest House, Reset House Colony Haryal, Dist; Pathankot, Punjab-145001, have changed my name and shall hereafter be Known as Vishal Jeet Dogra.

I, Sumit Kumar S/O Ram Datt Dhiman R/O H.No 17 Kirti Nagar Ladowali Road, near Govt Middle school Jalandhar City Have Changed my Minor Daughter's Name From Namya to Namya Dhiman In which Given Name as Namya & Surname as Dhiman. All concerned please note.

I, Ram Dutt Dhiman S/O Ran Singh R/O H.NO 28-A St NO 14 Darshan Singh Nagar Patiala, Punjab Have Changed my Name From Ram Dutt Dhiman To Ram Datt Dhiman. All Concerned Please Note.

I, Anita Rani W/O Ram Datt Dhiman R/O H.NO 28-A St NO 14 Darshan Singh Nagar Patiala, Punjab Have Changed my Name From Anita Rani To Anita. All Concerned Please Note.

I, Sumit Kumar S/O Ram Datt Dhiman R/O H.No 17 Kirti Nagar Ladowali Road near Govt Middle school Jalandhar Have Changed my Name From Sumit Kumar To Given Name as Sumit and Surname as Kumar. All concerned please note.

I, Manjit Kaur W/O Sumit Kumar R/O H.No 17 Kirti Nagar Ladowali Road Near Govt Middle School Jalandhar City, Punjab Have Changed My Name From Manjit Kaur To Given Name As Manjit And Surname As Kaur. All concerned please note.

I, Yuvraj Ram Pal S/O Yash Pal R/O 89-A, Green Park, Cool Road, Jalandhar, (Punjab), Have Changed My Name From Master Sahil Rampal To Yuvraj Ram Pal. All Concerned Please Note.

I, Shoba Bhardwaj W/o Suresh Kumar Bhardwaj R/o H.No. 119, New Vikas Puri, Jalandhar, Punjab have changed my name from Shoba Bhardwaj to Shobha Bhardwaj. All concerned please note.

I, Gitanjli Manwal W/O Sher Singh R/O Q.No.615-C, Type-2, Rail Coach Factory, Kapurthala, Punjab-144602 Have Changed My Name From Gitanjli Manwal To Gitanjli. All Concerned Please Note.

I hitherto known as MANI S/O IQBAL SINGH, Residing at H no 384, Guru Gobind Singh Avenue, Jalandhar - 1, Jalandhar, Punjab - 144009, have changed my name and shall hereafter be known as MANI SINGH.

I, Vipan Sharma S/o Ram Kishan Sharma R/o 1031/9, Gali Bhagtan Wali, Namak Mandi, Amritsar, Punjab have changed my name from Vipan Sharma to Vipan Kumar.

I, Priya D/o Vipan Kumar R/o 1031/9, Gali Bhagtan Wali, Namak Mandi, Amritsar, Punjab have changed my name from Priya to Priya Sharma.

I, Goldy S/o Roshan Lal R/o H.No:-B-II/298, Gandhi Camp, Jalandhar, have changed my name from Goldy to Goldy Sanotra. All concerned noted.

I, Sharanjeet Singh S/o Joginder Singh R/o 52, Ajit Nagar, Sultanwind Road, Amritsar have changed my name from Sharanjeet Singh to Sharanjit Singh.

I, Chanjit Kaur w/o Bhajan Singh r/o Village Khanpur Dhadda, Tehsil Nakodar, Distt. Jalandhar have changed my name from Chanjit Kaur to Charnjit Kaur. All Please Note.

I, Harjit Singh s/o Lehmber Singh r/o Village Dhaliwal Kadian, Po. Basti Guzan, Distt.Jalandhar have changed my name from Harjit Singh to Harjit Singh Dhaliwal. All Please Note.

I, Maninderjit Singh Chana s/o Avinder Singh r/o 46-B, Parkash Nagar, Model Town, Jalandhar have changed my name to Maninderjit Singh. All Please Note.

## Change of Name

I, Avinder Singh Chana s/o Dharam Singh r/o 46-B, Parkash Nagar, Model Town, Jalandhar have changed my name to Avinder Singh. All Please Note.

I, Kuldeep s/o Roop Lal r/o H.No. B-1-894, Ram Nagar, Jalandhar-144008, Punjab have added my surname from Kuldeep to Kuldeep Kaul. (Surname as Kaul) All Please Note.

I, Bindoo w/o Bhagi Rathi Pandey r/o 48-B, A S Villa, Kala Sangha, Landmark Road, Basti Sheikh, Jalandhar have changed my name to Bindoo Panday. All Please Note.

I, Jatinder Singh s/o Gurmail Singh r/o VPO. Adampur Doaba, Distt.Jalandhar, Punjab have changed my name to Given name as Jatinder & Surname as Singh. All Please Note.

## ਆਮ ਸੂਚਨਾ

ਮੈਂ, ਸਵਾਤੀ ਜੋਸ਼ੀ, ਨਿਵਾਸੀ ਬੀ.ਪੀ.-54, ਬਸ਼ੀਰਪੁਰਾ, ਜਲੰਧਰ ਸ਼ਹਿਰ ਇਸ ਰਾਹੀਂ ਘੋਸ਼ਣਾ ਕਰਦੀ ਹਾਂ ਕਿ ਮੈਂ ਆਪਣਾ ਨਾਮ ਅਤੇ ਲਿੰਗ ਸਵਾਤੀ ਜੋਸ਼ੀ (ਮਹਿਲਾ) ਤੋਂ ਸਵਾਸਤਿਕ ਜੋਸ਼ੀ (ਪੁਰਸ਼) ਵਿੱਚ ਤਬਦੀਲ ਕਰ ਦਿੱਤਾ ਹੈ। ਇਹ ਤਬਦੀਲੀ ਹੁਣ ਸਾਰੇ ਭਵਿੱਖ ਦੇ ਹਵਾਲਿਆਂ, ਰਿਕਾਰਡਾਂ ਅਤੇ ਸਰਕਾਰੀ ਦਸਤਾਵੇਜਾਂ ਵਿੱਚ ਵਰਤੀ ਜਾਵੇਗੀ।

ਮੈਂ, ਸੁਰਿੰਦਰਪਾਲ ਸਿੰਘ ਪੁੱਤਰ ਕਸ਼ਮੀਰ ਸਿੰਘ, ਵਾਸੀ ਪਲਾਟ ਨੰ. 24, ਗਲੀ ਨੰ. 2, ਜਮਾਲਪੁਰ ਅਵਾਨਾ, ਬਚਿੱਤਰ ਨਗਰ, ਲੁਧਿਆਣਾ ਹਲਫੀਆ ਬਿਆਨ ਕਰਦਾ ਹਾਂ ਕਿ ਮੇਰੇ ਪਿਤਾ ਕਸ਼ਮੀਰ ਸਿੰਘ ਪੁੱਤਰ ਸ੍ਰੀ ਫੌਜਾ ਸਿੰਘ ਦੀ ਮੌਤ 27.05.2018 ਨੂੰ ਹੋ ਚੁੱਕੀ ਹੈ। ਉਹਨਾਂ ਨੇ ਆਪਣੀ ਜਾਇਦਾਦ ਦਾ ਮੇਰੇ ਹਿੱਸੇ ਵਾਲਾ ਹਿੱਸਾ ਮਿਤੀ 12.07.2016 ਨੂੰ ਆਪਣੇ ਪੂਰੇ ਹੋਸ਼ ਹਵਾਸ ਵਿੱਚ ਮੇਰੇ ਹੱਕ ਵਿੱਚ ਵਸੀਅਤਨਾਮੇ ਰਾਹੀਂ ਕਰ ਦਿੱਤਾ ਸੀ। ਉਹਨਾਂ ਦੇ ਕੁੱਲ 7 ਕੁਦਰਤੀ ਵਾਰਸ ਹਨ, ਜਿਨ੍ਹਾਂ ਵਿੱਚੋਂ ਸੋਨੀ ਕੌਰ ਅਤੇ ਗੁਰਮੀਤ ਕੌਰ ਦੀ ਮੌਤ ਹੋ ਚੁੱਕੀ ਹੈ। ਜੇ ਕੋਈ ਵਿਅਕਤੀ ਮੇਰੀਆਂ ਭੈਣਾਂ ਜਾਂ ਕਿਸੇ ਹੋਰ ਦੇ ਕਹਿਣ @ਤੇ ਉਕਤ ਜਾਇਦਾਦ ਨਾਲ ਸੰਬੰਧਤ ਕੋਈ ਲੈਣ-ਦੇਣ ਜਾਂ ਖਰੀਦ-ਵੇਚ ਕਰਦਾ ਹੈ, ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: XII AP 38/1031A (C.A. No. 3004472785), 10.00 ਬੀ ਐੱਚ ਪੀ, ਜੋ ਕਿ ਸ੍ਰੀਮਤੀ ਸੁਖਵਿੰਦਰ ਕੌਰ ਪਤਨੀ ਸ੍ਰੀ ਦਲਜੀਤ ਸਿੰਘ ਵਾਸੀ ਪਿੰਡ ਉੱਗੀ, ਜ਼ਿਲ੍ਹਾ ਜਲੰਧਰ ਦੇ ਨਾਂਅ 'ਤੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਪਿੰਡ ਉੱਗੀ, ਜ਼ਿਲ੍ਹਾ ਜਲੰਧਰ ਵਿਚ ਮੌਜੂਦ ਹੈ। ਇਹੀ ਕੁਨੈਕਸ਼ਨ ਸ੍ਰੀ ਬਲਰਾਜ ਸਿੰਘ ਪੁੱਤਰ ਸ੍ਰੀ ਸਤਨਾਮ ਸਿੰਘ ਵਾਸੀ ਪਿੰਡ ਤਲਵੰਡੀ ਭਰੋਂ, ਜ਼ਿਲ੍ਹਾ ਜਲੰਧਰ ਨੇ ਆਪਣੇ ਨਾਂਅ 'ਤੇ ਕਰਵਾਉਣ ਲਈ ਦਰਖਾਸਤ ਇਸ ਦਫ਼ਤਰ ਵਿਖੇ ਪੇਸ਼ ਕੀਤੀ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਆਪਣਾ ਇਤਰਾਜ਼ਨਾਮਾ ਇਸ ਨੋਟਿਸ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰਕਰਤਾ ਨੂੰ ਇਸ ਦਫ਼ਤਰ ਵਿਚ ਜਮ੍ਹਾਂ ਕਰਵਾਓ। ਸਹਾਇਕ ਕਾਰਜਕਾਰੀ ਇੰਜੀ. (ਵੰਡ), ਉਪ ਮੰਡਲ ਕਾਲਾ ਸੰਘਿਆਂ।

ਵਸ਼ੀਸ਼ਟ ਦੇਵ ਪੁੱਤਰ ਸ਼ੰਕਰ ਦਾਸ ਦੇ ਨਾਮ ਪਿੰਡ ਕੈਲੇ ਖੁਰਦ ਵਿੱਚ ਚੱਲ ਰਿਹਾ ਟਿਊਬਵੈੱਲ ਕੁਨੈਕਸ਼ਨ AP37/0981Y ਨਿਰਮਲ ਸਿੰਘ ਪੁੱਤਰ ਹਰਬੰਸ ਸਿੰਘ ਆਪਣੇ ਨਾਮ ਕਰਵਾ ਰਿਹਾ ਹੈ । ਇਤਰਾਜਕਰਤਾ 15 ਦਿਨ ਦੇ ਅੰਦਰ ਆਪਣਾ ਇਤਰਾਜ ਉਪ ਮੰਡਰ ਅਫਸਰ ਜੌੜਾ ਛੱਤਰਾਂ ਨੂੰ ਪੇਸ਼ ਕਰ ਸਕਦਾ ਹੈ ।

ਮੈਂ ਸੰਦੀਪ ਕੌਰ ਪਤਨੀ ਲੇਟ ਦੌਲਤ ਰਾਮ , ਵਾਸੀ ਪਿੰਡ ਅਬਾਦਨ , ਜ਼ਿਲ੍ਹਾ ਜਲੰਧਰ ਇਹ ਬਿਆਨ ਕਰਦੀ ਹਾਂ ਕਿ ਮੇਰਾ ਦੇਵਰ ਚਰਨਜੀਤ ਸਿੰਘ ਪੁੱਤਰ ਰਾਮ ਨਾਥ ਜੋ ਕਿ ਸਾਡੇ ਤੋਂ ਅਲੱਗ ਰਹਿੰਦਾ ਹੈ ਅਤੇ ਸਾਡੇ ਕਹਿਣੇ ਤੋਂ ਬਾਹਰ ਹੈ । ਉਸ ਦੇ ਲੈਣ ਦੇਣ ਦੀ ਸਾਡੀ ਕੋਈ ਜਿੰਮੇਵਾਰੀ ਨਹੀਂ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ । ਸੰਬੰਧਤ ਨੋਟ ਕਰਨ।

ਮੋਟਰ ਕੁਨੈਕਸ਼ਨ ਖਾਤਾ ਨੰਬਰ 3003136658, ਜੋ ਕਿ ਸਰਵਨ ਸਿੰਘ ਪੁੱਤਰ ਮੋਹਨ ਸਿੰਘ ਰਕਬਾ ਮੋਟਰ ਪਿੰਡ ਵਡਾਲਾ ਕਲਾਂ, ਕਪੂਰਥਲਾ ਦੇ ਨਾਂਅ ਪਰ ਚੱਲ ਰਹੀ ਹੈ, ਨੂੰ ਬਲਵਿੰਦਰ ਕੌਰ ਪਤਨੀ ਸੁਖਦੇਵ ਸਿੰਘ, ਵਾਸੀ ਪਿੰਡ ਢਪਈ, ਜ਼ਿਲ੍ਹਾ ਕਪੂਰਥਲਾ ਨੇ ਆਪਣਾ ਨਾਂਅ ਪਰ ਕਰਵਾਉਣ ਲਈ ਅਰਜ਼ੀ ਦਿੱਤੀ ਹੈ। ਇਸ ਸਬੰਧ ਵਿਚ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਪਾਵਰਕਾਮ ਦੇ ਦਫ਼ਤਰ ਸਬ-ਅਰਬਨ ਸ/ਡ ਸਾਹਮਣੇ ਔਂਜਲਾ ਫਾਟਕ, ਸਰਕੂਲਰ ਰੋਡ ਕਪੂਰਥਲਾ ਵਿਖੇ ਇਤਰਾਜ਼ ਪੇਸ਼ ਕਰੇ।

## ਬੇਦਖਲੀ ਨੋਟਿਸ

ਅਸੀਂ, ਲਖਵੀਰ ਸਿੰਘ ਪੁੱਤਰ ਬੂਟਾ ਸਿੰਘ ਅਤੇ ਜਸਵਿੰਦਰ ਕੌਰ ਪਤਨੀ ਲਖਵੀਰ ਸਿੰਘ, ਵਾਸੀ ਪਿੰਡ ਧਾਲੀਵਾਲ ਬੇਟ, ਜ਼ਿਲ੍ਹਾ ਕਪੂਰਥਲਾ, ਬਿਆਨ ਕਰਦੇ ਹਾਂ ਕਿ ਅਸੀ ਆਪਣੇ ਲੜਕੇ ਹਰਪਿੰਦਰ ਸਿੰਘ, ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡੇ ਲੜਕੇ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜਿੰਮੇਵਾਰ ਹੋਵੇਗਾ। ਅਸੀ ਜਾਂ ਸਾਡੇ ਪਰਿਵਾਰ ਦੀ ਕਿਸੇ ਵੀ ਕਿਸਮ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ। ਸਾਰੇ ਸਬੰਧਤ ਨੋਟ ਕਰਨ।

ਮੈਂ ਬਲਵਿੰਦਰ ਸਿੰਘ ਪੁੱਤਰ ਸਿੰਗਾਰਾ ਸਿੰਘ, ਵਾਸੀ ਮੁਹੱਲਾ ਕੱਚਾ ਕਿਲਾ,ਪੁਲਿਸ ਥਾਣਾ ਘਰਿੰਡਾ, ਪਿੰਡ ਅਟਾਰੀ ਸਬ ਤਹਿਸੀਲ ਅਟਾਰੀ ਜ਼ਿਲ੍ਹਾ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਮੇਰਾ ਲੜਕਾ ਪਰਵੇਜ ਸਿੰਘ ਜੋ ਕਿ ਮਾੜੀ ਸੰਗਤ ਵਿੱਚ ਪੈਣ ਕਰਕੇ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਅਪਣੀ ਮਨ ਮਰਜੀ ਕਰਦਾ ਹੈ ਜਿਸ ਨੂੰ ਮੈ ਆਪਣੀ ਚੱਲ ਅਚੱਲ ਜ਼ਮੀਨ ਜ਼ਾਇਦਾਦ ਤੋ ਬੇਦਖਲ ਕਰਦਾ ਹਾਂ।ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਇਸ ਦੇ ਨਾਲ ਮੇਰੇ ਅਤੇ ਮੇਰੇ ਪਰਿਵਾਰ ਦਾ ਕੋਈ ਵੀ ਤਲਕ ਵਾਸਤਾ ਨਹੀ ਹੋਵੇਗਾ।ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਅਸੀਂ ਓਮ ਪ੍ਰਕਾਸ਼ ਮਛਾਲ ਪੁੱਤਰ ਕੇਸਰ ਦਾਸ ਮਛਾਲ ਵਾ ਊਸ਼ਾ ਮਛਾਲ ਵਾਸੀ ਮਕਾਨ ਨੰ.-1, ਗਲੀ ਨੰ.-1, ਬਚਨ ਨਗਰ, ਕੁੱਲੀਵਾਲ, ਜਮਾਲਪੁਰ, ਲੁਧਿਆਣਾ ਇਹ ਬਿਆਨ ਕਰਦੇ ਹਾਂ ਕਿ ਮੇਰਾ ਪੁੱਤਰ ਰਮਨ ਮਛਾਲ, ਉਸਦੀ ਪਤਨੀ ਰਮਨ ਮਛਾਲ ਅਤੇ ਇਨ੍ਹਾਂ ਦੇ ਦੋਵੇਂ ਬੱਚੇ ਵਵੇਕ ਮਛਾਲ ਅਤੇ ਅਨਮੋਲ ਮਛਾਲ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸਾਹਿਲ ਪੁੱਤਰ ਪ੍ਰੇਮ ਨਾਥ ਵਾਸੀ ਮਕਾਨ ਨੰ. 121/7, ਭਾਰਗੋ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਗੀਤਿਕਾ ਭਗਤ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਕਸ਼ਮੀਰ ਸਿੰਘ ਪੁੱਤਰ ਬੰਤਾ ਸਿੰਘ, ਵਾਸੀ ਪਿੰਡ ਸੁਰ ਸਿੰਘ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਵਿੰਦਰਜੀਤ ਸਿੰਘ ਢਿੱਲੋਂ ਅਤੇ ਉਸ ਦੀ ਪਤਨੀ ਮਨਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਪਰਿਵਾਰ ਦੀ ਹਰ ਸਮੇਂ ਬੇਇੱਜ਼ਤੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਨਿਰਮਲਾ ਪਤਨੀ ਜਸਪਾਲ ਵਾਸੀ 22, ਗਲੀ ਨੰ: 2, ਸੁਲਤਾਨਵਿੰਡ ਰੋਡ, ਗੋਬਿੰਦ ਨਗਰ, ਅੰਮ੍ਰਿਤਸਰ, ਪੰਜਾਬ-143001 ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਾਜਾ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਸਤਿਆ ਰਾਮ ਯਾਦਵ ਪੁੱਤਰ ਹਰੀ ਨਾਥ ਯਾਦਵ ਅਤੇ ਲੀਲਾਵਤੀ ਦੇਵੀ ਪਤਨੀ ਸਤਿਆ ਰਾਮ ਯਾਦਵ, ਵਾਸੀਆਨ ਮਕਾਨ ਨੰ: ਬੀ-ਐੱਕਸ-1680/14, ਹੁਸ਼ਿਆਰਪੁਰ ਰੋਡ, ਚੌਧਰੀ ਪੋਲਟਰੀ ਫਾਰਮ, ਨੇੜੇ ਚੁਗਿੱਟੀ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਗੋਵਿੰਦ ਯਾਦਵ ਅਤੇ ਨੂੰਹ ਨਿਤੂ ਯਾਦਵ ਪਤਨੀ ਗੋਵਿੰਦ ਯਾਦਵ, ਵਾਸੀ ਧਿਰ ਕਾਲੋਨੀ, ਪਿੰਡ ਬੁਲੰਦਪੁਰ, ਜਲੰਧਰ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਆਪਣੀ ਮਨਮਰਜ਼ੀ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਅਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਡਾਇਸਨ ਨੇ ਲਾਂਚ ਕੀਤੇ ਦੋ ਨਵੇਂ ਪਿਊਰੀਫਾਇਰ

**ਅੰਮ੍ਰਿਤਸਰ**-ਪ੍ਰੀਮੀਅਮ ਹੋਮ ਟੈਕਨੋਲੋਜੀ ਬ੍ਰਾਂਡ ਡਾਇਸਨ ਨੇ ਆਪਣੀ ਹਾਟ+ਕੂਲ ਪਿਊਰੀਫਾਇਰ ਰੇਂਜ ਵਿੱਚ ਦੋ ਨਵੇਂ ਮਾਡਲ ਡਾਇਸਨ ਪਿਊਰੀਫਾਇਰ ਹਾਟ+ਕੂਲ ਐੱਚ ਪੀ 2 ਡੀ-ਨਾਕਸ ਅਤੇ ਡਾਇਸਨ ਪਿਊਰੀਫਾਇਰ ਹਾਟ+ਕੂਲ ਐੱਚ ਪੀ 1 ਲਾਂਚ ਕੀਤੇ ਹਨ। ਇਹ ਸਮਾਰਟ ਪਿਊਰੀਫਾਇਰ ਨਾ ਸਿਰਫ ਹਵਾ ਨੂੰ 99.95 ਪ੍ਰਤੀਸ਼ਤ ਤੱਕ ਸਾਫ ਕਰਦੇ ਹਨ, ਸਗੋਂ ਸਰਦੀਆਂ ਵਿੱਚ ਹੀਟਰ ਅਤੇ ਗਰਮੀਆਂ ਵਿੱਚ ਕੂਲਰ ਵਾਂਗ ਵੀ ਕੰਮ ਕਰਦੇ ਹਨ। ਡਾਇਸਨ ਦੇ ਮੁਤਾਬਕ, ਨਵੀਂ ਰੇਂਜ ਵਿੱਚ ਕੰਪਨੀ ਦਾ ਹੁਣ ਤੱਕ ਦਾ ਸਭ ਤੋਂ ਅਡਵਾਂਸਡ ਗੈਸ ਕੈਪਚਰ ਸਿਸਟਮ ਦਿੱਤਾ ਗਿਆ ਹੈ, ਜੋ ਘਰਾਂ ਵਿੱਚ ਮੌਜੂਦ ਨਾਈਟ੍ਰੋਜਨ ਡਾਇਆਕਸਾਈਡ, ਫਾਰਮਲਡਿਹਾਈਡ, ਅਤੇ ਹੋਰ ਹਾਨਿਕਾਰਕ ਗੈਸਾਂ ਨੂੰ ਵੀ ਪ੍ਰਭਾਵਸ਼ਾਲੀ ਢੰਗ ਨਾਲ ਦੂਰ ਕਰਦਾ ਹੈ। ਐੱਚ ਪੀ 2 ਡੀ-ਨਾਕਸ ਮਾਡਲ ਵ੍ਹਾਈਟ/ਗੋਲਡ ਅਤੇ ਨਿਕਲ/ਗੋਲਡ ਰੰਗਾਂ ਵਿੱਚ ?68,900 ਵਿੱਚ ਉਪਲਬਧ ਹੈ, ਜਦਕਿ ਐੱਚ ਪੀ 1 ਮਾਡਲ ਵ੍ਹਾਈਟ/ਸਿਲਵਰ ਅਤੇ ਨਿਕਲ/ਸਿਲਵਰ ਰੰਗਾਂ ਵਿੱਚ ?56,900 ਵਿੱਚ ਖਰੀਦਿਆ ਜਾ ਸਕਦਾ ਹੈ। ਦੋਵੇਂ ਪ੍ਰੋਡਕਟ ਡਾਇਸਨ ਡਾਟ ਇਨ ਅਤੇ ਦੇਸ਼-ਭਰ ਦੇ ਡਾਇਸਨ ਸਟੋਰਾਂ 'ਤੇ ਉਪਲਬਧ ਹਨ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਮਨੀ ਮਹਾਜਨ ਨਾਇਬ ਤਹਿਸੀਲਦਾਰ-ਕਮ-ਸਰਕਲ ਰੈਵੀਨਿਊ ਅਫਸਰ, ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ।

ਵਿਸ਼ਾ :- ਮਾਲ ਰਿਕਾਰਡ ਜਮ੍ਹਾਂਬੰਦੀ ਸਾਲ 2019-2020 ਵਾਕਿਆ ਪਿੰਡ ਬਾਣੀਆਂ ਦੇ ਖਾਤਾ ਨੰ: 18, 19, 20 ਦੇ ਖਾਨਾ ਮਾਲਕੀ, ਖਾਤਾ ਖਤੌਨੀ ਨੰ: 106/250 ਖਾਨਾ ਕਾਸ਼ਤ ਵਿੱਚ ਮਹਿੰਦਰ ਸਿੰਘ ਪੁੱਤਰ ਦਾਰਾ ਸਿੰਘ ਪੁੱਤਰ ਜੈਲ ਸਿੰਘ (ਗਲਤ ਨਾਂਅ) ਦੀ ਥਾਂ 'ਤੇ ਮਨਿੰਦਰ ਸਿੰਘ ਪੁੱਤਰ ਦਾਰਾ ਸਿੰਘ ਪੁੱਤਰ ਜੈਲ ਸਿੰਘ ਅਤੇ ਖਾਤਾ ਖਤੌਨੀ ਨੰ: 106/251 (ਖਾਨਾ ਕਾਸ਼ਤ) ਵਿੱਚ ਮਹਿੰਦਰ ਸਿੰਘ ਪੁੱਤਰ ਤਾਰਾ ਸਿੰਘ (ਗਲਤ ਨਾਂਅ) ਦੀ ਥਾਂ 'ਤੇ ਮਨਿੰਦਰ ਸਿੰਘ ਪੁੱਤਰ ਦਾਰਾ ਸਿੰਘ ਪੁੱਤਰ ਜੈਲ ਸਿੰਘ ਦੇ ਨਾਂਅ ਦਾ ਸਹੀ ਇੰਦਰਾਜ ਕਰਨ ਬਾਰੇ।

ਨੋਟਿਸ ਬਨਾਮ ਜਨਰਲ ਪਬਲਿਕ

ਨਿਮਨ ਹਸਤਾਖਰ ਦੀ ਅਦਾਲਤ ਵਿੱਚ ਹਰਮਨਜੀਤ ਸਿੰਘ ਪੁੱਤਰ ਮਨਿੰਦਰ ਸਿੰਘ ਪੁੱਤਰ ਦਾਰਾ ਸਿੰਘ ਪਿੰਡ ਬਾਣੀਆਂ ਤਹਿਸੀਲ ਬਾਬਾ ਬਕਾਲਾ ਸਾਹਿਬ,ਜ਼ਿਲ੍ਹਾ ਅੰਮ੍ਰਿਤਸਰ ਨੇ ਦਰਖਾਸਤ ਪੇਸ਼ ਕਰਕੇ ਕਿਹਾ ਹੈ ਕਿ ਮਾਲ ਰਿਕਾਰਡ ਜਮ੍ਹਾਂਬੰਦੀ ਸਾਲ 2019-20 ਵਾਕਿਆ ਪਿੰਡ ਬਾਣੀਆਂ, ਤਹਿਸੀਲ ਬਾਬਾ ਬਕਾਲਾ ਸਾਹਿਬ ਦੇ ਖਾਤਾ ਖਤੌਨੀ ਨੰ: 18, 19, 20 ਦੇ ਖਾਨਾ ਮਾਲਕੀ, ਖਾਤਾ ਖਤੌਨੀ ਨੰ: 106/250 ਖਾਨਾ ਕਾਸ਼ਤ ਵਿੱਚ ਮਹਿੰਦਰ ਸਿੰਘ ਪੁੱਤਰ ਦਾਰਾ ਸਿੰਘ ਪੁੱਤਰ ਜੈਲ ਸਿੰਘ ਗਲਤ ਨਾਮ ਦੀ ਥਾਂ 'ਤੇ ਮਨਿੰਦਰ ਸਿੰਘ ਪੁੱਤਰ ਦਾਰਾ ਸਿੰਘ ਪੁੱਤਰ ਜੈਲ ਸਿੰਘ ਅਤੇ ਖਾਤਾ ਖਤੌਨੀ ਨੰ: 106/251 ਖਾਨਾ ਕਾਸ਼ਤ ਵਿੱਚ ਮਹਿੰਦਰ ਸਿੰਘ ਪੁੱਤਰ ਤਾਰਾ ਸਿੰਘ (ਗਲਤ ਨਾਂਅ) ਦੀ ਥਾਂ 'ਤੇ ਮਨਿੰਦਰ ਸਿੰਘ ਪੁੱਤਰ ਦਾਰਾ ਸਿੰਘ ਪੁੱਤਰ ਜੈਲ ਸਿੰਘ (ਸਹੀ ਨਾਂਅ) ਦਾ ਇੰਦਰਾਜ ਕਰਨ ਬਾਰੇ ਬੇਨਤੀ ਕੀਤੀ ਹੈ।ਇਸ ਲਈ ਇਸ ਇਸ਼ਤਿਹਾਰ ਅਖ਼ਬਾਰ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਇਸ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਇਸ਼ਤਿਹਾਰ ਅਖ਼ਬਾਰ ਵਿੱਚ ਪ੍ਰਕਾਸ਼ਿਤ ਹੋਣ ਤੋਂ ਬਾਅਦ 11 ਦਿਨਾਂ ਦੇ ਅੰਦਰ-ਅੰਦਰ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਸਵੇਰੇ 10:00 ਵਜੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਆ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ।ਬਾਅਦ ਵਿੱਚ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਤੇ ਉਪਰੋਕਤ ਨਾਂਅ ਦਾ ਮਾਲ ਰਿਕਾਰਡ ਵਿੱਚ ਇੰਦਰਾਜ ਕਰ ਦਿੱਤਾ ਜਾਵੇਗਾ।

ਅੱਜ ਇਹ ਇਸ਼ਤਿਹਾਰ ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਨਾਲ ਜਾਰੀ ਕੀਤਾ ਗਿਆ ਹੈ।

ਸਹੀ/-ਨਾਇਬ ਤਹਿਸੀਲਦਾਰ-ਕਮ-ਸਰਕਲ ਰੈਵੀਨਿਊ ਅਫਸਰ, ਬਾਬਾ ਬਕਾਲਾ ਸਾਹਿਬ

ਨੰਬਰ/ਰੀਡਰ/ਐੱਨ.ਟੀ:/62 ਮਿਤੀ: 12/11/25

## PUBLIC NOTICE

IT IS HEREBY INFORMED THAT Sh. Prashant Kahlon S/o Prof. U.S Kahlon aged about 53 years resident of 73, Phase 9, Mohali 160062, Punjab is the owner of Property Bearing, House No. 2303, Top Floor, Jal Vayu Vihar, Pocket 4, Sector 67, S.A.S Nagar, Punjab and is in possession of the Original Registration Deed and Conveyance Deed for the said property. He had lost the last page (Page No.7) of the conveyance deed E- Certificate Number IN-PB00418930411638N dated 26 May 2015 and filed a DDR. bearing G.D No. 022 dated 25 October 2025, at Derabassi, Police Station. IF ANY OTHER CLAIMENT HAS ANY RIGHT OR INTEREST AT THE AFORESAID PROPERTY, HE/SHE SHOULD INFORM & GIVE INTIMATION TO THE UNDERSIGNED WITHIN 15 DAYS FROM THE DATE OF ISSUE OF THIS NOTICE.

Sd/-
VINI WADHAWAN (Advocate)
CHAMBER No. 409, BLOCK - 1, DELHI HIGH COURT, DELHI-110003

## PUBLIC NOTICE

I, Tarvej Khan S/o Sh. Balraj Mohammad R/o Village and post Office Dhandwar, Tehsil Phillaur, Distt. Jalandhar-144502 declare that I am being known by two names i.e. Tarvej Khan and Ricky Dhandwar. Above said names i.e. Tarvej Khan and Ricky Dhandwar belongs to the one and same person.

## ਬੇਦਖਲੀ ਨੋਟਿਸ

ਮੈਂ, ਧਨਵੰਤ ਸਿੰਘ ਖੇੜਾ ਪੁੱਤਰ ਬਲਬੀਰ ਸਿੰਘ, ਵਾਸੀ ਪਿੰਡ ਤੇ ਡਾਕ. ਰਈਆਂ, ਤਹਿਸੀਲ ਬਾਬਾ ਬਕਾਲਾ ਸਾਹਿਬ (ਅੰਮ੍ਰਿਤਸਰ) ਬਿਆਨ ਕਰਦਾ ਹਾਂ ਕਿ ਮੇਰੀ ਪੁੱਤਰੀ ਚਿਤਵਨਪ੍ਰੀਤ ਕੌਰ ਜੋ ਮੇਰੇ ਕਹਿਣੇ ਤੋਂ ਬਾਹਰ ਹੈ, ਜਿਸ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਇਸ ਨਾਲ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਕਿਰਨਾ ਰਾਣੀ ਪਤਨੀ ਸਵ: ਗੁਲਸ਼ਨ ਕੁਮਾਰ, ਵਾਸੀ ਮਾਲੇਰਕੋਟਲਾ ਰੋਡ ਧੂਰੀ (ਸੰਗਰੂਰ) ਆਪਣੇ ਲੜਕੇ ਚੰਦਰ ਮੋਹਨ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ, ਸੰਬੰਧ ਰੱਖਣ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

ਮੈਂ, ਰਜਿੰਦਰ ਕੁਮਾਰ ਪੁੱਤਰ ਕਪੂਰੀ ਰਾਮ, ਵਾਸੀ ਅੰਬੇਡਕਰ ਚੌਕ ਧੂਰੀ (ਸੰਗਰੂਰ) ਆਪਣੇ ਲੜਕੇ ਅਮਨ ਕੁਮਾਰ ਉਰਫ ਅਮਨੀ, ਨੂੰਹ ਜੋਤੀ ਰਾਣੀ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ, ਸੰਬੰਧ ਰੱਖਣ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

ਮੈਂ ਸੁਮਨ ਪਤਨੀ ਸ਼੍ਰੀ ਨਰੇਸ਼ ਕੁਮਾਰ ਵਾਸੀ 1993, ਚੋਬਰਾ ਵਾਲੀ ਗਲੀ,ਬੰਗੇ ਵਾਲੀ ਪੱਤੀ ਵੇਰਕਾ, ਅੰਮ੍ਰਿਤਸਰ, ਬਿਆਨ ਕਰਦੀ ਹੈ ਕਿ ਮੇਰਾ ਲੜਕਾ ਜਤਿੰਦਰ ਕੁਮਾਰ ਮੇਰੇ ਕਹਿਣੇ,ਸੁਨਣੇ ਤੋਂ ਬਾਹਰ ਹੈ,ਮਾੜੀ ਸੰਗਤ ਵਿਚ ਪੈ ਗਿਆ ਹੈ ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ ਅਤੇ ਮੇਰੇ ਤੋਂ ਵੱਖ ਹੀ ਰਹਿੰਦਾ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਚੱਲ,ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਮੈਂ, ਰਜਿੰਦਰ ਕੌਰ ਪਤਨੀ ਸ੍ਰੀ ਹਰਦੇਵ ਸਿੰਘ, ਵਾਸੀ ਮਾਛੀਕੇ ਰੋਡ, ਪਿੰਡ ਹਿੰਮਤਪੁਰਾ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਵਰਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰੁਪਿੰਦਰ ਕੌਰ ਪਤਨੀ ਕੁਲਦੀਪ ਸਿੰਘ ਮਕਾਨ ਨੰ: 43, ਡੇਰਾ ਬਾਬਾ ਦਰਸ਼ਨ ਸਿੰਘ, ਬੈਕਸਾਈਡ ਡੇਰਾ ਬਾਬਾ ਦਰਸ਼ਨ ਸਿੰਘ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਆਪਣੇ ਲੜਕੇ ਕਰਨਵੀਰ ਸਿੰਘ ਨੂੰ ਸਾਡੇ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਚੰਦਰ ਮੋਹਨ ਸ਼ਰਮਾ ਪੁੱਤਰ ਸ੍ਰੀ ਬਲਦੇਵ ਦੱਤ ਸ਼ਰਮਾ, ਵਾਸੀ ਮਕਾਨ ਨੰ: 7/3, ਉਜਾਲਾ ਨਗਰ, ਬਸਤੀ ਸ਼ੇਖ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਰਮੇਸ਼ ਕੁਮਾਰ ਸ਼ਰਮਾ ਅਤੇ ਉਸ ਦੀ ਪਤਨੀ ਨਿਸ਼ਾ ਉਰਫ ਸੀਆ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ, ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਸੁਲੱਖਨ ਮਸੀਹ ਪੁੱਤਰ ਸ਼੍ਰੀ ਸਵਰਨ ਮਸੀਹ ਵਾਸੀ ਨਿਊ ਕ੍ਰਿਸਚੀਅਨ ਕਲੋਨੀ ਨਜਦੀਕ ਕਾਦੀਆ ਚੁੰਗੀ ਜਲੰਧਰ ਰੋਡ ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ । ਮੇਰਾ ਲੜਕਾ ਰੋਹਿਤ ਇਸ ਦੀ ਪਤਨੀ ਰਚਨਾ ਜੋ ਕੀ ਮੇਰੇ ਕਹਿਣੇ ਤੋ ਬਾਹਰ ਹਨ । ਮੈਂ ਇਹਨਾ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਲੈਣ ਦੇਣ ਕਰਨ ਵਾਲੇ ਖੁਦ ਜਿੰਮੇਵਾਰ ਹੋਣਗੇ ।

ਅਸੀਂ, ਕੇਵਲ ਕ੍ਰਿਸ਼ਨ ਪੁੱਤਰ ਸੂਰਜ ਪ੍ਰਕਾਸ਼ ਵਾ ਮਧੂਬਾਲਾ ਪਤਨੀ ਕੇਵਲ ਕ੍ਰਿਸ਼ਨ, ਵਾਸੀਆਨ ਵਾਰਡ ਨੰ: 20, ਔਲਖ ਮੁਹੱਲਾ ਮਾਨਸਾ, ਆਪਣੇ ਲੜਕੇ ਉਸਾਰ ਕੁਮਾਰ ਉਰਫ ਬਬਲੂ ਵਾ ਨੂੰਹ ਨੀਤੂ ਸ਼ਰਮਾ, ਪੋਤੇ ਰਿਤਿਸ਼, ਪੋਤੀ ਅਰੁਹੀ ਸ਼ਰਮਾ, ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਸਾਡੇ ਲੜਕੇ, ਨੂੰਹ, ਪੋਤੇ ਅਤੇ ਪੋਤੀ ਨਾਲ ਲੈਣ-ਦੇਣ ਕਰਨ/ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਵਿਚ ਸਾਡੀ ਜਾਂ ਸਾਡੇ ਪਰਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਿਵੇਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਟਿਡ) ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 09-10-2023 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ (1) ਸ੍ਰੀ ਮੇਜਰ ਸਿੰਘ ਪੁੱਤਰ ਲਾਲ ਸਿੰਘ ਵਾਸੀ [illegible]

ਮਿਤੀ : 11-11-2025 , ਸਥਾਨ : ਰਾਏਕੋਟ (ਅਧਿਕਾਰਤ ਅਫਸਰ)

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

[illegible]

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦਾ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਚ ਐੱਲ/07361[illegible] ਰਾਸ਼ੀ ਰੁਪਏ 24,01,120.20 ਮਿਤੀ 01-11-2024 [illegible] ਜਾਵੇਗੀ।

### ਅਚੱਲ ਜਾਇਦਾਦ ਦਾ ਵੇਰਵਾ

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਜਾਇਦਾਦ 7 ਮਰਲੇ ਦਾ ਅਟੁੱਟ [illegible] ਜ਼ਿਲ੍ਹਾ ਜਲੰਧਰ ਮਾਲਕ ਜਸਵਿੰਦਰ ਕੌਰ ਪਤਨੀ ਸੁਖਚੈਨ ਸਿੰਘ [illegible] ਮਿਤੀ 17-02-2022 (ਮੌਜੂਦਾ ਪਤਾ : ਪਿੰਡ ਬੰਮੂਵਾਲ, ਡਾਕਖਾਨਾ ਸੰਧਵਾਂ [illegible])

ਮਿਤੀ : 13.11.2025, ਸਥਾਨ : ਸ਼ਾਹਕੋਟ (ਅਧਿਕਾਰਤ ਅਫਸਰ)

## COURT NOTICE

(U/o 5 Rule 20 CPC)
In The Court of Simranjit Kaur
Civil Judge (Junior Division), Amritsar
CNR No. PBAS02-001793-2024
Next Date:- 28-11-2025

State Bank of India.
Vs.
Surinder Pal Kaur
CS Recovery

Publication Issued To:
Surinder Pal Kaur
Spouse :- Ravinder Singh
Resident of VPO Chatiwind Lehal, PO. Akalgarh Dhupian Amritsar.

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 28-11-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division), Amritsar
Dated, this day of 11-11-2025a

## ਜਨਤਕ ਸੂਚਨਾ

ਸਾਰਜਨਕ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਅਸਲੀ ਰਜਿਸਟਰੀ ਨੰਬਰ 877 ਮਿਤੀ 04.06.1998 ਜੋ ਕਿ M/S Aggarwal Trading Co. Rice Mills ਵੱਲੋਂ ਆਪਣੇ ਭਾਗੀਦਾਰਾਂ ਰਾਹੀਂ ਮੁਨੀਸ਼ ਕੁਮਾਰ ਪੁੱਤਰ ਪਰਸ਼ੋਤਮ ਦਾਸ ਦੇ ਹੱਕ ਵਿੱਚ ਕੀਤੀ ਗਈ ਸੀ, ਰਜਿਸਟਰੀ ਨੰਬਰ 184 ਮਿਤੀ 24.04.2002 ਜੋ ਕਿ M/S Aggarwal Trading Co. Rice Mills ਵੱਲੋਂ ਆਪਣੇ ਭਾਗੀਦਾਰਾਂ ਰਾਹੀਂ M/S Soham Agro Benra ਦੇ ਹੱਕ ਵਿੱਚ ਕੀਤੀ ਗਈ ਸੀ, ਅਤੇ ਰਜਿਸਟਰੀ ਨੰਬਰ 174 ਮਿਤੀ 22.04.2002 ਜੋ ਕਿ M/S Aggarwal Trading Co. Rice Mills ਵੱਲੋਂ ਆਪਣੇ ਭਾਗੀਦਾਰਾਂ ਰਾਹੀਂ M/S Soham Agro Benra ਦੇ ਹੱਕ ਵਿੱਚ ਕੀਤੀ ਗਈ ਸੀ, ਇਹ ਸਾਰੀਆਂ ਅਸਲੀ ਰਜਿਸਟਰੀਆਂ 24.10.2025 ਨੂੰ ਸਦਰ ਬਾਜ਼ਾਰ, ਧੂਰੀ ਵਿੱਚ ਗੁੰਮ ਹੋ ਗਈਆਂ ਹਨ। ਇਸ ਸੰਬੰਧੀ 1M/s Kat Builders LLP, ਧੂਰੀ (ਸੰਗਰੂਰ) ਹੈ, ਜੋ ਕਿ ਇਸ ਜਾਇਦਾਦ ਨੂੰ ਪੰਜਾਬ ਐਂਡ ਸਿੰਧ ਬੈਂਕ, ਧੂਰੀ ਨਾਲ Equitable Mortgage ਰੂਪ ਵਿੱਚ ਗਿਰਵੀ ਰੱਖ ਰਿਹਾ ਹੈ। ਜੇਕਰ ਕਿਸੇ ਵਿਅਕਤੀ ਨੂੰ ਇਸ ਸੰਬੰਧ ਵਿੱਚ ਕੋਈ ਇਤਰਾਜ਼ ਜਾਂ ਦਾਅਵਾ ਹੋਵੇ, ਤਾਂ ਉਹ ਆਪਣੇ ਸਬੂਤਾਂ ਸਮੇਤ ਪੰਜਾਬ ਐਂਡ ਸਿੰਧ ਬੈਂਕ, ਧੂਰੀ, ਜ਼ਿਲ੍ਹਾ ਸੰਗਰੂਰ ਦੇ ਮੈਨੇਜਰ ਨਾਲ ਲਿਖਤੀ ਰੂਪ ਵਿੱਚ 15 ਦਿਨਾਂ ਅੰਦਰ ਸੰਪਰਕ ਕਰੇ। ਜੇਕਰ ਇਸ ਨੋਟਿਸ ਦੇ ਪ੍ਰਕਾਸ਼ਨ ਤੋਂ 15 ਦਿਨਾਂ ਅੰਦਰ ਕੋਈ ਦਾਅਵਾ ਪ੍ਰਾਪਤ ਨਹੀਂ ਹੁੰਦਾ, ਤਾਂ ਇਹ ਮੰਨਿਆ ਜਾਵੇਗਾ ਕਿ ਇਸ ਸੰਬੰਧੀ ਕਿਸੇ ਵਿਅਕਤੀ ਦਾ ਕੋਈ ਵੀ ਹੱਕ ਜਾਂ ਦਾਅਵਾ ਨਹੀਂ ਹੈ ਅਤੇ ਬਾਅਦ ਵਿੱਚ ਕੀਤਾ ਜਾਣ ਵਾਲਾ ਕੋਈ ਵੀ ਦਾਅਵਾ ਸਾਡੇ ਮੋਅਕਲ ਉੱਤੇ ਬਾਇੰਦ ਨਹੀਂ ਹੋਵੇਗਾ। ਸਹੀ/- ਮੈਨੇਜਰ, ਪੰਜਾਬ ਐਂਡ ਸਿੰਧ ਬੈਂਕ, ਧੂਰੀ। ਸੰਪਰਕ ਨੰਬਰ: 70870-15422

## COURT NOTICE

(U/o 5 Rule 20 CPC)
In The Court of
Ms. Divya Nanda
Civil Judge Junior Division - 19, Patiala
CNR No. PBPT02-001003-2024
Next Date:- 18-12-2025

Rajesh Kumar Sharma
Vs.
Sanjeev Kumar now deceased through his Lrs.

Publication Issued To:
Lr. No. (iii) Ajay Kumar S/o Late Sanjeev Kumar S/o Satpal Sharma Residents of H.No. 438 Radha Soami Satsang Wali Gali Pandusar Mohalla Nabha, District Patiala

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 18-12-2025 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division - 19, Patiala
Dated, this day of 13-11-2025

## PUBLIC NOTICE

The general public is hereby informed that the original Sale Deed bearing No. 2181 dated 25.09.2007, executed by Sh. Karam Singh S/o Sh. Mall Singh in favour of Smt. Baljit Kaur W/o Sh. Maghar Singh, has been lost at Sadar Bazar, Dhuri on 06.11.2025. In this regard, DDR No. 646620/2025 dated 11.11.2025 has been lodged with Sanjh Kendra, Dhuri. Smt. Mona Singla W/o Sh. Ashwani Kumar, R/o Dhuri, being the present owner of the said property, is proposing to equitably mortgage the said property with Bank of Baroda, Dhuri Branch. If any person has any objection regarding the above, he/she may submit the same in writing, along with supporting documents, to the Branch Manager, Bank of Baroda, Dhuri, within 7 days from the date of publication of this notice. If no objection is received within the said period, it shall be presumed that no person has any claim whatsoever over the said property and any subsequent claim shall not be binding upon our client or the Bank. Sd/- Manager, Bank of Baroda, Dhuri.

## ਪਬਲਿਕ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਹ ਪ੍ਰਾਪਰਟੀ (ਰਿਹਾਇਸ਼ੀ) ਸ੍ਰੀਮਤੀ ਸਵਰਨ ਕੌਰ ਪਤਨੀ ਦਲਬੀਰ ਸਿੰਘ ਪੁੱਤਰ ਸੁਮਿਤ ਸਿੰਘ, ਵਾਸੀ ਲੋਹੀਆਂ ਖਾਸ ਤਹਿ: ਸ਼ਾਹਕੋਟ ਵੱਲੋਂ ਮੁਖਤਾਰ ਆਮ ਵਸੀਕਾ ਨੰ. 2023-24/178/4/69 ਮਿਤੀ 29/02/24 ਦਫਤਰ ਜਾਇੰਟ ਐਸ ਆਰ ਲੋਹੀਆਂ ਖਾਸ ਕੈਂਸਲ ਨਹੀਂ ਹੋਇਆ। ਜਾਇਦਾਦ ਬੈਅ ਕਰਨ ਦੇ ਅਧਿਕਾਰ ਆਪਣੀਆਂ ਪੁੱਤਰੀਆਂ ਸ੍ਰੀਮਤੀ ਸ਼ਰਨਜੀਤ ਕੌਰ ਪੁੱਤਰੀ ਦਲਬੀਰ ਸਿੰਘ ਪੁੱਤਰ ਸੁਮਿਤ ਸਿੰਘ ਅਤੇ ਪਰਮਜੀਤ ਕੌਰ ਪੁੱਤਰੀ ਦਲਬੀਰ ਸਿੰਘ ਪੁੱਤਰ ਸੁਮਿਤ ਸਿੰਘ ਵਾਸੀ ਲੋਹੀਆਂ ਖਾਸ ਦਿੱਤੇ ਹਨ। ਇਹ ਪ੍ਰਾਪਰਟੀ (ਰਿਹਾਇਸ਼ੀ) ਪ੍ਰੋਪਰਟੀ ਟੈਕਸ ਰਿਕਾਰਡ ਵਿੱਚ ਸ੍ਰੀਮਤੀ ਸ਼ਰਨਜੀਤ ਕੌਰ ਪੁੱਤਰੀ ਦਲਬੀਰ ਸਿੰਘ ਪੁੱਤਰ ਸੁਮਿਤ ਸਿੰਘ ਅਤੇ ਪਰਮਜੀਤ ਕੌਰ ਪੁੱਤਰੀ ਦਲਬੀਰ ਸਿੰਘ ਪੁੱਤਰ ਸੁਮਿਤ ਸਿੰਘ ਵਾਸੀ - ਲੋਹੀਆਂ ਖਾਸ 'ਤੇ ਦਰਜ ਹੈ। ਜਿਸ ਦਾ ਪੀ.ਟੀ. ਨੰਬਰ ਪੀ ਟੀ- 1007- 017339 ਹੈ। ਜਿਸ ਦਾ ਰਕਬਾ ਕਰੀਬ 0 ਕਨਾਲ 08 ਮਰਲੇ 00 ਸਰਸਾਈ (ਕਵਰਡ ਏਰੀਆ 1350 ਫੁੱਟ) ਹੈ। ਇਹ ਪ੍ਰੋਪਰਟੀ ਵਾਰਡ ਨੰ. 1 ਗੁਰੂ ਨਾਨਕ ਕਾਲੋਨੀ ਹੈ।ਜਿਸ ਦੀਆਂ ਹੱਦਾਂ ਚੜ੍ਹਦੇ ਕੇਹਰ ਸਿੰਘ, ਲਹਿੰਦੇ ਰਾਜ ਰਾਣੀ, ਪਹਾੜ ਰਸਤਾ, ਦੱਖਣ ਹੋਰ ਮਾਲਕ ਹੈ। ਜਿਸ ਵਿੱਚ ਦੋ ਕਮਰੇ, ਸਟੋਰ, ਲੋਬੀ, ਫਲੱਸ਼-ਬਾਥਰੂਮ, ਰਸੋਈ, ਡਰਾਇੰਗ ਰੂਮ, ਮਮਟੀ, ਪੌੜੀ, ਮੀਟਰ ਬਿਜਲੀ, ਮੋਟਰ ਬੋਰ ਸਬਮਰਸੀਬਲ, ਮਲਬਾ [illegible]

ਨੰ: 924 ਮਿਤੀ : 6.11.25 ਸਹੀ/- ਵਾਰਸ ਸਾਹਬ ਅਹਿਮਦ, ਨਗਰ ਪੰਚਾਇਤ, ਲੋਹੀਆਂ ਖਾਸ।

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

[illegible]

ਮਿਤੀ : 12.11.2025, ਸਥਾਨ : ਸ਼ਾਹਕੋਟ (ਅਧਿਕਾਰਤ ਅਫਸਰ)

## AXIS BANK

Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
Registered Office: 'Trishul', 3rd Floor, Opposite Samartheswar Temple, Law Garden, Ellisbridge, Ahmedabad-380006.

### ਅੰਤਿਕਾ-IV ( ਰੂਲ-8(1) ) ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

[illegible]

ਇਸ ਨੋਟਿਸ ਦੇ ਪ੍ਰਾਪਤ ਹੋਣ ਤੋਂ ਬਾਅਦ ਤਰੀਕ ਤੱਕ ਅਦਾਇਗੀ ਤੇ ਹੋਰ ਖਰਚਿਆਂ ਸਮੇਤ ਦੇਣੀ ਪਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

### ਅਚੱਲ ਜਾਇਦਾਦ ਦਾ ਵੇਰਵਾ

ਰਿਹਾਇਸ਼ੀ ਜਾਇਦਾਦ 500 ਵਰਗ ਗਜ਼ ਦਾ ਅਟੁੱਟ ਹਿੱਸਾ ਮਕਾਨ ਨੰਬਰ 169, ਫੇਜ਼ 3 ਬੀ 1 (ਸੈਕਟਰ 60), ਐੱਸ ਏ ਐੱਸ ਨਗਰ ਮੁਹਾਲੀ ਹੱਦਬੰਦੀ ਹੇਠਾਂ ਅਨੁਸਾਰ (ਦਸਤਾਵੇਜ਼ਾਂ ਅਨੁਸਾਰ) ਪੂਰਬ : ਐੱਨ ਏ, ਪੱਛਮ : ਐੱਨ ਏ, ਉੱਤਰ : ਐੱਨ ਏ, ਦੱਖਣ : ਐੱਨ ਏ

ਮਿਤੀ : 12. 11.2025 ਸਹੀ (ਅਧਿਕਾਰਤ ਅਫਸਰ)
ਸਥਾਨ : ਮੁਹਾਲੀ ਐਕਸਿਸ ਬੈਂਕ ਲਿਮ.

## ਆਦੀਨਾਥ ਟੈਕਸਟਾਈਲਜ਼ ਲਿਮਿਟੇਡ

Shreyans GROUP

ਰਜ਼ਿ ਦਫ਼ਤਰ ਪਿੰਡ ਭੋਲਾਪੁਰ, ਡਾਕਖਾਨਾ ਸਾਹਬਾਨਾ ਚੰਡੀਗੜ੍ਹ ਰੋਡ, ਲੁਧਿਆਣਾ-141123
Tel. No. 91-9876100948, Email: atl@shreyansgroup.com
Website: www.adinathtextiles.com CIN - L17115PB1979PLC003910

### 30 ਸਤੰਬਰ, 2025 ਨੂੰ ਖਤਮ ਹੋਏ ਤਿਮਾਹੀ ਅਤੇ ਅੱਧੇ ਸਾਲ ਦੇ ਅਣਪੜਤਾਲੇ ਵਿਤੀ ਨਤੀਜ਼ਿਆਂ ਦਾ ਵੇਰਵਾ

(ਰੁਪਏ ਲੱਖਾਂ ਵਿੱਚ ਈ.ਪੀ.ਐਸ ਨੂੰ ਛੱਡ ਕੇ)

| ਵੇਰਵਾ | ਤਿਮਾਹੀ ਖਤਮ 30.09.2025 (ਅਣਪੜਤਾਲੇ) | ਤਿਮਾਹੀ ਖਤਮ 30.09.2024 (ਅਣਪੜਤਾਲੇ) | ਅੱਧਾ ਸਾਲ ਖਤਮ 30.09.2025 (ਅਣਪੜਤਾਲੇ) |
|---|---|---|---|
| ਕੁੱਲ ਆਮਦਨ | 25.90 | 41.37 | 68.83 |
| ਸ਼ੁੱਧ ਲਾਭ / ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਪਹਿਲਾਂ) | (7.67) | 9.14 | 4.29 |
| ਸ਼ੁੱਧ ਲਾਭ / ਨੁਕਸਾਨ (ਟੈਕਸ ਤੋਂ ਪਹਿਲਾਂ ਅਤੇ ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | (7.67) | 9.14 | 4.29 |
| ਸ਼ੁੱਧ ਲਾਭ/ਨੁਕਸਾਨ (ਟੈਕਸ, ਅਸਧਾਰਨ ਅਤੇ ਹੋਰ ਵਾਧੂ ਆਇਟਮਾਂ ਤੋਂ ਬਾਦ) | (9.03) | 5.26 | 1.99 |
| ਕੁੱਲ ਕੰਪ੍ਰੀਹੈਂਸਿਵ ਆਮਦਨ | (9.03) | 5.26 | 1.99 |
| ਇਕੁਇਟੀ ਸ਼ੇਅਰ ਪੁੰਜੀ (ਪ੍ਰਤੀ ਸ਼ੇਅਰ ਦੀ ਔਸਤ ਕੀਮਤ ₹10/-) | 681.44 | 681.44 | 681.44 |
| ਹੋਰ ਇਕੁਇਟੀ | - | - | - |
| ਪ੍ਰਤੀ ਸ਼ੇਅਰ ਕਮਾਈ (ਈ.ਪੀ.ਐਸ) (₹10/- ਪ੍ਰਤੀ ਸ਼ੇਅਰ) ਮੁਢਲੀ ਤੇ ਡੀਲੂਟਡ | (0.13) | 0.08 | 0.03 |

ਨੋਟ : ਉਪਰੋਕਤ ਨਤੀਜੇ ਸੇਬੀ (ਐਲ.ਓ.ਡੀ.ਆਰ.) ਰੈਗੂਲੇਸ਼ਨਜ਼, 2015 ਦੀ ਰੇਗੂਲੇਸ਼ਨ 33 ਦੇ ਅਧੀਨ ਸਟਾਕ ਐਕਸਚੈਂਜ ਫਾਈਲ ਕੀਤੇ ਨਤੀਜ਼ਿਆਂ ਦਾ ਸੰਖੇਪ ਰੂਪ ਹੈ। ਉਪਰੋਕਤ ਨਤੀਜ਼ਿਆਂ ਦਾ ਫੁੱਲ ਫਾਰਮੈਟ ਸਟਾਕ ਐਕਸਚੈਂਜ਼ ਦੀ ਵੈਬਸਾਈਟ www.bseindia.com ਅਤੇ ਕੰਪਨੀ ਦੀ ਵੈਬਸਾਈਟ www.adinathtextiles.com ਤੇ ਉਪਲਬੱਧ ਹੈ ਤੇ ਹੇਠ ਦਿੱਤੇ ਗਏ QR Code ਨੂੰ ਸਕੈਨ ਕਰਕੇ ਵੀ ਐਕਸੈਸ ਕੀਤੇ ਜਾ ਸਕਦੇ ਹਨ।

ਫੋਰ ਐਂਡ ਔਨ ਬੀਹਾਫ ਔਫ ਦੀ ਬੋਰਡ
ਸਹੀ/-
ਵਿਸ਼ਾਲ ਔਸਵਾਲ
ਵਾਇਸ-ਚੇਅਰਮੈਨ ਅਤੇ ਮੈਨੇਜਿੰਗ ਡਾਈਰੇਕਟਰ
DIN-00002678

ਮਿਤੀ : 13.11.2025
ਸਥਾਂਨ : ਲੁਧਿਆਣਾ

## ANMOL INDIA LIMITED

CIN: L51909PB1998PLC050300
Regd. Office: 2nd Floor, 2/43, B- Block, Aggar Nagar, Ludhiana, Punjab-141001, Tel.: 0161-4503400
Website: www.anmolindialtd.com, Email: csprabhjot@anmolindialtd.com

### EXTRACT OF UNAUDITED STANDALONE FINANCIAL RESULTS FOR THE QUARTER AND HALF YEAR ENDED 30TH SEPTEMBER, 2025

(Amount in Crores except EPS)

| Particulars | Quarter Ended 30.09.2025 (Un-audited) | Quarter Ended 30.09.2024 (Un-audited) | Year Ended 31.03.2025 (Audited) |
|---|---|---|---|
| Total Income from operations | 230.86 | 188.37 | 1284.05 |
| Net Profit / (Loss) for the period (before Tax, Exceptional and/or Extra ordinary items) | 0.09 | 1.35 | 9.55 |
| Net Profit / (Loss) for the period before tax (after Exceptional and/ or Extra ordinary items) | 0.09 | 1.35 | 9.55 |
| Net Profit / (Loss) for the period after tax (after Exceptional and/ or Extra ordinary items) | 0.07 | 1.01 | 6.99 |
| Total Comprehensive Income for the period [Comprising Profit/(Loss) for the period (after tax) and Other Comprehensive Income (after tax)] | 0.07 | 1.01 | 7.18 |
| Equity Share Capital | 56.91 | 56.91 | 56.91 |
| Reserves (excluding Revaluation Reserve) as shown in the Audited Balance Sheet of the previous year | 50.56 | 43.36 | 50.56 |
| Earnings Per Share (of Rs.10/- each) (for continuing and discontinued operations)- | | | |
| Basic* | 0.01 | 0.18 | 1.23 |
| Diluted* | 0.01 | 0.18 | 1.23 |
| *EPS for the quarter is not annualized | | | |

**Notes :** The above is an extract of the detailed format of result for Quarter and Half Year ended 30th September, 2025 filed with the Stock Exchanges under Regulation 33 of the SEBI (Listing and Other Disclosure Requirements) Regulations, 2015.The full format of the said results are available on the websites of the Stock Exchanges websites at www.bseindia.com, www.nseindia.com and the listed entity at www.anmolindialtd.com. The Standalone Financial Results have been prepared in accordance with principles of Indian Accounting Standards (Ind AS) as specified by ICAI and Section 133 of the Companies Act, 2013.

**For & On behalf of Anmol India Limited**
Sd/-
Vijay Kumar
Managing Director & CFO
DIN : 00574900

Place : Ludhiana
Date : 14.11.2025

14 Nov Page 8.qxd 11/13/2025 10:49 PM Page 1



# 20,800 ਕਿਲੋ ਲਾਹਣ ਤੇ 450 ਲਿਟਰ ਕੱਚੀ ਸ਼ਰਾਬ ਬਰਾਮਦ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਆਬਕਾਰੀ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ 'ਤੇ ਬੀਤੇ ਦਿਨ ਸਹਾਇਕ ਕਮਿਸ਼ਨਰ (ਆਬਕਾਰੀ) ਹਨੂਵੰਤ ਸਿੰਘ ਅਤੇ ਆਬਕਾਰੀ ਅਧਿਕਾਰੀ ਹੁਸ਼ਿਆਰਪੁਰ-2 ਪ੍ਰੀਤ ਭੁਪਿੰਦਰ ਸਿੰਘ ਦੀ ਸਿੱਧੀ ਨਿਗਰਾਨੀ ਵਿਚ ਆਬਕਾਰੀ ਟੀਮ ਹੁਸ਼ਿਆਰਪੁਰ-2 (ਪੰਜਾਬ) ਨੇ ਹਿਮਾਚਲ ਪ੍ਰਦੇਸ਼ ਆਬਕਾਰੀ ਵਿਭਾਗ ਨਾਲ ਮਿਲ ਕੇ ਹਾਜ਼ੀਪੁਰ ਤੇ ਤਲਵਾੜਾ ਸਰਕਲ ਦੇ ਨਜ਼ਦੀਕ ਸਰਹੱਦੀ ਹਲਕੇ ਵਿਚ ਇਕ ਵਿਆਪਕ ਸਾਂਝੀ ਮੁਹਿੰਮ ਚਲਾ ਕੇ ਨਾਜਾਇਜ਼ ਸ਼ਰਾਬ ਨਿਰਮਾਤਾਵਾਂ ਅਤੇ ਤਸਕਰਾਂ ਖਿਲਾਫ਼ ਵੱਡੀ ਕਾਰਵਾਈ ਕੀਤੀ। ਮੁਹਿੰਮ ਦੀ ਅਗਵਾਈ ਆਬਕਾਰੀ ਇੰਸਪੈਕਟਰ ਪਰਵਿੰਦਰ ਕੁਮਾਰ, ਆਬਕਾਰੀ ਇੰਸਪੈਕਟਰ ਰਸ਼ਪਾਲ, ਐੱਸ ਟੀ ਈ ਓ ਨੂਰਪੁਰ (ਹਿਮਾਚਲ ਪ੍ਰਦੇਸ਼) ਦੇਵ ਰਾਜ ਅਤੇ ਏ ਐੱਸ ਟੀ ਈ ਓ ਡਮਟਾਲ (ਹਿਮਾਚਲ ਪ੍ਰਦੇਸ਼) ਅਰੁਣ ਕਪੂਰ ਨੇ ਕੀਤੀ। ਇਹ ਕਾਰਵਾਈ ਬਸੰਤਪੁਰ ਭੁੰਬਲਾ, ਗਗਵਾਲ, ਬਰੋਟਾ, ਘੰਟਾ, ਮੰਡ ਬਾਜਵਾ ਅਤੇ ਬਰੋਟ ਵਰਗੇ ਪੰਜਾਬ-ਹਿਮਾਚਲ ਸੀਮਾ ਨਾਲ ਲੱਗੇ ਪਿੰਡਾਂ ਵਿਚ ਕੀਤੀ ਗਈ, ਜਿਥੇ ਵੱਡੀ ਮਾਤਰਾ ਵਿਚ ਗੈਰ ਕਾਨੂੰਨੀ ਸ਼ਰਾਬ ਸਮੱਗਰੀ ਬਰਾਮਦ ਹੋਈ।



ਜਾਂਚ ਵਿਚ 20 ਤਰਪਾਲਾਂ (ਹਰੇਕ ਵਿਚ 1000 ਕਿਲੋ ਲਾਹਣ) ਅਤੇ 4 ਪਲਾਸਟਿਕ ਡਰੰਮ (ਹਰੇਕ ਵਿਚ 200 ਕਿਲੋ ਲਾਹਣ) ਸਮੇਤ ਕੁਲ 20,800 ਕਿਲੋ ਲਾਹਣ, 80 ਲੀਟਰ ਪਲਾਸਟਿਕ ਕੈਨਾਂ ਅਤੇ 370 ਲੀਟਰ ਪਲਾਸਟਿਕ ਬੈਗਾਂ ਵਿਚ ਕੁੱਲ 450 ਲੀਟਰ ਕੱਚੀ ਸ਼ਰਾਬ, ਨਾਲ ਹੀ 2 ਵੱਡੇ ਬਰਤਨ, 15 ਟੀਨ, 10 ਖਾਲੀ ਪਲਾਸਟਿਕ ਡਰੰਮ, 26 ਖਾਲੀ ਕੈਨ ਅਤੇ ਗੈਰਕਾਨੂੰਨੀ ਨਿਸ਼ਕਾਸ਼ਨ ਪ੍ਰਕਿਰਿਆ ਵਿਚ ਵਰਤੀ ਜਾਂਦੀ ਇਕ ਮੋਟਰ ਵੀ ਜ਼ਬਤ ਕੀਤੀ ਗਈ। ਹਿਮਾਚਲ ਪ੍ਰਦੇਸ਼ ਪੁਲਿਸ ਵੱਲੋਂ ਦੋਸ਼ੀਆਂ ਖਿਲਾਫ਼ ਐੱਫ ਆਈ ਆਰ ਦਰਜ ਕੀਤੀ ਜਾ ਰਹੀ ਹੈ ਅਤੇ ਜ਼ਰੂਰੀ ਕਾਨੂੰਨੀ ਕਾਰਵਾਈ ਜਾਰੀ ਹੈ।

# ਜੈਕਾਰਿਆਂ ਦੀ ਗੂੰਜ 'ਚ ਪਵਿੱਤਰ ਧਰਮ ਰੱਖਿਅਕ ਯਾਤਰਾ ਆਨੰਦਪੁਰ ਸਾਹਿਬ ਤੋਂ ਹੋਈ ਸ਼ੁਰੂ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਧਰਮ ਰੱਖਿਅਕ ਯਾਤਰਾ ਦਾ ਸ਼ੁਭ ਆਰੰਭ ਗੁਰਦੁਆਰਾ ਗੁਰੂ ਕੇ ਮਹਿਲ ਸ੍ਰੀ ਅਨੰਦਪੁਰ ਸਾਹਿਬ ਤੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਵਿੱਚ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਦੇ ਰੂਪ ਵਿੱਚ ਹੋਇਆ।ਇਸ ਪਵਿੱਤਰ ਯਾਤਰਾ ਦਾ ਆਯੋਜਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਗਿਆ ਹੈ ਜੋ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦੇ 350 ਸਾਲ ਪੂਰੇ ਹੋਣ ਦੇ ਮੌਕੇ 'ਤੇ ਮਨਾਈ ਜਾ ਰਹੀ ਸ਼ਤਾਬਦੀ ਦੀਆਂ ਵਿਸ਼ਾਲ ਤਿਆਰੀਆਂ ਦਾ ਹਿੱਸਾ ਹੈ।ਇਸ ਵਿਸ਼ਾਲ ਤੇ ਸ਼ਰਧਾਮਈ ਨਗਰ ਕੀਰਤਨ ਵਿੱਚ ਸਿੱਖ ਪੰਥ ਦੀਆਂ ਵੱਖ ਵੱਖ ਸੰਪਰਦਾਵਾਂ, ਜਥੇਬੰਦੀਆਂ ਤੇ ਕਾਰ ਸੇਵਾ ਵਾਲੇ ਮਹਾਂਪੁਰਸ਼ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਗੁਰੂ ਦੀ ਮਹਿਮਾ ਗਾਉਂਦਿਆਂ, ਸ੍ਰੀ ਵਾਹਿਗੁਰੂ ਜੀ ਦੇ ਜੈਕਾਰਿਆਂ ਨਾਲ ਆਕਾਸ਼ ਗੂੰਜ ਉਠਿਆ।ਇਸ ਮੌਕੇ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ, ਇਹ ਗੁਰੂ



ਸਾਹਿਬ ਜੀ ਦੀ ਅਪਾਰ ਕਿਰਪਾ ਹੈ ਕਿ ਅਸੀਂ ਉਸ ਧਾਰਮਿਕ ਸਥਾਨ ਤੋਂ ਯਾਤਰਾ ਦੀ ਸ਼ੁਰੂਆਤ ਕਰ ਰਹੇ ਹਾਂ ਜਿੱਥੇ ਕਸ਼ਮੀਰੀ ਪੰਡਤਾਂ ਨੇ ਆ ਕੇ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਕੋਲ ਧਰਮ ਦੀ ਰੱਖਿਆ ਲਈ ਬੇਨਤੀ ਕੀਤੀ ਸੀ। ਇਹ ਯਾਤਰਾ ਕੇਵਲ ਨਗਰ ਕੀਰਤਨ ਨਹੀਂ, ਸਗੋਂ ਸਿੱਖ ਪੰਥ ਦੀ ਬਹਾਦੁਰੀ, ਕੁਰਬਾਨੀ ਤੇ ਵਿਸ਼ਵ ਭਲਾਈ ਦੀ ਪ੍ਰਤੀਕ ਯਾਤਰਾ ਹੈ। ਉਨ੍ਹਾਂ ਦੱਸਿਆ ਕਿ ਇਹ ਨਗਰ ਕੀਰਤਨ ਪੰਜਾਬ ਦੇ ਵੱਖ ਵੱਖ ਇਲਾਕਿਆਂ ਤੋਂ ਹੁੰਦਾ ਹੋਇਆ ਹਰਿਆਣਾ ਵਿਖੇ ਗੁਰਦੁਆਰਾ ਮੰਜੀ ਸਾਹਿਬ ਅੰਬਾਲਾ ਵਿਖੇ ਰਾਤ ਰਹੇਗਾ ਅਤੇ 14 ਨਵੰਬਰ ਨੂੰ ਸਵੇਰੇ ਅੰਬਾਲਾ ਤੋਂ ਚਲ ਕੇ ਗੁਰਦੁਆਰਾ ਸੀਸ ਗੰਜ ਸਾਹਿਬ, ਦਿੱਲੀ ਵਿਖੇ ਪਹੁੰਚੇਗਾ, ਉਸ ਥਾਂ ਜਿੱਥੇ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਨੇ ਧਰਮ ਦੀ ਖਾਤਰ ਆਪਣੇ ਸੀਸ ਦੀ ਬਲੀਦਾਨ ਦਿੱਤਾ ਸੀ।ਸਰਦਾਰ ਕਾਲਕਾ ਨੇ ਕਿਹਾ ਕਿ 23, 24 ਅਤੇ 25 ਨਵੰਬਰ ਨੂੰ ਗੁਰਦੁਆਰਾ ਸੀਸਗੰਜ ਸਾਹਿਬ ਤੇ ਨਾਲ ਲੱਗਦੇ ਲਾਲ ਕਿਲੇ ਸਾਹਮਣੇ ਵਿਸ਼ਾਲ ਸਮਾਗਮ ਆਯੋਜਿਤ ਕੀਤੇ ਜਾ ਰਹੇ ਹਨ, ਜਿੱਥੇ ਦੇਸ਼-ਵਿਦੇਸ਼ ਤੋਂ ਆਈਆਂ ਸੰਗਤਾਂ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਦਾ ਵਿਸ਼ਵ ਪੱਧਰੀ ਸੰਦੇਸ਼ ਦਿੱਤਾ ਜਾਵੇਗਾ।ਇਸ ਮਹਾਨ ਨਗਰ ਕੀਰਤਨ ਵਿੱਚ ਵਿਸ਼ੇਸ਼ ਕਰਕੇ ਬਾਬਾ ਬਲਬੀਰ ਸਿੰਘ 96 ਕਰੋੜੀ ਬੁੱਢਾ ਦਲ, ਸੰਤ ਬਾਬਾ ਬਚਨ ਸਿੰਘ ਕਾਰ ਸੇਵਾ ਦਿੱਲੀ ਵਾਲੇ, ਬਾਬਾ ਜੰਗਾ ਸਿੰਘ ਕਰਨਾਲ ਵਾਲੇ, ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇਵਾਲੇ, ਸੰਤ ਬਾਬਾ ਸੇਵਾ ਸਿੰਘ ਰਾਮਪੁਰ ਖੇੜਾ ਵਾਲੇ, ਸੰਤ ਬਾਬਾ ਹਰਨਾਮ ਸਿੰਘ ਦਮਦਮੀ ਟਕਸਾਲ, ਬਾਬਾ ਨਾਗਰ ਸਿੰਘ ਜੀ ਤਰਨਾ ਦਲ ਹਰੀਆਂ ਵੇਲਾਂ, ਸੰਤ ਬਾਬਾ ਬਲਜੀਤ ਸਿੰਘ ਦਾਦੂਵਾਲ ਅਤੇ ਪੰਜਾਬ ਸਰਕਾਰ ਦੇ ਸਿੱਖਿਆ ਮੰਤਰੀ ਸ੍ਰੀ ਹਰਜੋਤ ਸਿੰਘ ਬੈਂਸ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਹਾਨ ਨਗਰ ਕੀਰਤਨ ਵਿੱਚ ਸ਼ਾਮਲ ਹੋਏ ਸਾਰੇ ਸਿੱਖ ਸੰਸਥਾਵਾਂ ਦੇ ਮਹਾਂਪੁਰਸ਼ਾਂ ਦਾ ਸਨਮਾਨ ਕੀਤਾ ਗਿਆ।

# ਕੇਂਦਰ ਸਰਕਾਰ ਸੈਨੇਟ ਚੋਣਾਂ ਦੀ ਮਿਤੀ ਦਾ ਐਲਾਨ ਜਲਦ ਕਰੇ : ਕਰੀਮਪੁਰੀ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ)**- ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਨੇ ਵਿਸ਼ੇਸ਼ ਬਿਆਨ ਜਾਰੀ ਕਰਦਿਆਂ ਪੰਜਾਬ ਯੂਨੀਵਰਸਿਟੀ ਵਿਦਿਆਰਥੀਆਂ ਦੇ ਅੰਦੋਲਨ ਦੀ ਪੂਰਨ ਹਮਾਇਤ ਕਰਦਿਆਂ ਕਿਹਾ ਕਿ



ਕੇਂਦਰ ਸਰਕਾਰ ਬਿਨਾਂ ਕਿਸੇ ਦੇਰੀ ਦੇ ਸੈਨੇਟ ਚੋਣਾਂ ਦੀ ਤਰੀਕ ਦਾ ਐਲਾਨ ਕਰੇ ਅਤੇ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਅੰਦਰ ਵਿਦਿਆਰਥੀਆਂ ਅਤੇ ਲੋਕਾਂ ਅੰਦਰ ਫੈਲੀ ਬੇਚੈਨੀ ਨੂੰ ਦੂਰ ਕਰਕੇ ਸ਼ਾਂਤੀ ਬਹਾਲ ਕਰਨ ਦਾ ਯਤਨ ਕਰੇ। ਉਹਨਾਂ ਕਿਹਾ ਬਹੁਜਨ ਸਮਾਜ ਪਾਰਟੀ ਵੱਲੋਂ ਵਿਦਿਆਰਥੀ ਸੰਘਰਸ਼ ਦਾ ਪੂਰਨ ਤੌਰ ਤੇ ਸਮਰਥਨ ਦਾ ਐਲਾਨ ਕੀਤਾ ਜਾਂਦਾ ਹੈ ਅਤੇ ਕੇਂਦਰ ਦੀ ਭਾਜਪਾ ਸਰਕਾਰ ਬਿਨਾਂ ਕਿਸੇ ਦੇਰੀ ਤੋਂ ਸੈਨਟ ਦੀਆਂ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰਕੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਅੰਦੋਲਨ ਨੂੰ ਸ਼ਾਂਤ ਕਰੇ ਅਤੇ ਸ਼ਾਂਤਮਈ ਸੰਘਰਸ਼ਸ਼ੀਲ ਵਿਦਿਆਰਥੀਆਂ ਦੀ ਮੰਗ ਨੂੰ ਪ੍ਰਵਾਨ ਕਰੇ।ਡਾ. ਕਰੀਮਪੁਰੀ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਸੈਨੇਟ ਚੋਣਾਂ ਬਹਾਲ ਕਰਾਉਣ ਅਤੇ ਕੇਂਦਰੀਕਰਨ,ਭਗਵਾਂਕਰਨ ਦਾ ਵਿਰੋਧ ਕਰ ਰਹੇ ਵਿਦਿਆਰਥੀਆਂ ਤੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਲਾਠੀਚਾਰਜ ਕਰਨ, ਜ਼ਖਮੀ ਕਰਨ ਦੀ ਸਖਤ ਸ਼ਬਦਾਂ ਵਿਚ ਨਿੰਦਿਆ ਕਰਦਿਆਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਪੰਜਾਬ ਦੀ ਸ਼ਾਨ ਹੈ, ਇਸ ਨੂੰ ਕਿਸੇ ਵੀ ਕੀਮਤ ਤੇ ਕੇਂਦਰ ਦੇ ਕਬਜੇ ਅੰਦਰ ਨਹੀਂ ਜਾਣ ਦਿੱਤਾ ਜਾਵੇਗਾ।

# ਗੁਰੂ ਤੇਗ ਬਹਾਦਰ ਜੀ ਮਨੁੱਖੀ ਅਧਿਕਾਰਾਂ ਦੇ ਰਖਵਾਲੇ ਵਿਸ਼ੇ 'ਤੇ ਸੈਮੀਨਾਰ 17 ਨੂੰ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅੰਤਰਰਾਸ਼ਟਰੀ ਸੈਮੀਨਾਰ ਕਰਵਾਇਆ ਜਾ ਰਿਹਾ ਹੈ ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਮਨੁੱਖੀ



ਅਧਿਕਾਰਾਂ ਦੇ ਰਖਵਾਲੇ ਵਿਸ਼ੇ ਤੇ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦੀਆ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਦੱਸਿਆ ਕਿ ਪੰਥਕ ਤਾਲਮੇਲ ਸੰਗਠਨ ਦੇ ਸਹਿਯੋਗ ਨਾਲ ਅਤੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੀ ਅਗਵਾਈ ਹੇਠ ਇਸ ਅੰਤਰਰਾਸ਼ਟਰੀ ਸੈਮੀਨਾਰ ਦਾ ਆਯੋਜਨ 17 ਨਵੰਬਰ ਨੂੰ ਵਿਰਾਸਤ-ਏ-ਖਾਲਸਾ ਆਡੀਟੋਰੀਅਮ ਵਿੱਚ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਹੋਵੇਗਾ। ਸਮਾਗਮ ਦੌਰਾਨ ਵਿਦਵਾਨ ਗੁਰੂ ਤੇਗ ਬਹਾਦਰ ਜੀ ਦੇ ਵਿਸ਼ਾਲ ਆਤਮਕ ਦਰਸ਼ਨ, ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਸਾਰਵਭੌਮ ਭਰਾਤਰੀ ਭਾਵਨਾ ਉੱਤੇ ਵਿਚਾਰ ਪ੍ਰਗਟ ਕਰਨਗੇ। ਇਹਨਾਂ ਵਿੱਚ ਸਾਬਕਾ ਜੀਫ ਜੱਜ ਪਟਨਾ ਹਾਈਕੋਰਟ ਜਸਟਿਸ ਅਨਸਾਰੀ, ਸਿੰਘ ਸਾਹਿਬ ਗਿਆਨੀ ਕੇਵਲ ਸਿੰਘ, ਜਸਟਿਸ ਰਣਜੀਤ ਸਿੰਘ (ਮੁੱਖੀ, ਪੰਜਾਬ ਮਨੁੱਖੀ ਅਧਿਕਾਰ ਸੰਗਠਨ), ਡਾ. ਹਰਜਿੰਦਰ ਸਿੰਘ ਦਿਲਗੀਰ (ਇਤਿਹਾਸਕਾਰ), ਸੀਨੀਅਰ ਵਕੀਲ ਸਰੂਦੀਨ (ਸਰਵੋਚ ਅਦਾਲਤ, ਦਿੱਲੀ), ਡਾ. ਪਿਆਰਾ ਲਾਲ ਗਰਗ (ਉਪ ਚੇਅਰਮੈਨ, ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ) ਐਡਵੋਕੇਟ ਡਾ. ਪਵਨ ਕੁਮਾਰ ਆਰੀਅਨ, ਐਡਵੋਕੇਟ ਚੌਧਰੀ ਪੂਨਮ ਆਰੀਆ ਸ਼ਾਮਲ ਹਨ।

# ਛੇ ਮਹੀਨੇ ਪਹਿਲਾਂ ਕਰਨ ਵਾਲੇ ਕੰਮ ਸਰਕਾਰ 6 ਦਿਨ ਪਹਿਲਾਂ ਕਰ ਰਹੀ : ਗਿਆਨੀ ਕੇਵਲ ਸਿੰਘ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਸਰਕਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਈ ਜਾ ਰਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਦੀਆਂ ਤਿਆਰੀਆਂ ਨੂੰ ਲੈ ਕੇ ਵੱਡੇ-ਵੱਡੇ ਦਾਅਵੇ ਕਰ ਰਹੀ ਹੈ, ਪਰ ਜ਼ਮੀਨੀ ਹਕੀਕਤ ਬਿਲਕੁਲ ਉਲਟੀ ਹੈ। ਇੱਥੇ ਦੇ ਪ੍ਰਬੰਧਾਂ ਅਤੇ ਤਿਆਰੀਆਂ ਦੀ ਸਥਿਤੀ ਵੇਖਕੇ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ



ਛੇ ਮਹੀਨੇ ਪਹਿਲਾਂ ਕਰਨ ਵਾਲੇ ਕੰਮ ਹੁਣ 6 ਦਿਨ ਪਹਿਲਾਂ ਕੀਤੇ ਜਾ ਰਹੇ ਹਨ। ਇਹ ਗੱਲ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਕਹੀ। ਉਹਨਾਂ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਕੇ ਹਾਲਾਤਾਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਗੁਰੂ ਨਗਰੀ ਨੂੰ ਜਾਣ ਵਾਲੀਆਂ ਸੜਕਾਂ ਦੀ ਹਾਲਤ ਬਹੁਤ ਹੀ ਖਸਤਾ ਹੈ। ਮੁੱਖ ਸੜਕਾਂ ਤੋਂ ਲੈ ਕੇ ਅੰਦਰੂਨੀ ਗਲੀਆਂ ਤਕ ਹਰ ਥਾਂ ਵੱਡੇ-ਵੱਡੇ ਖੱਡੇ ਅਤੇ ਟੁੱਟੇ ਹੋਏ ਰਸਤੇ ਸੰਗਤਾਂ ਲਈ ਮੁਸ਼ਕਲਾਂ ਦਾ ਕਾਰਨ ਬਣੇ ਹੋਏ ਹਨ। ਉਹਨਾਂ ਕਿਹਾ ਕਿ ਸਰਕਾਰ ਨੇ ਸ਼ਹੀਦੀ ਸ਼ਤਾਬਦੀ ਦੇ ਨਾਂਅ 'ਤੇ ਵੱਡੇ-ਵੱਡੇ ਐਲਾਨ ਕੀਤੇ ਸਨ, ਪਰ ਅਸਲ ਵਿੱਚ ਕੋਈ ਕੰਮ ਸਮੇਂ ਸਿਰ ਸ਼ੁਰੂ ਨਹੀਂ ਹੋਇਆ। ਹੁਣ ਜਦੋਂ ਸਮਾਗਮਾਂ ਨੂੰ ਕੁਝ ਹੀ ਦਿਨ ਬਾਕੀ ਹਨ, ਤਦ ਵੀ ਕਈ ਥਾਵਾਂ 'ਤੇ ਸੜਕਾਂ ਖੁਦਾਈ ਹਾਲਤ ਵਿੱਚ ਹਨ, ਧੂੜ ਤੇ ਮਿੱਟੀ ਦੇ ਬੱਦਲ ਉੱਡ ਰਹੇ ਹਨ, ਜਿਸ ਨਾਲ ਸੰਗਤਾਂ ਨੂੰ ਆਉਣ ਜਾਣ ਵਿੱਚ ਬਹੁਤ ਦਿੱਕਤ ਆ ਰਹੀ ਹੈ।ਗਿਆਨੀ ਕੇਵਲ ਸਿੰਘ ਨੇ ਕਿਹਾ ਕਿ ਅਜੇ ਤੱਕ ਸਫਾਈ ਪ੍ਰਬੰਧ, ਪਾਣੀ ਦੀ ਸਹੂਲਤ, ਟਰੈਫ਼ਿਕ ਮੈਨੇਜਮੈਂਟ ਤੇ ਸੰਗਤਾਂ ਦੇ ਠਹਿਰਾਓ ਲਈ ਕੀਤੇ ਪ੍ਰਬੰਧ ਵੀ ਅਧੂਰੇ ਪਏ ਹਨ।

# ਸ਼ਹੀਦੀ ਦਿਹਾੜੇ ਨੂੰ ਸਮਰਪਤ ਸੈਮੀਨਾਰ ਕਰਵਾਇਆ



**ਆਦਮਪੁਰ (ਪਰਮਜੀਤ ਸਿੰਘ)**- ਸਤਿਕਾਰ ਯੋਗ ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ, ਮਾਣਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਦੀ ਪ੍ਰੇਰਨਾ ਨਾਲ ਅਤੇ ਉਪ-ਕੁਲਪਤੀ ਡਾ.ਧਰਮਜੀਤ ਸਿੰਘ ਪਰਮਾਰ ਜੀ ਤੇ ਸ. ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 355 ਸ਼ਹੀਦੀ ਦਿਹਾੜੇ ਨੂੰ ਸਮਰਪਿਤ 10 ਨਵੰਬਰ ਤੋਂ 14 ਨਵੰਬਰ ਤੱਕ ਲੈਕਚਰ/ਸੈਮੀਨਾਰ ਲੜੀ ਉਲੀਕੀ ਗਈ ਹੈ ਜੋ ਕਿ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵੱਲੋਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਉਲੀਕੀ ਗਈ ਹੈ। ਇਸ ਵਿੱਚ ਯੂਨੀਵਰਸਿਟੀ ਇੰਸਟੀਚਿਊਟ ਆਫ ਹਿਊਮੈਨੀਟੀਜ਼ ਅਤੇ ਸੰਤ ਬਾਬਾ ਮਲਕੀਤ ਸਿੰਘ ਯਾਦਗਾਰੀ ਚੇਅਰ ਵੱਲੋਂ ਸਾਂਝਾ ਉਦਮ ਕੀਤਾ ਗਿਆ ਹੈ। ਸੈਮੀਨਾਰ ਦੇ ਤੀਜੇ ਦਿਨ ਪ੍ਰਮੁੱਖ ਮਹਿਮਾਨ ਵਜੋਂ ਡਾ. ਹਰਦੇਵ ਕੌਰ ਅਸਿਸਟੈਂਟ ਪ੍ਰੋਫੈਸਰ ਹਿਸਟਰੀ ਵਿਭਾਗ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਨੇ ਵਿਦਿਆਰਥੀਆਂ ਸਾਹਮਣੇ ਆਪਣੇ ਵਿਚਾਰ ਪੇਸ਼ ਕੀਤੇ। ਉਹਨਾਂ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਸਾਨੂੰ ਅਨਿਆਂ ਦੇ ਵਿਰੁੱਧ ਖੜ੍ਹੇ ਰਹਿਣ ਅਤੇ ਸੱਚਾਈ ਦੇ ਰਾਹ 'ਤੇ ਟਿਕੇ ਰਹਿਣ ਦੀ ਪ੍ਰੇਰਨਾ ਦਿੰਦੀ ਹੈ। ਇਸ ਮੌਕੇ 'ਤੇ ਡਾ. ਰਜਿੰਦਰ ਕੁਮਾਰ, ਰਜਿਸਟਰਾਰ, ਡਾ. ਵਿਜੈ ਧੀਰ, ਡੀਨ ਅਕਾਦਮਿਕ, ਸ. ਰੂਪ ਸਿੰਘ ਡਿਪਟੀ ਰਜਿਸਟਰਾਰ, ਡਾ. ਅਨੀਤ ਕੁਮਾਰ,ਵੱਖ-ਵੱਖ ਵਿਭਾਗਾਂ ਦੇ ਡੀਨ, ਮੁਖੀ, ਪ੍ਰੋਫ਼ੈਸਰ ਸਹਿਬਾਨ ਵੀ ਹਾਜ਼ਰ ਸਨ। ਪ੍ਰਵੀਨ ਕੁਮਾਰੀ ਅਸਿਸਟੈਂਟ ਪ੍ਰੋਫ਼ੈਸਰ ਨੇ ਧੰਨਵਾਦੀ ਸ਼ਬਦ ਆਖੇ।ਇਸ ਮੌਕੇ ਡਾ. ਸੁਰਿੰਦਰ ਕੁਮਾਰ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖੂਬੀ ਨਿਭਾਈ।

# ਕਾਮਰੇਡ ਗਿਆਨ ਸਿੰਘ ਸੰਘਾ ਦੀ ਬਰਸੀ 20 ਨੂੰ

**ਬੰਗਾ (ਅਵਤਾਰ ਕਲੇਰ)**- ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੇ ਆਗੂ ਸ਼ਹੀਦ ਮਾਸਟਰ ਗਿਆਨ ਸਿੰਘ ਸੰਘਾ ਦੀ 33ਵੀਂ ਬਰਸੀ ਉਹਨਾਂ ਦੇ ਪਿੰਡ ਸਹਾਬਪੁਰ ਵਿਖੇ 20 ਨਵੰਬਰ ਨੂੰ ਮਨਾਈ ਜਾਵੇਗੀ। ਸੀ ਪੀ ਆਈ (ਐੱਮ ਐੱਲ) ਨਿਊ ਡੈਮੋਕਰੇਸੀ ਵੱਲੋਂ ਇਸ ਮੌਕੇ ਸਿਆਸੀ ਕਾਨਫਰੰਸ ਕੀਤੀ ਜਾਵੇਗੀ। ਇਹ ਜਾਣਕਾਰੀ ਦਿੰਦੇ ਹੋਏ ਪਾਰਟੀ ਦੇ ਆਗੂ ਕੁਲਵਿੰਦਰ ਸਿੰਘ ਵੜੈਚ ਨੇ ਦੱਸਿਆ ਕਿ ਇਸ ਦੀ ਤਿਆਰੀ ਵਜੋਂ ਮੀਟਿੰਗਾਂ ਚੱਲ ਰਹੀਆਂ ਹਨ, ਪੋਸਟਰ ਲਾ ਦਿੱਤੇ ਗਏ ਹਨ, ਲੀਫਲੈਟ ਵੰਡਿਆ ਜਾ ਰਿਹਾ ਹੈ ਤੇ ਫੰਡ ਇਕੱਠਾ ਕੀਤਾ ਜਾ ਰਿਹਾ। ਉਹਨਾਂ ਹੋਰ ਅੱਗੇ ਦੱਸਿਆ ਕਿ ਇਸ ਕਾਨਫਰੰਸ ਨੂੰ ਪਾਰਟੀ ਦੇ ਆਗੂ ਕਾਮਰੇਡ ਅਜਮੇਰ ਸਿੰਘ ਸਮਰਾ, ਕਾਮਰੇਡ ਦਲਜੀਤ ਸਿੰਘ



ਐਡਵੋਕੇਟ ਅਤੇ ਹੋਰ ਆਗੂ ਸੰਬੋਧਨ ਕਰਨਗੇ। ਸ਼ਹੀਦੀ ਯਾਦਗਾਰ ਉੱਤੇ ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਇਹ ਕਾਨਫਰੰਸ ਪੂਰੇ 11 ਵਜੇ ਸ਼ੁਰੂ ਹੋ ਜਾਵੇਗੀ। ਇਸ ਬਾਰ ਕਾਮਰੇਡ ਗਿਆਨ ਸਿੰਘ ਸੰਘਾ ਯਾਦਗਾਰੀ ਐਵਾਰਡ ਕਰ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਬਿੱਕਰ ਸਿੰਘ ਹਥੋਆ ਨੂੰ ਦਿੱਤਾ ਜਾਵੇਗਾ। ਉਹਨਾਂ ਦੱਸਿਆ ਕਿ ਬਿੱਕਰ ਸਿੰਘ ਹਥੋਆ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਹਨ ਜਿਨਾਂ ਨੂੰ ਸੰਘਰਸ਼ ਕਰਦਿਆਂ ਜੇਲ ਜਾਣਾ ਪਿਆ।

# ਲਿਟਲ ਸਟਾਰ ਮਾਡਲ ਹਾਈ ਸਕੂਲ ਰਾਸਾ ਐਵਾਰਡ-2025 ਨਾਲ ਸਨਮਾਨਤ




**ਬਲਾਚੌਰ (ਜਸਵਿੰਦਰ ਬੈਂਸ)**- ਪਿਛਲੇ ਦਿਨੀ ਆਰਟ ਗੈਲਰੀ ਆਡੀਟੋਰੀਅਮ ਅੰਮ੍ਰਿਤਸਰ ਵਿਖੇ ਇਕ ਸਟੇਟ ਪੱਧਰੀ ਸ਼ਾਨਦਾਰ ਸਮਾਗਮ ਵਿਚ ਲਿਟਲ ਸਟਾਰ ਮਾਡਲ ਹਾਈ ਸਕੂਲ ਨਾਨੋਵਾਲ ਬੇਟ ਨੂੰ ਰਾਸਾ ਅਵਾਰਡ-2025 ਨਾਲ ਸਨਮਾਨਤ ਕੀਤਾ ਗਿਆ। ਬੈਸਟ ਸਕੂਲ ਵਜੋਂ ਸਕੂਲ ਕਮੇਟੀ ਦੇ ਚੇਅਰਮੈਨ ਅਜੀਤ ਰਾਮ ਧੀਮਾਨ ਅਤੇ ਬੈਸਟ ਅਧਿਆਪਕਾ ਵਜੋਂ ਮੈਡਮ ਨਿਧੀ ਸ਼ਰਮਾ ਨੂੰ ਐਵਾਰਡ ਪ੍ਰਦਾਨ ਕੀਤੇ ਗਏ। ਮੁੱਖ ਮਹਿਮਾਨ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਦੇ ਉਪ ਸਕੱਤਰ ਸੰਦੀਪ ਵਰਮਾ ਅਤੇ ਅੰਮ੍ਰਿਤਸਰ ਨਿਗਮ ਦੇ ਮੇਅਰ ਜਸਵੰਤ ਸਿੰਘ ਭਾਟੀਆ ਦੇ ਕਰ ਕਮਲਾਂ ਨਾਲ ਇਹ ਐਵਾਰਡ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ।ਉਨ੍ਹਾਂ ਦੇ ਨਾਲ ਸਿੱਖਿਆ ਬੋਰਡ ਦੇ ਮੇਨੈਜਰ ਮੈਡਮ ਅੰਜੂ ਬਾਲਾ, ਗੁਰਦੇਵ ਸਿੰਘ, ਕਰਤਾਰ ਸਿੰਘ, ਮੁੱਖ ਦਫਤਰ ਮੋਹਾਲੀ ਦੇ ਅਧਿਕਾਰੀ ਮੈਡਮ ਕੰਚਨ ਸ਼ਰਮਾ, ਚਮਕੌਰ ਸਿੰਘ ਅਤੇ ਐਲੀਮੈਂਟਰੀ ਜ਼ਿਲਾ ਸਿੱਖਿਆ ਅਫਸਰ ਅੰਮ੍ਰਿਤਸਰ ਕਮਲਜੀਤ ਸਿੰਘ ਵੀ ਮੰਚ 'ਤੇ ਮੌਜੂਦ ਰਹੇ। ਰਾਸਾ ਪੰਜਾਬ ਦੇ ਪ੍ਰਧਾਨ ਜਗਤਪਾਲ ਮਹਾਜਨ, ਜਨਰਲ ਸਕੱਤਰ ਸੁਜੀਤ ਸ਼ਰਮਾ ਅਤੇ ਮੁੱਖ ਸਲਾਹਕਾਰ ਜਗਜੀਤ ਸਿੰਘ ਵੱਲੋਂ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਤੇ ਐਵਾਰਡ ਪ੍ਰਾਪਤ ਕਰਨ ਵਾਲੇ ਸਕੂਲਾਂ ਦੇ ਚੇਅਰਮੈਨ, ਪ੍ਰਿੰਸੀਪਲ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਗਈ। ਸਕੂਲ ਨੂੰ ਇਹ ਐਵਾਰਡ ਵਿੱਦਿਅਕ, ਖੇਡਾਂ ਅਤੇ ਸਾਹਿਤਿਕ ਗਤੀਵਿਧੀਆਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਵਾਸਤੇ ਦਿੱਤਾ ਗਿਆ ਹੈ।

# ਮੁਲਾਜ਼ਮਾਂ ਦੀਆਂ ਹੱਕੀ ਨੂੰ ਪ੍ਰਵਾਨ ਕਰਕੇ ਸਰਕਾਰ ਬੇਚੈਨੀ ਖਤਮ ਕਰੇ : ਸੋਮ ਲਾਲ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਪੈਨਸ਼ਨਰਜ ਵੈੱਲਫੇਅਰ ਐਸੋਸੀਏਸ਼ਨ ਇਕਾਈ ਬਲਾਚੌਰ ਦੀ ਮਾਸਿਕ ਮੀਟਿੰਗ ਸੋਮ ਲਾਲ ਜਿਲਾ ਪ੍ਰਧਾਨਗੀ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਿੰਘ ਸਭਾ ਮਹਿੰਦੀਪੁਰ (ਬਲਾਚੌਰ) ਵਿਖੇ ਹੋਈ ਵਿੱਚ ਨਿਰਾਸ਼ਾ ਅਤੇ ਬੇਚੈਨੀ ਪਾਈ ਜਾ ਰਹੀ ਹੈ। ਉਨਾਂ ਆਖਿਆ ਕਿ ਮਜਬੂਰੀ ਵੱਸ ਬੁਢਾਪੇ ਦੀ ਅਵਸਥਾ ਵਿੱਚ ਜਥੇਬੰਦੀ ਦੇ ਮੈਬਰਾਂ ਵਲੋਂ ਸਾਂਝੇ ਫਰੰਟ ਹੇਠ ਮੁੱਖ ਮੰਤਰੀ ਦੇ ਜ਼ਿਲਾ ਸੰਗਰੂਰ ਦੇ ਧੂਰੀ ਹਲਕੇ ਵਿੱਚ ਰੈਲੀ ਅਤੇ ਰੋਸ ਮੁਜਾਹਰਾ



ਕੀਤਾ ਜਾ ਰਿਹਾ ਹੈ ਜਿਸ ਵਿੱਚ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਤੋ ਵੱਧ ਤੋਂ ਵੱਧ ਗਿਣਤੀ ਵਿੱਚ ਸਮੂਲੀਅਤ ਕੀਤੀ ਜਾਵੇਗੀ। ਸਰਬਸੰਮਤੀ ਨਾਲ ਜਿਸ ਵਿੱਚ ਜਥੇਬੰਦੀ ਦੇ ਮੈਬਰਾਂ ਨੇ ਵੱਧ ਚੜ ਕੇ ਭਾਗ ਲਿਆ।ਮੀਟਿੰਗ ਨੂੰ ਸੰਬੋਧਨ ਕਰਦਿਆ ਜ਼ਿਲਾ ਪ੍ਰਧਾਨ ਸੋਮ ਲਾਲ ਵਲੋਂ ਪੰਜਾਬ ਸਰਕਾਰ ਦੀ ਇਸ ਗੱਲੋ ਨਿਖੇਧੀ ਕੀਤੀ ਕਿ ਇਸ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਪੈਨਸ਼ਨਰਜ ਅਤੇ ਮੁਲਾਜ਼ਮਾਂ ਦੀ ਇੱਕ ਵੀ ਮੰਗ ਨੂੰ ਸਵੀਕਾਰ ਨਹੀ ਕੀਤਾ। ਵਾਰ ਵਾਰ ਸਾਂਝੇ ਫਰੰਟ ਨਾਲ ਮੀਟਿੰਗਾ ਦਾ ਸਮ੍ਹਾਂ ਨਿਸਚਿਤ ਕਰਨ ਉਪਰੰਤ ਮੀਟਿੰਗਾ ਨੂੰ ਜੋ ਰੱਦ ਕਰਦਿਆ ਵਾਅਦਾ ਖਿਲਾਫੀ ਕੀਤੀ ਗਈ ਹੈ ਉਸ ਨਾਲ ਜਥੇਬੰਦੀ ਦੇ ਸਮੂਹ ਮੈਬਰਾ ਮਤਾ ਪਾਸ ਕਰਕੇ ਸੰਘਰਸ਼ ਦਾ ਸਮੱਰਥਨ ਕੀਤਾ ਗਿਆ। ਮੀਟਿੰਗ ਨੂੰ ਹਰਭਜਨ ਸਿੰਘ ਗਹੂੰਣ, ਮਨੋਹਰ ਲਾਲ ਨਿਆਣਾ ਬੇਟ, ਪ੍ਰਿੰਸੀਪਲ ਚਰਨ ਸਿੰਘ ਮੁੱਖ ਅਧਿਆਪਕ ਭਾਗ ਰਾਮ ਬੰਗੜ, ਮਹਿੰਦਰ ਸਿੰਘ ਥਾਂਦੀ, ਹਰਜਿੰਦਰ ਸਿੰਘ ਉਲੱਦਨੀ, ਕੁਲਦੀਪ ਸਿੰਘ, ਹਰੀ ਸਿੰਘ ਰੱਕੜਾ ਬੇਟ, ਦਰਸ਼ਨ ਦੇਵ ਮਹਿੰਦੀਪੁਰ, ਪ੍ਰੋਫੈਸਰ ਬਰਿੰਦਰ ਕੁਮਾਰ ਬਛੌੜੀ, ਐਮਪੀ ਸਿੰਘ ਵਲੋਂ ਵੀ ਸੰਬੋਧਨ ਕਰਦਿਆ ਪੰਜਾਬ ਸਰਕਾਰ ਨੂੰ ਮੰਗਾ ਮੰਨਣ ਦੀ ਅਪੀਲ ਕੀਤੀ ਗਈ।

# ਸਵਰਗ-ਨਰਕ, ਆਤਮਾ ਤੇ ਪੁਨਰ-ਜਨਮ ਨਹੀਂ ਹੁੰਦਾ: ਤਰਕਸ਼ੀਲ ਸੁਸਾਇਟੀ

**ਨੰਗਲ (ਸੁਰਜੀਤ ਸਿੰਘ ਢੇਰ)**- ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਚੰਡੀਗੜ੍ਹ ਦੀਆਂ ਇਕਾਈਆਂ ਸਰਹਿੰਦ, ਮੰਡੀ ਗੋਬਿੰਦਗੜ੍ਹ ਤੇ ਬਸੀ ਪਠਾਣਾਂ ਵੱਲੋਂ ਮਾ.ਹਰਜੀਤ ਤਰਖਾਣ ਮਾਜਰਾ, ਮੈਨੇਜਰ ਹਰਨੇਕ ਸਿੰਘ, ਮਾ.ਕਰਨੈਲ ਸਿੰਘ ਤੇ ਸ਼ਮਸ਼ੇਰ ਮਲਿਕ ਦੀ ਅਗਵਾਈ ਹੇਠ ਗੁਰਮੀਤ ਸਿੰਘ ਉਰਫ਼ ਕਾਕਾ ਮੰਡੀ ਗੋਬਿੰਦਗੜ੍ਹ ਦੀ ਯਾਦ ਵਿੱਚ ਤਰਕਸ਼ੀਲਤਾ ਦੀ ਸਮਾਜ ਨੂੰ ਲੋੜ ਕਿਉਂ ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ। ਜਿਸ ਦੇ ਮੁੱਖ ਬੁਲਾਰੇ ਸਨ ਜਥੇਬੰਦੀ ਦੇ ਸੂਬਾ ਜਥੇਬੰਦਕ ਮੁਖੀ ਮਾ.ਰਾਜਿੰਦਰ ਭਦੌੜ ਜਿਨ੍ਹਾਂ ਨੇ ਬੋਲਦਿਆਂ ਕਿਹਾ ਕਿ ਸਵਰਗ ਨਰਕ,ਅਤਮਾ ਤੇ ਪੁਨਰ ਜਨਮ ਨਹੀਂ ਹੁੰਦਾ। ਇਹ ਜਾਣਕਾਰੀ ਜ਼ੋਨ ਮੁਖੀ ਅਜੀਤ ਪ੍ਰਦੇਸੀ ਤੇ ਐਡਵੋਕੇਟ ਕੰਵਲਜੀਤ ਸਿੰਘ ਨੇ ਦਿੱਤੀ। ਮਾ.ਭਦੌੜ ਨੇ ਬੋਲਦਿਆਂ ਦੱਸਿਆ ਕਿ ਕਰੋੜਾਂ ਸਾਲਾਂ ਤੋਂ ਲਗਾਤਾਰ ਹੁੰਦੇ ਆ ਰਹੇ ਕੁਦਰਤੀ ਵਿਕਾਸ ਦੇ ਸਿੱਟੇ ਵਜੋਂ ਅੱਜ ਦਾ ਮਨੁੱਖ ਹੋਂਦ ਵਿੱਚ ਆਇਆ ਤੇ ਕਿਸੇ ਅਦਿੱਖ ਸ਼ਕਤੀ ਨੇ ਇਸ ਸ੍ਰਿਸ਼ਟੀ ਦੀ ਰਚਨਾ ਨਹੀਂ ਕੀਤੀ। ਮਾ.ਰਾਜਿੰਦਰ ਭਦੌੜ ਨੇ ਸਰੋਤਿਆਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਇਹ ਵੀ ਸਮਝਾਇਆ ਕਿ ਕਿਸੇ ਵੀ ਧਾਰਮਿਕ ਸਥਾਨ ਤੇ ਇੱਕ ਖੋਜੀ ਬਿਰਤੀ ਨਾਲ ਜ਼ਰੂਰ ਜਾਣਾ ਚਾਹੀਦਾ ਹੈ ਨਾ ਕਿ ਮਨੋਕਾਮਨਾਵਾਂ ਪੂਰੀਆਂ ਕਰਵਾਉਣ ਖਾਤਰ। ਉਕਤ ਆਗੂਆਂ ਤੋਂ



ਇਲਾਵਾ ਸੈਮੀਨਾਰ ਵਿੱਚ ਸੂਬਾ ਆਗੂ ਮੋਹਨ ਬਡਲਾ, ਜ਼ੋਨ ਮੀਡੀਆ ਮੁਖੀ ਗੁਰਮੀਤ ਖਰੜ, ਬਲਦੇਵ ਜਲਾਲ, ਸਰਹਿੰਦ ਇਕਾਈ ਮੁਖੀ ਮਨਦੀਪ ਸਿੰਘ,ਚੰਡੀਗੜ੍ਹ ਇਕਾਈ ਆਗੂ ਪ੍ਰੇਮ ਸਿੰਘ, ਅਨਾਇਤ ਮਲਿਕ, ਮਾ.ਜਰਨੈਲ ਸਿੰਘ, ਗੁਰਮਿੰਦਰ ਭੈਰੋਂਪੁਰ, ਪਰਮਿੰਦਰ ਤਰਖਾਣ ਮਾਜਰਾ ਤੇ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਪ੍ਰਵਾਸੀ ਭਾਰਤੀ ਵੱਲੋਂ ਬਣਵਾਏ ਜਾ ਰਹੇ ਗੇਟ ਦਾ ਨੀਂਹ ਪੱਥਰ ਅੱਜ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਅਮਰੀਕਾ ਨਿਵਾਸੀ ਸਮਾਜ ਸੇਵੀ ਦਰਸ਼ਨ ਸਿੰਘ ਪਿੰਕਾ ਇਬਰਾਹੀਮਪੁਰ ਵੱਲੋਂ ਆਪਣੇ ਸਪੁੱਤਰ ਸਵਰਗੀ ਜਸਪ੍ਰੀਤ ਸਿੰਘ ਦਰੜ ਦੀ ਯਾਦ ਵਿਚ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੇ ਮੁੱਖ ਗੇਟ ਦੀ ਉਸਾਰੀ ਕਰਵਾਈ ਜਾ ਰਹੀ ਹੈ। ਕਾਲਜ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਦੱਸਿਆ ਕਿ ਗੇਟ ਦਾ ਨੀਂਹ ਪੱਥਰ 14 ਨਵੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 10.30 ਵਜੇ ਸ. ਦਰਸ਼ਨ ਸਿੰਘ ਪਿੰਕਾ ਅਤੇ ਪਰਮਜੀਤ ਕੌਰ ਯੂ ਐੱਸ ਏ ਵੱਲੋਂ ਇਲਾਕੇ ਦੀਆਂ ਮੋਹਤਵਰ ਸਖਸ਼ੀਅਤਾਂ ਦੀ ਹਾਜ਼ਰੀ ਵਿਚ ਰੱਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਦਰਸ਼ਨ ਸਿੰਘ ਪਿੰਕਾ ਵਲੋਂ ਜਿਥੇ ਲੱਖਾਂ ਦੀ ਲਾਗਤ ਨਾਲ ਆਲੀਸ਼ਾਨ ਗੇਟ ਦੀ ਉਸਾਰੀ ਕਰਵਾਈ ਜਾ ਰਹੀ ਹੈ, ਉਥੇ ਕਾਲਜ ਵਿਚ ਪਿਛਲੇ ਕਈ ਸਾਲਾਂ ਤੋਂ ਹਰ ਸਾਲ ਲੋੜਵੰਦ ਵਿਦਿਆਰਥੀਆਂ ਦੀ ਮਾਇਕ ਮਦਦ ਲਈ ਲੱਖਾਂ ਰੁਪਏ ਦਾਨ ਦਿੱਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਦਰਸ਼ਨ ਸਿੰਘ ਪਿੰਕਾ ਵਲੋਂ ਤਿਆਰ ਕਰਵਾਏ ਜਾ ਰਹੇ ਆਲੀਸ਼ਾਨ ਗੇਟ ਦੇ ਬਣਨ ਨਾਲ ਗੇਟ ਦੀ ਦਿੱਖ ਕਾਲਜ ਕੰਪਲੈਕਸ ਨੂੰ ਚਾਰ ਚੰਨ ਲਗਾਏਗੀ।

# ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਆਦਮਪੁਰ (ਪਰਮਜੀਤ ਸਿੰਘ)**- ਹਲਕਾ ਆਦਮਪੁਰ ਦੇ ਪਿੰਡ ਸਲਾਲਾ ਵਿਖੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਵਿਚ ਨਗਰ ਨਿਵਾਸੀਆਂ ਤੇ ਐਨ ਆਰ ਆਈ ਵੀਰਾ ਦੇ ਸਹਿਯੋਗ ਸਦਕਾ ਸਿੱਖ ਧਰਮ ਦੇ ਪਹਿਲੇ ਗੁਰੂ ਗੁਰੂ ਨਾਲਕ ਦੇਵ ਜੀ ਦਾ ਪ੍ਰਕਾਸ ਦਿਹਾੜਾ ਬਹੁਤ ਸਰਧਾ



ਤੇ ਸਤਿਕਾਰ ਸਹਿਤ ਮਨਾਇਆ ਗਿਆ। ਤਿੰਨ ਦਿਨ ਤੋਂ ਅਰੰਭ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਰਾਤਰੀ ਦੇ ਦੀਵਾਨ ਸਜਾਏ ਗਏ ਜਿਸ ਵਿਚ ਕੀਰਤਨ ਤੇ ਕਥਾ ਦੌਰਾਨ ਗ੍ਰੰਥੀ ਭਾਈ ਸਰਵਣ ਸਿੰਘ, ਬਕਵੀਸਰੀ ਜੱਥਾ ਬੀਬੀ ਜਸਵੀਰ ਕੋਰ ਵਲੋ ਢਾਡੀ ਵਾਰਾਂ ਸੁਣਾ ਸੰਗਤ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਅਮਨਦੀਪ ਸਿੰਘ ਢਿਲੋਂ,ਹਰਜੀਤ ਸਿੰਘ ਢਿੱਲੋਂ ਯੂ ਐੱਸ ਏ, ਦਵਿੰਦਰ ਸਿੰਘ, ਇਕਬਾਲ ਸਿੰਘ, ਰਾਕੇਸ ਕੁਮਾਰ ਸਰਪੰਚ ਸਾਲਾਲਾ, ਰਾਜਿੰਦਰ ਸਿੰਘ ਮੰਗੀ, ਦਲਵੀਰ ਸਿੰਘ, ਜਸਵੰਤ ਸਿੰਘ, ਜਰਨੈਲ ਸਿੰਘ, ਕੁਲਦੀਪ ਸਿੰਘ, ਬਰਿੰਦਰਦੀਪ ਸਿੰਘ ਬਿੰਦਾ, ਦੌਲਤ ਸਿੰਘ, ਸਤਨਾਮ ਸਿੰਘ, ਅਵਤਾਰ ਸਿੰਘ ਅਤੇ ਸਾਰੀਆਂ ਤਿੰਨਾਂ ਪਿੰਡਾਂ ਦੀ ਸੰਗਤ ਵੱਲੋਂ ਹਿੱਸਾ ਲਿਆ ਗਿਆ। ਅੰਤ ਵਿੱਚ ਅਮਨਦੀਪ ਸਿੰਘ ਢਿੱਲੋਂ ਵੱਲੋਂ ਸਾਰੀ ਸੰਗਤ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਕੀਰਤਨੀ ਜਥੇ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ।

# ਅੰਤ੍ਰਿੰਗ ਕਮੇਟੀ ਮੈਂਬਰ ਡਾ. ਜੰਗ ਬਹਾਦਰ ਸਿੰਘ ਰਾਏ ਸਨਮਾਨਤ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਚੁਣੇ ਜਾਣ 'ਤੇ ਡਾ. ਜੰਗ ਬਹਾਦਰ ਸਿੰਘ ਰਾਏ ਦਾ ਕਾਲਜ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਕਰਵਾਏ ਸਨਮਾਨ ਸਮਾਗਮ 'ਚ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਡਾ. ਜੰਗ ਬਹਾਦਰ ਸਿੰਘ ਰਾਏ ਨੂੰ ਅੰਤ੍ਰਿੰਗ ਕਮੇਟੀ ਦੇ ਮੈਂਬਰ ਚੁਣੇ 'ਤੇ ਵਧਾਈ ਦਿੰਦਿਆ ਉਨ੍ਹਾਂ ਨੂੰ ਕਾਲਜ ਵਲੋਂ ਜੀ ਆਇਆਂ ਨੂੰ ਆਖਿਆ। ਉਨ੍ਹਾਂ ਡਾ. ਰਾਏ ਨੂੰ ਸਿੱਖ ਕੌਮ ਦੀ ਚੜ੍ਹਦੀ ਕਲਾ, ਹਲਕੇ ਦੇ ਨਾਲ ਨਾਲ ਕਾਲਜ ਦੇ ਵਿਕਾਸ ਲਈ ਯੋਗਦਾਨ ਪਾਉਣ ਦੀ ਅਪੀਲ ਕੀਤੀ। ਪ੍ਰੋ. ਲਖਵਿੰਦਰਜੀਤ ਕੌਰ ਨੇ ਡਾ. ਰਾਏ ਦਾ ਕਾਲਜ ਪਹੁੰਚਣ 'ਤੇ ਧੰਨਵਾਦ ਕਰਦਿਆਂ ਉਨ੍ਹਾਂ ਵਲੋਂ ਸਮਾਜਿਕ ਅਤੇ ਧਾਰਮਿਕ ਖੇਤਰ ਵਿਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਪ੍ਰੋ. ਕੰਵਰ ਕੁਲਵੰਤ ਸਿੰਘ ਨੇ ਆਪਣੇ ਤਜਰਬੇ ਸਾਂਝੇ ਕਰਦੇ ਹੋਏ ਡਾ. ਜੰਗ ਬਹਾਦਰ ਸਿੰਘ ਰਾਏ ਵੱਲੋਂ ਪਾਏ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਦੀ ਅਗਵਾਈ ਹੇਠ ਡਾ. ਰਾਏ ਦਾ ਅੰਤ੍ਰਿੰਗ ਕਮੇਟੀ ਮੈਂਬਰ ਚੁਣੇ ਜਾਣ 'ਤੇ ਸਨਮਾਨ ਕੀਤਾ ਕੀਤਾ ਗਿਆ।

# 96920 ਕਿਸਾਨਾਂ ਨੂੰ ਐੱਮ ਐੱਸ ਪੀ ਦੇ ਲਾਭ ਮਿਲਣ ਨਾਲ ਪਟਿਆਲਾ ਸਭ ਤੋਂ ਅੱਗੇ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਝੋਨੇ ਦੀ ਸੁਚਾਰੂ ਖ਼ਰੀਦ ਨੂੰ ਯਕੀਨੀ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਅਗਵਾਈ ਹੇਠ ਪੰਜਾਬ ਸਰਕਾਰ ਦੀ ਸਰਗਰਮ ਪਹੁੰਚ ਸਦਕਾ 12 ਨਵੰਬਰ ਤੱਕ 11,31,270 ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਦਾ ਲਾਭ ਮਿਲਿਆ ਹੈ। ਖ਼ੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਵਿੱਚ ਖਰੀਦ, ਲਿਫਟਿੰਗ ਅਤੇ ਭੁਗਤਾਨ ਦੀ ਪ੍ਰਕਿਰਿਆ ਪੂਰੇ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀ ਹੈ। ਹੁਣ ਤੱਕ 96920 ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦਾ ਲਾਭ ਮਿਲਣ ਨਾਲ ਪਟਿਆਲਾ ਜ਼ਿਲ੍ਹਾ ਸਭ ਤੋਂ ਅੱਗੇ ਹੈ। ਜ਼ਿਕਰਯੋਗ ਹੈ ਕਿ 12 ਨਵੰਬਰ ਸ਼ਾਮ ਤੱਕ ਸੂਬੇ ਭਰ ਦੀਆਂ ਮੰਡੀਆਂ ਵਿੱਚ ਕੁੱਲ 15478162.41 ਮੀਟਰਕ ਟਨ ਝੋਨੇ ਦੀ ਆਮਦ ਹੋਈ ਹੈ। ਇਸ ਵਿੱਚੋਂ, 15389039.51 ਮੀਟਰਕ ਟਨ ਝੋਨਾ ਖਰੀਦਿਆ ਗਿਆ ਹੈ ਅਤੇ ਹੁਣ ਤੱਕ 99 ਫੀਸਦੀ ਫ਼ਸਲ ਦੀ ਖ਼ਰੀਦ ਹੋ ਚੁੱਕੀ ਹੈ। ਕੁੱਲ ਚੁਕਾਈ ਦਾ ਅੰਕੜਾ 14109483.18 ਮੀਟਰਕ ਟਨ ਹੈ ,ਜੋ ਹੁਣ ਤੱਕ ਖ਼ਰੀਦੀ ਗਈ ਕੁੱਲ ਫ਼ਸਲ ਦਾ 91 ਫੀਸਦੀ ਬਣਦਾ ਹੈ।

# ਬਾਲ ਮਜ਼ਦੂਰੀ 'ਚ ਲੱਗਿਆ ਇੱਕ ਬੱਚਾ ਕੀਤਾ ਰੈਸਕਿਊ

**ਬਲਾਚੌਰ (ਜਸਵਿੰਦਰ ਬੈਂਸ)**- ਡਾਇਰੈਕਟਰ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਵੱਲੋ ਬਾਲ ਅਤੇ ਕਿਸ਼ੋਰ ਮਜ਼ਦੂਰੀ ਖਾਤਮਾ ਸਪਤਾਹ ਦੌਰਾਨ ਬਾਲ ਮਜ਼ਦੂਰੀ



ਸਬੰਧੀ ਸਖ਼ਤਾਈ ਨਾਲ ਚੈਕਿੰਗ ਕਰਨ ਦੇ ਹੁਕਮ ਦਿੱਤੇ ਗਏ ਹਨ ਜਿਸ ਦੇ ਚਲਦੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਵੱਲੋ ਬਲਾਕ ਬਲਾਚੌਰ ਵਿੱਚ ਸਭ ਡਿਵੀਜ਼ਨਲ ਕਮੇਟੀ ਨਾਲ ਮੇਨ ਬਾਜ਼ਾਰ ਬਲਾਚੋਰ, ਗੜ੍ਹਸ਼ੰਕਰ ਰੋਡ ਅਤੇ ਭੱਦੀ ਰੋਡ ਤੇ ਬਾਲ ਮਜ਼ਦੂਰੀ ਖਿਲਾਫ ਚੈਕਿੰਗ ਕੀਤੀ ਗਈ। ਟੀਮ ਵੱਲੋਂ ਚੈਕਿੰਗ ਦੌਰਾਨ 18 ਸਾਲ ਤੋਂ ਘੱਟ ਉਮਰ ਦੇ ਇੱਕ ਬੱਚੇ (ਉਮਰ ਤਕਰੀਬਨ 15 ਸਾਲ) ਨੂੰ ਬਾਲ ਮਜ਼ਦੂਰੀ ਤੋਂ ਮੁਕਤ ਕਰਵਾਇਆ ਗਿਆ। ਟੀਮ ਵੱਲੋਂ ਬੱਚੇ ਨੂੰ ਰੈਸਕਿਊ ਕਰਨ ਉਪਰੰਤ ਬਾਲ ਭਲਾਈ ਕਮੇਟੀ ਦਫਤਰ ਵਿਖੇ ਪੇਸ਼ ਕੀਤਾ ਗਿਆ ਹੈ ਤਾਂ ਜੋ ਉਸ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਬਾਲ ਭਲਾਈ ਕਮੇਟੀ ਵਲੋਂ ਬੱਚੇ ਦੇ ਦਸਤਾਵੇਜ਼ ਵੈਰੀਫਾਈ ਕਰਨ ਉਪਰੰਤ ਉਸ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਸਬੰਧੀ ਕਾਰਵਾਈ ਕੀਤੀ ਜਾਵੇਗੀ। ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਦੀ ਟੀਮ ਵੱਲੋਂ ਬੱਚੇ ਦੀ ਉਮਰ ਅਨੁਸਾਰ ਉਸ ਨੂੰ ਸਕੂਲ ਵਿਚ ਦਾਖਲ ਕਰਵਾਇਆ ਜਾਵੇਗਾ। ਇਸ ਮੌਕੇ ਮੌਜੂਦ ਲੇਬਰ ਇੰਸਪੈਕਟਰ ਰਣਦੀਪ ਸਿੰਘ ਸਿੱਧੂ ਅਤੇ ਲੇਬਰ ਇੰਸਪੈਕਟਰ ਬਲਾਚੌਰ ਅਸ਼ੋਕ ਕੁਮਾਰ ਵੱਲੋਂ ਦੁਕਾਨਦਾਰਾਂ ਅਤੇ ਆਮ ਜਨਤਾ ਨੂੰ ਜਾਗਰੂਕ ਕੀਤਾ ਗਿਆ ਕਿ ਸ਼ੋਪ ਅਤੇ ਕਮਰਸ਼ੀਅਲ ਇਸਟਬਲਿਸ਼ਮੈਂਟ ਐਕਟ 1958 ਅਨੁਸਾਰ ਜੇਕਰ ਕਿਸੇ ਵੀ ਦੁਕਾਨ ਜਾਂ ਰੈਸਟੋਰੈਂਟ ਵਿੱਚ 20 ਤੋਂ ਜਿਆਦਾ ਵਿਅਕਤੀ ਕੰਮ ਕਰਦੇ ਹਨ ਤਾਂ ਉਸ ਦੁਕਾਨ ਜਾਂ ਰੈਸਟੋਰੈਂਟ ਨੂੰ ਇਸ ਐਕਟ ਅਧੀਨ ਰਜਿਸਟਰ ਕਰਵਾਉਣਾ ਲਾਜ਼ਮੀ ਹੈ। ਇਸ ਲਈ ਉਹਨਾਂ ਵੱਲੋਂ ਰੈਸਟੋਰੈਂਟ ਅਤੇ ਢਾਬਿਆਂ ਦੇ ਮਾਲਕਾਂ ਨੂੰ ਇਸ ਐਕਟ ਅਧੀਨ ਰਜਿਸਟਰ ਕਰਵਾਉਣ ਦੀ ਅਪੀਲ ਕੀਤੀ ਗਈ।

# ਵਿਧਾਇਕ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਮਜ਼ਬੂਤੀ ਲਈ ਮੀਟਿੰਗ



**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਪੰਜਾਬ ਨੂੰ ਰੰਗਲਾ ਅਤੇ ਨਸ਼ਾਮੁਕਤ ਬਣਾਉਣ ਦੇ ਉਦੇਸ਼ ਨਾਲ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਮੁੱਖ ਦਫਤਰ ਡੇਰਾਬੱਸੀ ਵਿਖੇ 'ਯੁੱਧ ਨਸ਼ਿਆ ਵਿਰੁੱਧ' ਦੇ ਜੋਨ ਇੰਚਾਰਜ ਅਨੂ ਬੱਬਰ, ਹਲਕਾ ਕੋਆਰਡੀਨੇਟਰ ਸੁਮਿਤ ਰਾਣਾ ਸਮੇਤ ਵਾਇਸ ਕੋਆਰਡੀਨੇਟਰ ਰਜਿੰਦਰ ਸਿੰਘ, ਸਤਵੰਤ ਸਿੰਘ ਸਮੇਤ ਬਲਾਕ ਕੋਆਰਡੀਨੇਟਰਾਂ ਨਾਲ ਮੀਟਿੰਗ ਕੀਤੀ ਤੇ ਉਨ੍ਹਾ ਦਾ ਸਨਮਾਨ ਕੀਤਾ। ਇਸ ਮੌਕੇ 'ਤੇ ਮੋਰਚੇ ਨਾਲ ਜੁੜੇ ਸਮੂਹ ਵਰਕਰਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਤਹਿ ਦਿਲੋਂ ਵਧਾਈਆਂ ਅਤੇ ਸ਼ੁਭਕਾਮਨਾਵਾਂ ਦੇਕੇ ਆਓ ਇਕ ਹੋਰ ਮਜ਼ਬੂਤ ਕਦਮ ਨਸ਼ੇ ਖਿਲਾਫ ਲਾਈਏ ਅਤੇ ਨਵੀਂ ਪੀੜ੍ਹੀ ਲਈ ਨਸ਼ਾ ਮੁਕਤ, ਸੁਚੱਜਾ ਤੇ ਸਵੱਛ ਪੰਜਾਬ ਬਣਾਈਏ ਦਾ ਸੁਨੇਹਾ ਦਿੱਤਾ। ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਨਸ਼ਿਆਂ ਦੇ ਖ਼ਿਲਾਫ਼ ਜੰਗ ਸਿਰਫ਼ ਸਰਕਾਰ ਦੀ ਨਹੀਂ, ਸਗੋਂ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ।

# ਵਿਦਿਆਰਥਣਾਂ ਨੂੰ ਸੈਨੇਟਰੀ ਪੈਡਾਂ ਦੀ ਕੀਤੀ ਵੰਡ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡਿਪਟੀ ਕਮਿਸ਼ਨਰ-ਕਮ-ਪ੍ਰਧਾਨ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਆਸ਼ਿਕਾ ਜੈਨ ਦੀ ਅਗਵਾਈ ਹੇਠ ਚਲਾਈ ਜਾ ਰਹੀ ਰੈੱਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਵੱਲੋਂ ਆਪਣੇ ਸਮਾਜ ਭਲਾਈ ਦੇ ਉਦੇਸ਼ ਨੂੰ ਅੱਗੇ ਵਧਾਉਂਦੇ ਹੋਏ ਜ਼ਿਲ੍ਹੇ ਦੀਆਂ ਲੜਕੀਆਂ ਅਤੇ ਮਹਿਲਾਵਾਂ ਵਿਚ ਮਾਹਵਾਰੀ ਸਮੇਂ ਸਿਹਤ ਅਤੇ ਸਫ਼ਾਈ ਬਾਰੇ ਜਾਗਰੂਕਤਾ ਫੈਲਾਉਣ ਅਤੇ ਉਨ੍ਹਾਂ ਦੀ ਮਦਦ ਕਰਨ ਲਈ ਇਕ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਮੁਹਿੰਮ ਦੇ ਤਹਿਤ ਸੁਸਾਇਟੀ ਵੱਲੋਂ ਜ਼ਿਲ੍ਹੇ ਦੇ ਕਾਲਜਾਂ, ਵਿੱਦਿਅਕ ਸੰਸਥਾਵਾਂ ਅਤੇ ਬਸਤੀਆਂ ਵਿਚ ਜਾ ਕੇ ਮੁਫ਼ਤ ਸੈਨੇਟਰੀ ਪੈਡਾਂ ਦੀ ਵੰਡ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਮਾਹਵਾਰੀ ਦੌਰਾਨ ਸਫ਼ਾਈ ਅਤੇ ਸਿਹਤ ਸਬੰਧੀ ਜ਼ਰੂਰੀ ਜਾਣਕਾਰੀ ਵੀ ਸਾਂਝੀ ਕੀਤੀ ਜਾ ਰਹੀ ਹੈ। ਸਕੱਤਰ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਮੰਗੇਸ਼ ਸੂਦ ਨੇ ਦੱਸਿਆ ਕਿ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ, ਹੁਸ਼ਿਆਰਪੁਰ ਵੱਲੋਂ ਐਸ.ਡੀ. ਕਾਲਜ, ਹੁਸ਼ਿਆਰਪੁਰ ਵਿਖੇ ਲੱਗਭਗ 200 ਦੇ ਕਰੀਬ ਵਿਦਿਆਰਥਣਾਂ ਨੂੰ ਸੈਨੇਟਰੀ ਪੈਡਾਂ ਦੀ ਵੰਡ ਕੀਤੀ ਗਈ ਹੈ। ਉਨ੍ਹਾ ਦੱਸਿਆ ਕਿ ਸਾਡਾ ਉਦੇਸ਼ ਜ਼ਰੂਰਤਮੰਦ ਮਹਿਲਾਵਾਂ ਤੱਕ ਇਹ ਜ਼ਰੂਰੀ ਸਾਮਾਨ ਪਹੁੰਚਾਉਣਾ ਹੀ ਨਹੀਂ ਹੈ, ਸਗੋਂ ਇਸ ਵਿਸ਼ੇ ਨਾਲ ਜੁੜੀਆਂ ਗ਼ਲਤਫਹਿਮੀਆਂ ਨੂੰ ਦੂਰ ਕਰਕੇ ਇਸ ਬਾਰੇ ਖੁੱਲ੍ਹ ਕੇ ਚਰਚਾ ਕਰਨਾ ਵੀ ਹੈ। ਸਿਹਤਮੰਦ ਮਾਹਵਾਰੀ ਇਕ ਸਿਹਤਮੰਦ ਸਮਾਜ ਦੀ ਨੀਂਹ ਹੈ।

# ਪੰਜਾਬ ਰਾਜ ਸੂਚਨਾ ਕਮਿਸ਼ਨ ਨੇ ਆਰ ਟੀ ਆਈ ਦੀ ਦੁਰਵਰਤੋਂ ਵਿਰੁੱਧ ਅਪਣਾਇਆ ਸਖ਼ਤ ਰੁਖ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਪੰਜਾਬ ਰਾਜ ਸੂਚਨਾ ਕਮਿਸ਼ਨ ਵੱਲੋਂ ਇੱਕ ਅਹਿਮ ਅਤੇ ਮਿਸਾਲੀ ਫੈਸਲਾ ਲੈਂਦਿਆਂ ਲੁਧਿਆਣਾ ਦੇ ਇੱਕ ਅਪੀਲ ਕਰਤਾ ਗੁਰਮੇਜ ਲਾਲ ਵੱਲੋਂ ਸੂਬੇ ਭਰ ਦੀਆਂ ਕਈ ਜਨਤਕ ਅਥਾਰਟੀਆਂ ਤੋਂ ਅਸਪੱਸ਼ਟ ਅਤੇ ਭਾਰੀ ਗਿਣਤੀ ਵਿੱਚ ਜਾਣਕਾਰੀ ਦੀ ਮੰਗ ਕਰਨ ਲਈ ਦਾਇਰ ਕੀਤੀਆਂ 75 ਸੈਕਿੰਡ ਅਪੀਲਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ।ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਚੇਅਰਮੈਨ ਇੰਦਰਪਾਲ ਸਿੰਘ ਧੰਨਾ ਨੇ ਦੱਸਿਆ ਕਿ ਰਾਜ ਸੂਚਨਾ ਕਮਿਸ਼ਨਰ ਸੰਦੀਪ ਸਿੰਘ ਧਾਲੀਵਾਲ ਨੇ ਅੰਤਿਮ ਹੁਕਮ ਸੁਣਾਉਂਦਿਆਂ ਕਿਹਾ ਕਿ ਅਪੀਲਕਰਤਾ ਨੂੰ ਆਰ.ਟੀ.ਆਈ. ਐਕਟ, 2005 ਦੇ ਉਪਬੰਧਾਂ ਅਨੁਸਾਰ ਸੂਚਨਾ ਅਧਿਕਾਰ (ਆਰ ਟੀ ਆਈ) ਅਰਜ਼ੀਆਂ ਨੂੰ ਖਾਸ ਅਤੇ ਪੁਆਇੰਟਾਂ ਦੇ ਆਧਾਰ 'ਤੇ ਮੁੜ ਤਿਆਰ ਕਰਨ ਲਈ ਕਈ ਮੌਕੇ ਦਿੱਤੇ ਗਏ ਸਨ। ਹਾਲਾਂਕਿ, ਕਈ ਅੰਤਰਿਮ ਹੁਕਮਾਂ ਰਾਹੀਂ ਵਾਰ-ਵਾਰ ਨਿਰਦੇਸ਼ ਜਾਰੀ ਕਰਨ ਦੇ ਬਾਵਜੂਦ ਅਪੀਲਕਰਤਾ ਇਸ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਿਹਾ।ਕਮਿਸ਼ਨ ਨੇ ਪਾਇਆ ਕਿ ਅਪੀਲਕਰਤਾ ਦੀਆਂ ਆਰ.ਟੀ.ਆਈ. ਅਰਜ਼ੀਆਂ ਵੱਡੇ ਪੱਧਰ 'ਤੇ ਟੈਂਪਲੇਟ-ਅਧਾਰਤ ਸਨ, ਜਿਨ੍ਹਾਂ ਵਿੱਚ ਅਜਿਹੇ ਸਵਾਲ ਸਨ ਜੋ ਵਾਰ-ਵਾਰ ਦੁਹਰਾਏ ਗਏ ਸਨ ਅਤੇ ਜ਼ਰੂਰੀ ਨਹੀਂ ਸਨ, ਜਿਹਨਾਂ ਵਿੱਚ ਨਾ ਸਿਰਫ਼ ਤੀਜੀ-ਧਿਰ ਦੇ ਰਿਕਾਰਡ ਸ਼ਾਮਲ ਸਨ ਬਲਕਿ ਵਿਭਾਗਾਂ ਵਿੱਚ ਵਿਆਪਕ ਡੇਟਾ ਦੇ ਸੰਗ੍ਰਹਿ ਦੀ ਵੀ ਲੋੜ ਸੀ। ਅਜਿਹੀਆਂ ਮੰਗਾਂ ਆਰ ਟੀ ਆਈ ਐਕਟ ਦੀ ਧਾਰਾ 7(9) ਦੀ ਉਲੰਘਣਾ ਕਰਦੀਆਂ ਪਾਈਆਂ ਗਈਆਂ, ਜੋ ਕਿਸੇ ਜਨਤਕ ਅਥਾਰਟੀ ਦੇ ਸਰੋਤਾਂ ਦੀ ਦੁਰਵਰਤੋਂ ਸਬੰਧੀ ਜਾਣਕਾਰੀ ਦੇ ਖੁਲਾਸੇ 'ਤੇ ਰੋਕ ਲਗਾਉਂਦੀ ਹੈ।ਚਿੰਤਾ ਪ੍ਰਗਟ ਕਰਦਿਆਂ, ਕਮਿਸ਼ਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਆਰ ਟੀ ਆਈ ਵਿਧੀ ਦੀ ਅਜਿਹੀ ਗੈਰ-ਵਾਜ਼ਬ ਵਰਤੋਂ ਜਨਤਕ ਸੂਚਨਾ ਅਧਿਕਾਰੀਆਂ (ਪੀ ਆਈ ਓਜ਼) ਦੇ ਦਫਤਰਾਂ 'ਤੇ ਬੇਲੋੜਾ ਬੋਝ ਪਾਉਂਦੀ ਹੈ ਅਤੇ ਕਮਿਸ਼ਨ ਦੇ ਕੀਮਤੀ ਸਮੇਂ ਦੀ ਬੇਲੋੜੀ ਬਰਬਾਦੀ ਕਰਦੀ ਹੈ।

# ਦਿਹਾਤੀ ਮਜ਼ਦੂਰ ਸਭਾ ਨੇ ਮੰਗਾਂ ਸੰਬੰਧੀ ਦਿੱਤਾ ਮੰਗ ਪੱਤਰ



**ਜਲੰਧਰ (ਰਾਜੇਸ਼ ਥਾਪਾ)**- ਮਜ਼ਦੂਰਾਂ ਦੇ ਭੱਖਦੇ ਮਸਲਿਆਂ ਨੂੰ ਲੈ ਕੇ ਸੂਬਾਈ ਫੈਸਲੇ ਤਹਿਤ ਦਿਹਾਤੀ ਮਜ਼ਦੂਰ ਸਭਾ ਜ਼ਿਲ੍ਹਾ ਕਮੇਟੀ ਜਲੰਧਰ ਵੱਲੋਂ ਸੂਬਾ ਪ੍ਰਧਾਨ ਦਰਸ਼ਨ ਨਾਹਰ, ਸੂਬਾ ਜੁਆਇੰਟ ਸਕੱਤਰ ਬਲਦੇਵ ਸਿੰਘ ਨੂਰਪੁਰੀ, ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਸਹੋਤਾ ਅਤੇ ਸੂਬਾ ਕਮੇਟੀ ਮੈਂਬਰ ਦਲਵੀਰ ਸਹੋਤਾ ਮਾਹੂੰਵਾਲ, ਅਮ੍ਰਿਤਪਾਲ ਨੰਗਲ ਦੀ ਅਗਵਾਈ ਹੇਠ ਮਜ਼ਦੂਰ ਮੰਗਾਂ ਦਾ ਮੰਗ ਪੱਤਰ ਡੀ ਸੀ ਦਫ਼ਤਰ ਵਿੱਚ ਮੁੱਖ ਮੰਤਰੀ ਖੇਤਰੀ ਅਫ਼ਸਰ ਜਲੰਧਰ ਨਵਦੀਪ ਸਿੰਘ ਦੇ ਰਾਹੀਂ ਮੁੱਖ ਮੰਤਰੀ ਪੰਜਾਬ ਸਰਕਾਰ ਨੂੰ ਭੇਜਿਆ ਗਿਆ।ਉਪਰੋਕਤ ਆਗੂਆਂ ਨੇ ਕਿਹਾ ਕਿ ਪੰਜਾਬ ਅੰਦਰ ਹੜ੍ਹ ਤੇ ਬਾਰਸ਼ਾਂ ਨਾਲ ਹੋਏ ਭਾਰੀ ਨੁਕਸਾਨ ਦੀ ਪੂਰਤੀ ਲਈ ਅਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਯੋਗ ਮੁਆਵਜ਼ਾ ਤੁਰੰਤ ਦਿੱਤਾ ਜਾਵੇ ਅਤੇ ਮਨਰੇਗਾ ਕਾਨੂੰਨ ਅਧੀਨ ਸਾਰੇ ਕਿਰਤੀ ਪਰਿਵਾਰਾਂ ਦੇ ਸਮੁੱਚੇ ਜੀਆਂ ਨੂੰ ਘੱਟੋ-ਘੱਟ 700 ਰੁਪਏ ਦਿਹਾੜੀ ਨਾਲ ਪੂਰਾ ਸਾਲ ਕੰਮ ਦਿੱਤਾ ਜਾਵੇ ਅਤੇ ਇਸ ਐਕਟ ਦਾ ਘੇਰਾ ਵਧਾ ਕੇ ਸ਼ਹਿਰੀ ਮਜ਼ਦੂਰਾਂ ਨੂੰ ਵੀ ਬੱਝਵਾਂ ਰੁਜ਼ਗਾਰ ਦਿੱਤਾ ਜਾਵੇ। ਜਨਤਕ ਵੰਡ ਪ੍ਰਣਾਲੀ ਰਾਹੀਂ ਨਿੱਤ ਵਰਤੋਂ ਦੀਆਂ ਸਾਰੀਆਂ ਜ਼ਰੂਰੀ ਵਸਤਾਂ ਸਰਕਾਰੀ ਡਿਪੂਆਂ ਰਾਹੀਂ ਸਸਤੇ ਭਾਅ 'ਤੇ ਮੁੱਹਈਆ ਕਰਵਾਈਆਂ ਜਾਣ, ਲੋੜਵੰਦਾਂ ਦੇ ਕੱਟੇ ਕਾਰਡ ਬਹਾਲ ਕੀਤੇ ਜਾਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਾਰਾ ਸਿੰਘ ਥੰਮੂਵਾਲ, ਮੇਜਰ ਫਿਲੌਰ, ਨਛੱਤਰ ਮਾਹੂੰਵਾਲ ਆਦਿ ਹਾਜ਼ਰ ਸਨ।

# ਚੌਧਰੀ ਤਰਲੋਚਨ ਸਿੰਘ ਸੂੰਢ ਦੀ ਅੰਤਮ ਅਰਦਾਸ ਤੇ ਭੋਗ ਭਲਕੇ

**ਬੰਗਾ (ਅਵਤਾਰ ਕਲੇਰ)**-ਬੰਗਾ ਹਲਕੇ ਤੋਂ ਸਾਬਕਾ ਵਿਧਾਇਕ ਚੌਧਰੀ ਤਰਲੋਚਨ ਸਿੰਘ ਸੂੰਢ ਦਾ ਤਰਨਤਾਰਨ ਜ਼ਿਮਨੀ ਚੋਣ ਦੇ ਪ੍ਰਚਾਰ ਦੌਰਾਨ ਅਚਾਨਕ ਦੇਹਾਂਤ ਹੋ ਗਿਆ ਸੀ।



ਉਹਨਾਂ ਦੀ ਅੰਤਿਮ ਅਰਦਾਸ ਅਤੇ ਭੋਗ 15 ਨਵੰਬਰ ਨੂੰ ਦਾਣਾ ਮੰਡੀ ਬੰਗਾ ਵਿਖੇ ਹੋਵੇਗਾ। ਇਸ ਸਬੰਧੀ ਦਿੰਦਿਆਂ ਬਲਾਕ ਕਾਂਗਰਸ ਕਮੇਟੀ ਬੰਗਾ ਦੇ ਪ੍ਰਧਾਨ ਕੁਲਵਰਨ ਸਿੰਘ ਥਾਂਦੀਆ ਨੇ ਦੱਸਿਆ ਕਿ ਚੌਧਰੀ ਤਰਲੋਚਨ ਸਿੰਘ ਸੂੰਢ ਦੇ ਤੁਰ ਜਾਣ ਨਾਲ ਪਰਵਾਰ ਤੋਂ ਇਲਾਵਾ ਕਾਂਗਰਸ ਪਾਰਟੀ ਅਤੇ ਸਮੁੱਚੇ ਇਲਾਕੇ ਨੂੰ ਬਹੁਤ ਵੱਡਾ ਘਾਟਾ ਪਿਆ। ਇਸ ਪਰਵਾਰ ਦੇ ਬਜ਼ੁਰਗਾਂ ਚੌਧਰੀ ਜਗਤ ਰਾਮ ਸੂੰਢ ਸਾਬਕਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਕੁਰਬਾਨੀ ਦਿੱਤੀ। ਚੌਧਰੀ ਤਰਲੋਚਨ ਸਿੰਘ ਸੂੰਢ ਦੋ ਵਾਰ ਹਲਕਾ ਬੰਗਾ ਤੋਂ ਵਿਧਾਇਕ ਰਹੇ। ਉਹਨਾਂ ਦੀ ਅੰਤਿਮ ਅਰਦਾਸ ਮੌਕੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਤੋਂ ਇਲਾਵਾ ਕਾਂਗਰਸ ਪਾਰਟੀ ਦੇ ਸੂਬਾਈ ਆਗੂ, ਮੈਂਬਰ ਪਾਰਲੀਮੈਂਟ, ਵਿਧਾਇਕ ਸ਼ਰਧਾਂਜਲੀਆਂ ਭੇਟ ਕਰਨਗੇ। ਇਸ ਮੌਕੇ ਸਤਵੀਰ ਸਿੰਘ ਪੱਲੀ ਝਿੱਕੀ, ਰਾਮਦਾਸ ਸਿੰਘ, ਕੁਲਵਰਨ ਸਿੰਘ ਥਾਂਦੀਆ,ਅਮਰਜੀਤ ਕਲਸੀ, ਦਰਵਜੀਤ ਸਿੰਘ ਪੂਨੀਆਂ, ਕਮਲਜੀਤ ਬੰਗਾ, ਅਮਰਜੀਤ ਕਲਸੀ,ਰਜਿੰਦਰ ਸ਼ਰਮਾ ਆਦਿ ਹਾਜ਼ਰ ਸਨ।

14 Nov Page 9.qxd 11/13/2025 10:23 PM Page 1



## ਮਹਿਲਾ ਕਾਂਸਟੇਬਲ ਨੂੰ ਨਮ ਅੱਖਾਂ ਨਾਲ ਦਿੱਤੀ ਵਿਦਾਇਗੀ

**ਆਦਮਪੁਰ (ਪਰਮਜੀਤ ਸਿੰਘ)**- ਅਲਾਵਲਪੁਰ ਦੀ ਕੁਲਵਿੰਦਰ ਕੌਰ 2010 ਵਿੱਚ ਸਖ਼ਤ ਮਿਹਨਤ ਨਾਲ ਬੀ ਐੱਸ ਐੱਫ ਵਿੱਚ ਕਾਂਸਟੇਬਲ ਬਣੀ।ਬਤੌਰ ਕਾਂਸਟੇਬਲ ਹੁਸੈਨੀਵਾਲਾ ਬਾਰਡਰ, ਖੇਮਕਰਨ, ਅੰਮ੍ਰਿਤਸਰ ਸਮੇਤ ਵੱਖ-ਵੱਖ ਸਰਹੱਦੀ ਖੇਤਰਾਂ ਵਿੱਚ ਡਿਊਟੀ ਕਰਕੇ ਦੇਸ਼ ਦੀ ਸੇਵਾ ਕੀਤੀ। ਇਸ ਸਮੇਂ ਬਟਾਲੀਅਨ ਨੰਬਰ 192/ਬੀ.ਐਂਨ ਜੈਸਲਮੇਰ ਵਿਖੇ ਤੈਨਾਤ ਸੀ। ਫਰਵਰੀ 2024 ਵਿੱਚ, ਕੁਲਵਿੰਦਰ ਨੂੰ ਕੈਂਸਰ ਦਾ ਪਤਾ ਲੱਗਿਆ, ਜਿਸ ਦਾ ਕੀ ਪੂਰੀ ਯੂਨਿਟ ਅਤੇ ਪਰਿਵਾਰ ਵਾਲਿਆਂ ਵੱਲੋਂ ਬਹੁਤ ਹੀ ਇਲਾਜ ਕਰਵਾਇਆ ਗਿਆ। ਆਖਿਰ ਉਹ ਕੈਂਸਰ ਦੀ ਨਾਮੁਰਾਦ ਬਿਮਾਰੀ ਅੱਗੇ ਆਪਣੀ ਜ਼ਿੰਦਗੀ ਦੀ ਜੰਗ ਹਾਰ ਗਈ। ਮੰਗਲਵਾਰ ਦੁਪਹਿਰ ਨੂੰ ਅਲਾਵਲਪੁਰ ਦੇ ਸ਼ਾਹਪੁਰਵਾਲਾ ਸ਼ਮਸ਼ਾਨਘਾਟ ਵਿਖੇ ਉਨ੍ਹਾਂ ਦਾ ਅੰਤਿਮ ਸੰਸਕਾਰ ਫੌਜੀ ਸਨਮਾਨਾਂ ਨਾਲ ਕੀਤਾ ਗਿਆ। ਜਿੱਥੇ ਬੀ ਐੱਸ ਐੱਫ ਅਧਿਕਾਰੀਆਂ ਨੇ ਪਵਿੱਤਰ ਸਰੀਰ 'ਤੇ ਤਿਰੰਗਾ ਲਹਿਰਾਇਆ ਅਤੇ ਬੀ ਐੱਸ ਐੱਫ ਫਰੰਟੀਅਰ ਹੈਡ ਕੁਆਰਟਰ ਵੱਲੋਂ ਕੁਲਵਿੰਦਰ ਕੌਰ ਨੂੰ ਸਲਾਮੀ ਦਿੱਤੀ ਗਈ। ਇਸ ਤੋਂ ਬਾਅਦ ਪਰਿਵਾਰ ਨੂੰ ਤਿਰੰਗਾ ਭੇਟ ਕੀਤਾ ਗਿਆ। ਅਧਿਕਾਰੀਆਂ ਵੱਲੋਂ ਕੁਲਵਿੰਦਰ ਕੌਰ ਦੇ ਮਾਪਿਆਂ ਲਈ ਡੂੰਘੀ ਸੰਵੇਦਨਾ ਪ੍ਰਗਟ ਕੀਤੀ। ਅੰਤਿਮ ਸੰਸਕਾਰ ਵਿੱਚ ਸ਼ਾਮਲ ਹਜ਼ਾਰਾਂ ਸਥਾਨਕ ਨਿਵਾਸੀਆਂ ਨੇ ਕੁਲਵਿੰਦਰ ਕੌਰ ਨੂੰ ਹੰਝੂਆ ਭਰੀਆਂ ਅੱਖਾਂ ਨਾਲ ਅੰਤਿਮ ਵਿਦਾਈ ਦਿੱਤੀ। ਇਸ ਮੌਕੇ ਪੂਰੇ ਇਲਾਕੇ ਵਿੱਚ ਸੋਗ ਦਾ ਮਾਹੌਲ ਛਾ ਗਿਆ। ਕੁਲਵਿੰਦਰ ਕੌਰ ਦੇ ਨਮਿੱਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਮਿਤੀ 19 ਨਵੰਬਰ ਨੂੰ ਉਨਾਂ ਦੇ ਗ੍ਰਹਿ ਕਸਬਾ ਅਲਾਵਲਪੁਰ ਜਿਲ੍ਹਾ ਜਲੰਧਰ ਵਿਖੇ ਬਾਅਦ ਦੁਪਹਿਰ ਕੀਤੀ ਜਾਵੇਗੀ।



## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਸੈਮੀਨਾਰ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਸਰਕਾਰੀ ਕਾਲਜ ਡੇਰਾਬੱਸੀ ਵਿਖੇ ਪ੍ਰਿੰਸੀਪਲ ਸ੍ਰੀਮਤੀ ਗਿਤਾਂਜਲੀ ਕਾਲੜਾ ਦੀ ਯੋਗ ਅਗਵਾਈ ਹੇਠ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਡਾ. ਭਗਵੰਤ ਸਿੰਘ ਰਿਟਾਇਰਡ ਖੋਜ ਅਫਸਰ ਭਾਸ਼ਾ ਵਿਭਾਗ ਪੰਜਾਬ ਤੇ ਤੇਜਿੰਦਰ ਸਿੰਘ ਖਿਜਰਾਬਾਦੀ (ਮੈਨੇਜਿੰਗ ਡਾਇਰੈਕਟਰ) ਸਿੱਖ ਬੁੱਕ ਟਰੱਸਟ ਇੰਟਰਨੈਸ਼ਨਲ ਨੇ ਮੁਖ ਬੁਲਾਰਿਆਂ ਵੱਜੋਂ ਸ਼ਿਰਕਤ ਕੀਤੀ। ਇਸ ਸੈਮੀਨਾਰ ਦਾ ਆਗਾਜ਼ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚੋਂ ਲਏ ਗਏ ਸ਼ਬਦ ਗਾਇਨ ਨਾਲ ਕੀਤਾ ਗਿਆ। ਵਾਈਸ ਪ੍ਰਿੰਸੀਪਲ ਪ੍ਰੋ. ਆਮੀ ਭੱਲਾ ਨੇ ਮਹਿਮਾਨਾਂ ਦਾ ਸੁਆਗਤ ਕੀਤਾ। ਸੈਮੀਨਾਰ ਦੇ ਪਹਿਲੇ ਪੜਾਅ ਵਿੱਚ ਡਾ. ਭਗਵੰਤ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆ, ਉਹਨਾਂ ਦੀ ਸ਼ਹਾਦਤ ਦੇ ਮੁੱਖ ਕਾਰਣਾਂ ਦਾ ਜ਼ਿਕਰ ਕੀਤਾ, ਨਾਲ ਹੀ ਉਹਨਾਂ ਨੇ ਧਰਮ ਦੇ ਸਹੀ ਅਰਥ ਕੀ ਹਨ ਅਤੇ ਅਸਲ ਸ਼ਹੀਦ ਕੌਣ ਹੁੰਦਾ ਹੈ, ਬਾਰੇ ਵਿਦਿਆਰਥੀਆਂ ਨੂੰ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਉਪਰੰਤ ਕਾਲਜ ਦੇ ਵਿਦਿਆਰਥੀਆਂ ਦੁਆਰਾ ਤਿਆਰ ਕੀਤੀ ਲਘੂ ਫਿਲਮ, ਕੌਣ ਭਲੇ ਕੋ ਮੰਦੇ ਵਿਖਾਈ ਗਈ। ਇਸ ਫਿਲਮ ਨੇ ਯੂਥ ਫੈਸਟੀਵਲ, 2025 ਵਿੱਚ ਪਹਿਲਾ ਸਥਾਨ ਹਾਸਲ ਕੀਤਾ ਜੋ ਕਿ ਕਾਲਜ ਲਈ ਬੜੇ ਮਾਣ ਵਾਲੀ ਗੱਲ ਹੈ। ਸੈਮੀਨਾਰ ਦੇ ਦੂਜੇ ਪੜਾਅ ਵਿੱਚ ਸ੍. ਤੇਜਿੰਦਰ ਸਿੰਘ ਖਿਜਰਾਬਾਦੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਸ੍ਰਿਸ਼ਟੀ ਦੀ ਚਾਦਰ ਕਿਵੇਂ ਬਣੇ ਅਤੇ ਉਹਨਾਂ ਦੀ ਸ਼ਹੀਦੀ ਯਾਤਰਾ ਦੇ ਸਫਰ ਨੂੰ ਇਤਿਹਾਸਿਕ ਤਸਵੀਰਾਂ ਰਾਹੀਂ ਵਿਦਿਆਰਥੀਆਂ ਤੇ ਸਮੁੱਚੇ ਸਟਾਫ ਨਾਲ ਸਾਂਝਾ ਕੀਤਾ। ਇਸ ਦੇ ਨਾਲ ਹੀ ਉਹਨਾਂ ਨੇ ਇਹ ਵੀ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਸਮਾਜ ਤੇ ਕੀ ਪ੍ਰਭਾਵ ਪਿਆ।



## ਸਤਿਗੁਰੂ ਰਵਿਦਾਸ ਮਹਾਰਾਜ ਦਾ ਪ੍ਰਕਾਸ਼ ਪੁਰਬ ਵਿਸ਼ਵ ਪੱਧਰ 'ਤੇ 20 ਫਰਵਰੀ 2027 ਨੂੰ ਮਨਾਇਆ ਜਾਵੇਗਾ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਡੇਰਾ ਬ੍ਰਹਮਲੀਨ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਵਿਖੇ ਡੇਰੇ ਦੇ ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਣ ਦਾਸ ਮਹਾਰਾਜ ਜੀ (ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਪਬਲਿਕ ਚੈਰੀਟੇਬਲ ਟਰੱਸਟ ਕਾਂਸ਼ੀ ਬਨਾਰਸ) ਦੀ ਅਗਵਾਈ 'ਚ ਡੇਰਾ ਸੱਚਖੰਡ ਬੱਲਾਂ ਦੇ ਸਮੂਹ ਸੰਤ ਮਹਾਂਪੁਰਸ਼ਾ, ਸੇਵਾਦਾਰਾਂ ਤੇ ਵਿਸ਼ੇਸ਼ ਕਰਕੇ ਸਤਿਗੁਰੂ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਸੀਰ ਗੋਵਰਧਨਪੁਰ ਕਾਂਸ਼ੀ ਬਨਾਰਸ ਟਰੱਸਟ ਦੇ ਸਮੂਹ ਅਹੁਦੇਦਾਰਾਂ ਤੇ ਸੇਵਾਦਾਰਾਂ ਦੀ ਹਾਜ਼ਰੀ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 20 ਫਰਵਰੀ 2027 ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 650 ਵਾਂ ਪ੍ਰਕਾਸ਼ ਪੁਰਬ ਵਿਸ਼ਵ ਪੱਧਰ 'ਤੇ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਸੀਰ ਗੋਵਰਧਨਪੁਰ ਕਾਂਸ਼ੀ (ਬਨਾਰਸ) ਵਿਖੇ ਦੇਸ਼ ਵਿਦੇਸ਼ ਦੀਆਂ ਲੱਖਾਂ ਸ਼ਰਧਾਲੂ ਸੰਗਤਾਂ ਵੱਲੋਂ ਮਨਾਏ ਜਾਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸਮਾਗਮ ਵਿਸ਼ਵ ਪੱਧਰ 'ਤੇ ਸੰਤ ਨਿਰੰਜਣ ਦਾਸ ਮਹਾਰਾਜ ਜੀ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਪਬਲਿਕ ਚੈਰੀਟੇਬਲ ਟਰੱਸਟ ਕਾਂਸ਼ੀ ਬਨਾਰਸ ਦੀ ਰਹਿਨਮਾਈ ਹੇਠ ਅਤੇ ਦੇਸ਼ ਭਰ ਦੇ ਸਮੁੱਚੇ ਸਾਧੂ ਤੇ ਸੰਤ ਸਮਾਜ ਦੀ ਯੋਗ ਅਗਵਾਈ 'ਚ ਮਨਾਇਆ ਜਾਵੇਗਾ। ਇਸ ਵਿਸ਼ਵ ਪੱਧਰੀ ਸਮਾਗਮ ਦੀਆਂ ਤਿਆਰੀਆਂ ਸਬੰਧੀ ਜਾਣਕਾਰੀ ਦਿੰਦਿਆਂ ਸਮੁੱਚੇ ਟਰੱਸਟ ਤੇ ਡੇਰਾ ਸੱਚਖੰਡ ਬੱਲਾਂ ਦੇ ਸੇਵਾਦਾਰਾਂ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਸ ਸਮਾਗਮ ਸਬੰਧੀ ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਲੜੀਵਾਰ ਪਾਵਨ ਜਾਪ 2 ਫਰਵਰੀ 2026 ਤੋਂ ਹੀ ਨਿਰੰਤਰ ਆਰੰਭ ਹੋ ਜਾਣਗੇ। ਸਮਾਗਮ 'ਚ ਪੂਰੇ ਭਾਰਤ ਤੇ ਵਿਸ਼ਵ ਦੇ ਕੋਨੇ ਕੋਨੇ ਤੋਂ ਸਤਿਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਪ੍ਰਸਾਰ ਦੇ ਮਹਾਨ ਪ੍ਰਚਾਰਕ ਸੰਤ ਮਹਾਂਪੁਰਸ਼, ਬੁੱਧੀਜੀਵੀ, ਵਿਦਵਾਨ ਸ਼ਖ਼ਸ਼ੀਅਤਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮਾਨਵਤਾ ਭਲੇ ਹਿੱਤ ਕੀਤੇ ਪਰਉਪਕਾਰਾਂ ਦੇ ਸੰਘਰਸ਼ ਅਤੇ ਉਨ੍ਹਾਂ ਦੀ ਰਚਿਤ ਪਾਵਨ ਅੰਮ੍ਰਿਤਬਾਣੀ ਤੇ ਜੀਵਨ ਮਿਸ਼ਨ 'ਤੇ ਅਧਾਰਿਤ ਸੰਤ ਪ੍ਰਵਚਨ ਤੇ ਅਨਮੋਲ ਵਿਚਾਰਾਂ ਨਾਲ ਸ਼ਰਧਾਵਾਨ ਸੰਗਤਾਂ ਨੂੰ ਗੁਰ ਇਤਿਹਾਸ ਤੋਂ ਜਾਣੂ ਕਰਾਉਂਦਿਆਂ ਗੁਰੂ ਜਸ ਸਰਵਣ ਕਰਵਾਉਣਗੇ।



## ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਤ ਭਾਸ਼ਣ ਮੁਕਾਬਲਾ

**ਜਲੰਧਰ (ਸ਼ੈਲੀ ਐਲਬਰਟ)**- ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਅਤੇ ਐੱਨ ਐੱਸ ਐੱਸ ਯੂਨਿਟ ਨੇ ਰੋਟਰੀ ਕਲੱਬ ਜਲੰਧਰ ਹੈਲਪਿੰਗ ਹੈਂਡਸ ਗਰੁੱਪ ਦੇ ਸਹਿਯੋਗ ਨਾਲ ਗੁਰੂ ਤੇਗ ਬਹਾਦਰ ਜੀ ਦੀ ਸਰਵਉੱਚ ਸ਼ਹਾਦਤ ਦੀ ਯਾਦ ਵਿੱਚ ਭਾਸ਼ਣ ਮੁਕਾਬਲੇ ਦਾ ਆਯੋਜਨ ਕੀਤਾ। ਸਮਾਗਮ ਦੇ ਮੁੱਖ ਮਹਿਮਾਨ ਸਵਾਮੀ ਸ਼ਾਂਤਾਨੰਦ ਜੀ ਉਦਾਸੀਨ ਦਾ ਸਵਾਗਤ ਕਾਲਜ ਪ੍ਰਿੰਸੀਪਲ ਪ੍ਰੋ. ਨਵਦੀਪ ਕੌਰ, ਪ੍ਰਧਾਨ ਰੋਟੇਰੀਅਨ ਡਾ. ਮਨਦੀਪ ਸਿੰਘ ਅਤੇ ਪ੍ਰਬੰਧਕ ਕਮੇਟੀ ਨੇ ਕੀਤਾ। ਪ੍ਰਿੰਸੀਪਲ ਪ੍ਰੋ. ਨਵਦੀਪ ਕੌਰ ਨੇ ਆਪਣੇ ਉਦਘਾਟਨੀ ਭਾਸ਼ਣ ਵਿੱਚ ਮੌਜੂਦਾ ਸਮੇਂ ਵਿੱਚ, ਜਦੋਂ ਅਸਹਿਣਸ਼ੀਲਤਾ ਤੇਜ਼ੀ ਨਾਲ ਵਧ ਰਹੀ ਹੈ, ਪਰਉਪਕਾਰੀ ਪਹੁੰਚ ਅਪਣਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਾਨੂੰ ਗੁਰੂ ਤੇਗ ਬਹਾਦਰ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀਆਂ ਕੁਰਬਾਨੀਆਂ ਤੋਂ ਸਬਕ, ਮਨੁੱਖੀ ਅਧਿਕਾਰਾਂ ਦੇ ਪ੍ਰਚਾਰ ਅਤੇ ਵਿਸ਼ਵਵਿਆਪੀ ਭਾਈਚਾਰੇ ਦੇ ਸਬਕ ਸਿੱਖਣ ਦੀ ਲੋੜ ਹੈ। ਸਮਾਗਮ ਦੇ ਮੁੱਖ ਮਹਿਮਾਨ ਸਵਾਮੀ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ ਸੰਖੇਪ ਵਿੱਚ ਚਰਚਾ ਕੀਤੀ ਅਤੇ ਵਿਦਿਆਰਥੀਆਂ ਨੂੰ ਸਮਾਜ ਦੀ ਭਲਾਈ ਦੇ ਸੰਕਲਪ ਨੂੰ ਅਪਣਾਉਣ ਅਤੇ ਲਾਗੂ ਕਰਨ ਲਈ ਪ੍ਰੇਰਿਤ ਕੀਤਾ। ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਦੇ ਕੋਆਰਡੀਨੇਟਰ ਪ੍ਰੋ. ਮਨਦੀਪ ਸਿੰਘ ਨੇ ਦੱਸਿਆ ਕਿ ਇਸ ਮੁਕਾਬਲੇ ਲਈ 90 ਤੋਂ ਵੱਧ ਭਾਗੀਦਾਰਾਂ ਨੇ ਰਜਿਸਟਰੇਸ਼ਨ ਕਰਵਾਈ ਅਤੇ ਜਲੰਧਰ, ਕਪੂਰਥਲਾ ਅਤੇ ਅੰਮ੍ਰਿਤਸਰ ਦੇ ਵੱਖ-ਵੱਖ ਕਾਲਜਾਂ ਅਤੇ ਸਕੂਲਾਂ ਦੇ 35 ਵਿਦਿਆਰਥੀਆਂ ਨੇ ਗੁਰੂ ਤੇਗ ਬਹਾਦਰ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਵਿਸ਼ੇ 'ਤੇ ਹੋਏ ਇਸ ਭਾਸ਼ਣ ਮੁਕਾਬਲੇ ਵਿੱਚ ਹਿੱਸਾ ਲਿਆ। ਪ੍ਰੋ. ਮਨਦੀਪ ਸਿੰਘ ਤੇ ਸ੍ਰੀ ਹਰਵਿੰਦਰ ਸਿੰਘ ਨੇ ਇਸ ਮੁਕਾਬਲੇ ਵਿਚ ਜੱਜਾਂ ਦੀ ਭੂਮਿਕਾ ਨਿਭਾਈ। ਐੱਨ ਐੱਸ ਐੱਸ ਪ੍ਰੋਗਰਾਮ ਪ੍ਰੋ. ਸਤਪਾਲ ਸਿੰਘ ਨੇ ਦੱਸਿਆ ਕਿ ਮੁਕਾਬਲੇ ਵਿੱਚ ਦੀਪ ਕੌਰ, ਏਕਤਾ ਪਾਂਡੇ ਅਤੇ ਵੰਸ਼ਿਕਾ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਸੰਜਨਾ, ਕਲਪਨਾ ਅਤੇ ਗੁਰਵੀਰ ਕੌਰ ਨੂੰ ਹੌਸਲਾ ਵਧਾਊ ਇਨਾਮ ਦਿੱਤੇ ਗਏ। ਇਸ ਸਮਾਗਮ ਦੌਰਾਨ ਡਾ. ਹਰਮੀਤ ਕੌਰ ਰਿਆਤ, ਸਹਾਇਕ ਗਵਰਨਰ ਰੋਟਰੀ ਕਲੱਬ ਐਸ.ਕੇ. ਬਾਂਸਲ, ਹਰਮਿੰਦਰ ਸਿੰਘ ਸਿਦਾਨਾ, ਰੁਚੀ ਗੌੜ, ਰਾਜੇਸ਼ ਬਾਹਰੀ, ਉੱਘੇ ਸਮਾਜ ਸੇਵਕ ਸੁਰਿੰਦਰ ਸੈਣੀ, ਕਾਲਜ ਸਟਾਫ਼ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।



## ਕਵਿਤਾ ਤੇ ਭਾਸ਼ਣ ਮੁਕਾਬਲੇ ਕਰਵਾਏ



**ਕਪੂਰਥਲਾ (ਹਨੀ)**- ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਦੀ ਅਗਵਾਈ ਵਿੱਚ ਸਕੂਲ ਦੇ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਦਰਮਿਆਨ ਕਵਿਤਾ ਅਤੇ ਇੰਗਲਿਸ਼ ਭਾਸ਼ਣ ਮੁਕਾਬਲੇ ਕਰਵਾਏ ਗਏ। ਕਵਿਤਾ ਗਾਇਨ ਮੁਕਾਬਲਾ ਪਹਿਲੀ ਤੋਂ ਤੀਜੀ ਜਮਾਤ ਤੱਕ ਦੇ ਦਰਮਿਆਨ ਵਿਚਕਾਰ ਕਰਵਾਇਆ ਗਿਆ। ਜਿਸ ਵਿੱਚ ਪਹਿਲੀ ਜਮਾਤ 'ਚੋਂ ਅਸੀਸ ਕੌਰ ਪਹਿਲੇ, ਲਵਿਸ਼ ਦੂਸਰੇ ਅਤੇ ਹਰਸ਼ਿਤ ਤੀਸਰੇ ਸਥਾਨ 'ਤੇ ਰਿਹਾ । ਦੂਸਰੀ ਜਮਾਤ ਮਨਸੀਰਤ ਕੌਰ ਪਹਿਲੇ, ਇਕਜੋਤ ਕੌਰ ਦੂਸਰੇ ਅਤੇ ਗੁਰਫਤਿਹ ਤੀਸਰੇ ਸਥਾਨ 'ਤੇ ਰਿਹਾ । ਤੀਸਰੀ ਜਮਾਤ ਸੁਖਮਨੀ ਨੰਦਾ ਪਹਿਲੇ, ਸਮਰਾਟ ਮੀਨਾ ਦੂਸਰੇ ਅਤੇ ਪ੍ਰੀਤ ਖਟਾਨਾ ਤੀਸਰੇ ਸਥਾਨ 'ਤੇ ਰਿਹਾ । ਇਸੇ ਤਰ੍ਹਾਂ ਇੰਗਲਿਸ਼ ਡੈਕਲਾਮੇਸ਼ਨ ਦੀ ਪ੍ਰਤੀਯੋਗਿਤਾ ਚੌਥੀ ਤੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਵਿਚਕਾਰ ਕਰਵਾਈ ਗਈ । ਚੌਥੀ ਜਮਾਤ ਪਵਨੀਤ ਕੌਰ ਪਹਿਲੇ, ਅਭੈਵੀਰ ਸਿੰਘ ਦੂਸਰੇ ਅਤੇ ਸੁਖਮਨਪ੍ਰੀਤ ਤੀਸਰੇ ਸਥਾਨ 'ਤੇ ਰਿਹਾ । ਪੰਜਵੀਂ ਜਮਾਤ ਸਮਰੀਤ ਕੌਰ ਪਹਿਲੇ, ਗੁੰਜਨ ਦੂਸਰੇ ਅਤੇ ਖੁਸ਼ਮੀਤ ਤੀਸਰੇ ਸਥਾਨ 'ਤੇ ਰਹੀ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ।

## ਰੇਲ ਗੱਡੀ ਦੀ ਲਪੇਟ 'ਚ ਆਉਣ ਨਾਲ ਪ੍ਰਵਾਸੀ ਔਰਤ ਦੀ ਮੌਤ

**ਅਲਾਵਲਪੁਰ (ਮਦਨ ਬੰਗੜ)**- ਬੀਤੇ ਦਿਨ ਬਿਆਸ ਪਿੰਡ ਵਿਖੇ ਰੇਲਵੇ ਫਾਟਕ ਨੰਬਰ ਸੀ 27 ਨੰਬਰ ਤੋਂ ਕੁਝ ਦੂਰੀ ਤੇ ਇੱਕ ਪ੍ਰਵਾਸੀ ਮਜ਼ਦੂਰ ਔਰਤ ਦੀ ਰੇਲ ਗੱਡੀ ਹੇਠ ਆਉਣ ਕਾਰਨ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਰੇਲਵੇ ਲਾਈਨਾਂ ਦੇ ਨਜ਼ਦੀਕ ਰੇਲਵੇ ਵਿਭਾਗ ਦਾ ਹੀ ਕੰਮ ਕਰਦੇ ਮਜ਼ਦੂਰਾਂ ਵਿੱਚੋਂ ਇੱਕ ਮਜ਼ਦੂਰ ਔਰਤ [illegible] ਉਮਰ ਤਕਰੀਬਨ 45 ਸਾਲ ਜਦੋਂ ਸਵੇਰੇ 8:30 ਵਜੇ ਦੇ ਕਰੀਬ ਰੇਲਵੇ ਲਾਈਨਾਂ ਪਾਰ ਕਰਨ ਲੱਗੀ ਤਾਂ ਜੰਮੂ ਤਵੀ ਐਕਸਪ੍ਰੈਸ ਰੇਲ ਗੱਡੀ ਦੀ ਲਪੇਟ ਵਿੱਚ ਆਉਣ ਕਾਰਨ ਉਸ ਦੀ ਮੌਕੇ ਤੇ ਹੀ ਮੌਤ ਹੋ ਗਈ । ਸੂਚਨਾ ਮਿਲਦਿਆਂ ਹੀ ਰੇਲਵੇ ਪੁਲਿਸ ਚੌਂਕੀ ਅਲਾਵਲਪੁਰ ਅਤੇ ਸੁੱਚੀ ਪਿੰਡ ਤੋਂ ਏ ਐੱਸ ਆਈ ਗਿਆਨ ਸਿੰਘ ਰੇਲਵੇ ਪੁਲਿਸ ਚੌਂਕੀ ਇੰਚਾਰਜ ਅਲਾਵਲਪੁਰ, ਹੈਡ ਕਾਂਸਟੇਬਲ ਰਜਿੰਦਰ ਸਿੰਘ, ਹੌਲਦਾਰ ਸਵਰਨਜੀਤ ਸਿੰਘ ਰੇਲਵੇ ਪੁਲਸ ਕਰਮਚਾਰੀ ਮੌਕੇ ਤੇ ਪਹੁੰਚੇ ਅਤੇ ਅਗਲੀ ਕਾਰਵਾਈ ਸ਼ੁਰੂ ਕੀਤੀ।



## ਸੰਤ ਸਮਾਗਮ ਅੱਜ

**ਅੱਡਾ ਸਰਾਂ (ਜਸਵੀਰ ਕਾਜਲ)**- ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਾਨ ਵਿਚਾਰਧਾਰਾ ਸਮਰਪਿਤ ਨੌਵਾਂ ਮਹਾਨ ਸੰਤ ਸੰਮੇਲਨ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਸਭਾ ਪਿੰਡ ਕਲੋਏ ਵੱਲੋਂ 14 ਨਵੰਬਰ ਨੂੰ ਕਰਵਾਇਆ ਜਾਵੇਗਾ। ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਨ ਦਾਸ ਮਹਾਰਾਜ ਜੀ ਦੀ ਸਰਪ੍ਰਸਤੀ ਹੇਠ ਹੋਣ ਵਾਲੇ ਸਮਾਗਮ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਕਸ਼ਮੀਰ ਸਿੰਘ, ਸਰਪੰਚ ਅਜੈਬ ਸਿੰਘ, ਸਾਬਕਾ ਸਰਪੰਚ ਬਲਵੀਰ ਸਿੰਘ, ਜੱਸਾ ਸਿੰਘ ਕਲੋਏ, ਦਲਜੀਤ ਸਿੰਘ, ਆਗਿਆ ਸਿੰਘ, ਜੋਗਾ ਸਿੰਘ, ਪਰਮਜੀਤ ਕੌਰ, ਸਾਬਕਾ ਸਰਪੰਚ ਸੁਖਵਿੰਦਰ ਕੌਰ ਤੇ ਕਮਲਜੀਤ ਸਿੰਘ ਨੇ ਦੱਸਿਆ ਕਿ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਹੋਣ ਵਾਲੇ ਇਸ ਸੰਤ ਸੰਮੇਲਨ ਦੌਰਾਨ ਸਭ ਤੋਂ ਪਹਿਲਾਂ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤ ਬਾਣੀ ਦੇ ਭੋਗ ਪਾਏ ਜਾਣਗੇ। ਉਪਰੰਤ ਕਰਵਾਏ ਜਾ ਰਹੇ ਸੰਤ ਸਮਾਗਮ ਵਿਚ ਸੰਤ ਨਿਰੰਜਨ ਦਾਸ ਮਹਾਰਾਜ ਤੋਂ ਇਲਾਵਾ ਸੰਤ ਮਨਦੀਪ ਦਾਸ, ਸੰਤ ਪ੍ਰੀਤਮ ਦਾਸ ਸੋਮਗੜ੍ਹ ਵਾਲੇ, ਸੰਤ ਸੁਖਵਿੰਦਰ ਸਿੰਘ ਡੇਰਾ ਬਡਿਆਲਾ, ਸੰਤ ਸੁਖਵਿੰਦਰ ਦਾਸ ਢੱਡੇ, ਸੰਤ ਨਰੇਸ਼ ਗਿਰ ਨੰਗਲ ਖੂੰਗਾ, ਸੰਤ ਰਾਮ ਗਿਰ ਰਾਜਪੁਰ ਕੰਡੀ, ਸੰਤ ਪ੍ਰੇਮ ਦਾਸ ਰਸਾਲਪੁਰ, ਸੰਤ ਸੇਵੀ ਬਾਪੂ ਦਰਬਾਰ ਚੰਦੋਲੀਪੁਰ ਵਾਲੇ ਤੇ ਹੋਰ ਸੰਤ-ਮਹਾਂਪੁਰਸ਼ ਪਹੁੰਚ ਕੇ ਸਮੂਹ ਸੰਗਤ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਾਨ ਵਿਚਾਰਧਾਰਾ ਨਾਲ ਜੋੜਨਗੇ। ਇਸ ਮੌਕੇ ਮੰਨਾ ਕਲੋਏ, ਗੌਰਵ, ਮਨੀ ਸਿੰਘ, ਨਰਿੰਦਰ ਸਿੰਘ, ਸੋਹਣ ਸਿੰਘ, ਸੇਵਾ ਕੌਰ, ਸੁਰਿੰਦਰ ਕੌਰ, ਉਸ਼ਾਰਾਣੀ, ਹਰਦੀਪ ਕੌਰ, ਪ੍ਰਵੀਨ ਕੌਰ ਤੇ ਹੋਰ ਸੇਵਾਦਾਰ ਵੀ ਹਾਜ਼ਰ ਸਨ।



## ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਜੁਆਇੰਟ ਐਕਸ਼ਨ ਕਮੇਟੀ ਦੇ ਮੈਂਬਰਾਂ ਵੱਲੋਂ ਮੀਟਿੰਗ

**ਟਾਂਡਾ ਉੜਮੁੜ(ਜਸਵਿੰਦਰ ਸੰਧੂ)**- ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਮੁਲਾਜ਼ਮਾਂ ਅਤੇ ਸਮਾਜ ਦੇ ਪਿਛਲੇ ਸਮੇਂ ਤੋਂ ਲਟਕ ਰਹੀਆਂ ਸੰਵਿਧਾਨਿਕ ਮੰਗਾਂ ਨਾ ਮੰਨਣ ਸਬੰਧੀ ਜੁਆਇੰਟ ਐਕਸ਼ਨ ਕਮੇਟੀ ਮੈਂਬਰਾਂ ਪੰਜਾਬ ਵੱਲੋਂ ਦਸ਼ਮੇਸ਼ ਨਗਰ ਟਾਂਡਾ ਵਿਖੇ ਰੋਸ ਮੀਟਿੰਗ ਰੱਖੀ ਗਈ।ਮੀਟਿੰਗ ਚੇਅਰਮੈਨ ਜਸਵੀਰ ਸਿੰਘ ਪਾਲ ਦੀ ਸਰਪ੍ਰਸਤੀ ਹੇਠ ਹੋਈ ਅਤੇ ਉਹਨਾਂ ਕਿਹਾ ਕਿ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਬਣੀਆਂ ਸੰਵਿਧਾਨਕ ਸੰਸਥਾਵਾਂ ਨੂੰ ਪੂਰਨ ਮਾਨਤਾ ਦਿੱਤੀ ਜਾਵੇ ਅਤੇ ਉਨਾਂ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਦੀ ਬਚਨਬੱਧਤਾ ਨੂੰ ਪੂਰਾ ਕੀਤਾ ਜਾਵੇ। 6ਵੇ ਕਮਿਸ਼ਨ ਵਿੱਚ ਸਮੂਹ ਮੁਲਾਜ਼ਮਾਂ ਨੂੰ 125% ਡੀ ਏ ਅਤੇ 20% ਵਾਧੇ ਦੀ ਦਰ ਨਾਲ ਤਨਖਾਹ ਫਿਕਸ ਕਰਕੇ ਪੇ ਕਮਿਸ਼ਨ ਲਾਗੂ ਹੋਣ ਦੀ ਮਿਤੀ ਤੋਂ ਅਦਾਇਗੀ ਕੀਤੀ ਜਾਵੇ। ਜੁਲਾਈ 2021 ਤੋਂ 3% ਡੀ ਏ ਦੀ ਕਿਸ਼ਤ ਜਾਰੀ ਕੀਤੀ ਜਾਵੇ। ਆਬਾਦੀ ਅਨੁਸਾਰ ਭਰਤੀ ਵਿੱਚ ਤਰੱਕੀਆਂ ਰਾਖਵਾਕਰਨ ਦਿੱਤਾ ਜਾਵੇ। ਪੁਰਾਣੀ ਪੈਨਸ਼ਨ ਬਹਾਲੀ 1972 ਦੇ ਰੂਲਜ਼ ਅਨੁਸਾਰ ਕੀਤੀ ਜਾਵੇ ਅਤੇ ਠੇਕੇ 'ਤੇ ਕੰਮ ਕਰਨ ਵਾਲੇ ਸਮੇਂ ਨੂੰ ਵੀ ਪੈਨਸ਼ਨ ਲਾਭ ਦਿੱਤਾ ਜਾਵੇ। ਬੋਰਡ ਅਤੇ ਕਾਰਪੋਰੇਸ਼ਨ ਦੇ ਕਰਮਚਾਰੀਆਂ ਨੂੰ ਵੀ ਇਸਦਾ ਲਾਭ ਦਿੱਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਕੁਲਵੰਤ ਸਿੰਘ, ਰਿੰਕੂ ਭਾਟੀਆ, ਸੁਖਬੀਰ ਸਿੰਘ, ਰਾਜਪਾਲ ਸਿੰਘ, ਰਾਕੇਸ਼ ਰੋਸ਼ਨ ,ਗੁਰਦੀਪ ਸਿੰਘ, ਬਲਜੀਤ ਸਿੰਘ, ਹਰੀਸ਼ ਭੱਟੀ ,ਬਲਵਿੰਦਰ ਸਿੰਘ ,ਸੰਜੀਵ ਕੁਮਾਰ, ਹਰਪ੍ਰੀਤ ,ਬਲਦੇਵ ਸਿੰਘ , ਹਰਜੀਤ ਕੌਰ ਭਾਟੀਆ, ਅਮਨਦੀਪ ਕੌਰ, ਰੇਨੂ , ਮਾਲਤੀ , ਰਮਨਜੀਤ ਕੌਰ ਆਦਿ ਹਾਜ਼ਰ ਸਨ।



## 'ਹਰਿਆਣਾ 'ਚ ਲਿੰਗ ਅਨੁਪਾਤ 912 ਦਰਜ ਕੀਤਾ ਗਿਆ, ਪਿਛਲੇ ਸਾਲ 904 ਸੀ'

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਆਰਤੀ ਸਿੰਘ ਰਾਓ ਦੇ ਨਿਰਦੇਸ਼ ਅਨੁਸਾਰ ਹਰਿਆਣਾ ਵਿੱਚ ਲਿੰਗ ਅਨੁਪਾਤ ਵਿੱਚ ਸੁਧਾਰ ਲਈ ਰਾਜ ਟਾਸਕ ਫੋਰਸ (ਐੱਸ ਟੀ ਐੱਫ਼) ਦੀ ਹਫ਼ਤਾਵਾਰ ਮੀਟਿੰਗ ਸਿਹਤ ਸੇਵਾਵਾਂ ਨਿਦੇਸ਼ਕ ਡਾ. ਵੀਰੇਂਦਰ ਯਾਦਵ ਦੀ ਅਗਵਾਈ ਵਿੱਚ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ 'ਬੇਟੀ ਬਚਾਓ-ਬੇਟੀ ਪੜ੍ਹਾਓ' ਮੁਹਿੰਮ ਤਹਿਤ ਗੈਰ-ਕਾਨੂੰਨੀ ਗਰਭਪਾਤ 'ਤੇ ਰੋਕ ਲਗਾਉਣ ਅਤੇ ਰਾਜ ਦੇ ਲਿੰਗ ਅਨੁਪਾਤ ਵਿੱਚ ਹੋਰ ਸੁਧਾਰ ਲਿਆਉਣ ਦੇ ਯਤਨਾਂ ਨੂੰ ਤੇਜ ਕਰਨ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ। ਮੀਟਿੰਗ ਵਿੱਚ ਦੱਸਿਆ ਗਿਆ ਕਿ ਸਿਹਤ ਅਤੇ ਮਹਿਲਾ ਅਤੇ ਬਾਲ ਵਿਕਾਸ ਵਿਭਾਗਾਂ ਦੇ ਲਗਾਤਾਰ ਯਤਨਾਂ ਕਾਰਨ ਰਾਜ ਵਿੱਚ 1 ਜਨਵਰੀ ਤੋਂ 10 ਜਨਵਰੀ, 2025 ਤੱਕ ਲਿੰਗ ਅਨੁਪਾਤ 912 ਦਰਜ ਕੀਤਾ ਗਿਆ ਹੈ ਜੋ ਪਿਛਲੇ ਸਾਲ ਇਸੇ ਸਮੇ ਵਿੱਚ 904 ਸੀ।ਮੀਟਿੰਗ ਦੌਰਾਨ ਡਾ. ਵੀਰੇਂਦਰ ਯਾਦਵ ਨੇ ਗੈਰ-ਕਾਨੂੰਨੀ ਗਰਭਪਾਤ ਵਿਰੁਧ ਸਖ਼ਤ ਕਾਰਵਾਈ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਅਧਿਕਾਰਿਆਂ ਨੂੰ ਦੋਸ਼ੀ ਪਾਏ ਜਾਣ ਵਾਲੇ ਡਾਕਟਰਾਂ ਦੇ ਲਾਇਸੈਂਸ ਰੱਦ ਕਰਨ ਸਮੇਤ ਦੰਡਾਤਮਕ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗ ਵਿੱਚ ਵੱਖ ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ।

## ਸੀ ਟੀ ਗਰੁੱਪ ਵਿਖੇ ਪੰਚਤੱਤਵ ਥੀਮ 'ਤੇ ਅਧਾਰਤ ਫੈਸ਼ਨ ਸ਼ੋਅ

**ਜਲੰਧਰ (ਸ਼ੈਲੀ ਐਲਬਰਟ)**- ਸੀ ਟੀ ਗਰੁੱਪ ਆਫ ਇੰਸਟੀਟਿਊਸ਼ਨਜ਼, ਸ਼ਾਹਪੁਰ ਨੇ ਆਪਣੇ ਸਾਲਾਨਾ ਫੈਸ਼ਨ ਸ਼ੋਅ ਨਵਯਕ੍ਰਿਤੀ 2025 ਸ਼ਾਨਦਾਰ ਢੰਗ ਨਾਲ ਆਯੋਜਿਤ ਕੀਤਾ। ਜਿਸ ਦਾ ਥੀਮ ਪੰਚਤਤਵ , ਕੁਦਰਤ ਦੇ ਪੰਜ ਮੂਲ ਤੱਤਾਂ — ਧਰਤੀ, ਪਾਣੀ, ਅੱਗ, ਹਵਾ ਤੇ ਆਕਾਸ਼ — ਦੀ ਪ੍ਰਤੀਕਤਾ ਤੇ ਆਧਾਰਿਤ ਸੀ। ਇਹ ਪ੍ਰੋਗਰਾਮ ਫੈਸ਼ਨ, ਰਚਨਾਤਮਕਤਾ ਅਤੇ ਟਿਕਾਊਪਣ ਦੀ ਜੀਵੰਤ ਉਦਾਹਰਣ ਸਾਬਤ ਹੋਇਆ, ਜਿਸ ਵਿਚ ਪੰਜਾਬ ਭਰ ਦੇ ਨੌਜਵਾਨ ਡਿਜ਼ਾਈਨਰਾਂ ਨੇ ਆਪਣੇ ਕਲਾ-ਦ੍ਰਿਸ਼ਟੀਕੋਣ ਨੂੰ ਸਟਾਈਲ ਦੀ ਭਾਸ਼ਾ ਰਾਹੀਂ ਪੇਸ਼ ਕੀਤਾ।ਪੰਜਾਬ ਦੇ ਪ੍ਰਸਿੱਧ ਫੈਸ਼ਨ ਇੰਸਟੀਟਿਊਸ਼ਨਾਂ ਦੀਆਂ ਅੱਠ ਟੀਮਾਂ ਨੇ ਸ਼ੋਅ ਵਿਚ ਭਾਗ ਲਿਆ ਤੇ ਹਰ ਇੱਕ ਨੇ ਆਪਣੀ ਵਿਲੱਖਣ ਕਲੈਕਸ਼ਨ ਰਾਹੀਂ ਥੀਮ ਦੀ ਸੁੰਦਰ ਵਿਆਖਿਆ ਕੀਤੀ। ਇਸ ਪ੍ਰੋਗਰਾਮ ਦੀ ਸ਼ੋਭਾ ਵਧਾਉਣ ਲਈ ਮੁੱਖ ਮਹਿਮਾਨ ਵਜੋਂ ਮਿਸ ਗਲੋਬ ਇੰਡੀਆ 2025 ਮਿਸ ਜਸਮੀਨ ਰਾਣਾ ਦੀ ਸ਼ਮੂਲੀਅਤ ਰਹੀ, ਜਿਸਨੇ ਸ਼ੋਅ ਵਿੱਚ ਗਲੈਮਰ ਅਤੇ ਪ੍ਰੇਰਨਾ ਜੋੜ ਦਿੱਤੀ। ਜੱਜਾਂ ਦੇ ਪੈਨਲ ਵਿੱਚ ਮਿਸ ਚਿਤਵਨ ਕੇ, ਮਿਸ ਪਾਹੁਲ ਮਾਨ ਤੇ ਮਿਸਟਰ ਪੰਕਜ ਠਾਕੁਰ ਸ਼ਾਮਲ ਸਨ, ਜਿਨ੍ਹਾਂ ਨੇ ਭਾਗੀਦਾਰਾਂ ਦਾ ਮੁਲਾਂਕਣ ਰਚਨਾਤਮਕਤਾ, ਪ੍ਰਸਤੁਤੀ, ਥੀਮ ਤੇ ਸਟਾਈਲਿੰਗ ਅਨੁਸਾਰ ਕੀਤਾ।ਰੈਂਪ 'ਤੇ ਰੰਗਾਂ, ਸੂਤਰਾਂ ਅਤੇ ਵਿਚਾਰਾਂ ਦਾ ਵੱਖਰਾ ਮਿਲਾਪ ਦੇਖਣ ਨੂੰ ਮਿਲਿਆ ਜਿਸ ਨੇ ਫੈਸ਼ਨ ਨੂੰ ਪਰਿਵਰਤਨਕ ਸੂਝ ਨਾਲ ਜੋੜ ਦਿੱਤਾ। ਵਿਦਿਆਰਥੀਆਂ ਨੇ ਨਵੇਂ ਸਿਲਹੂਐਟ, ਪ੍ਰਯੋਗਾਤਮਕ ਕੱਪੜੇ ਅਤੇ ਕਲਾਤਮਕ ਡ੍ਰੇਪਸ ਪੇਸ਼ ਕੀਤੇ —ਹਰ ਇੱਕ ਡਿਜ਼ਾਈਨ ਕੁਦਰਤ ਦੇ ਪੰਜ ਤੱਤਾਂ ਦੀ ਸਾਂਝ ਤੇ ਸਮਰਸਤਾ ਨੂੰ ਦਰਸਾ ਰਿਹਾ ਸੀ।ਇਹ ਪ੍ਰੋਗਰਾਮ ਮਾਣਯੋਗ ਚੇਅਰਮੈਨ ਚਰਨਜੀਤ ਸਿੰਘ ਚੰਨੀ, ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ, ਐਗਜ਼ਿਕਿਊਟਿਵ ਡਾਇਰੈਕਟਰ ਡਾ. ਨਿਤਿਨ ਟੰਡਨ ਅਤੇ ਡਾਇਰੈਕਟਰ, ਸ਼ਾਹਪੁਰ ਕੈਂਪਸ ਡਾ. ਸ਼ਿਵ ਕੁਮਾਰ ਦੀ ਮੌਜੂਦਗੀ ਹੇਠ ਆਯੋਜਿਤ ਕੀਤਾ ਗਿਆ, ਜੋ ਸੀ ਟੀ ਗਰੁੱਪ ਦੀ ਰਚਨਾਤਮਕਤਾ, ਨਵੀਨਤਾ ਤੇ ਅਨੁਭਵੀ ਸਿੱਖਿਆ ਪ੍ਰਤੀ ਅਟੱਲ ਵਚਨਬੱਧਤਾ ਨੂੰ ਦਰਸਾਉਂਦਾ ਹੈ।ਸ਼ਾਨਦਾਰ ਪ੍ਰਦਰਸ਼ਨ ਦੇ ਅੰਤ ਤੇ ਅਪੀਜੇ ਇੰਸਟੀਟਿਊਟ ਆਫ ਮੈਨੇਜਮੈਂਟ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਸੀ ਟੀ ਗਰੁੱਪ ਆਫ ਇੰਸਟੀਟਿਊਸ਼ਨਜ਼, ਸ਼ਾਹਪੁਰ ਦੂਜੇ ਤੇ ਸੀ ਟੀ ਯੂਨੀਵਰਸਿਟੀ ਤੀਸਰੇ ਸਥਾਨ ਤੇ ਰਹੀ ਚਰਨਜੀਤ ਸਿੰਘ ਚੰਨੀ, ਚੇਅਰਮੈਨ ਨੇ ਕਿਹਾ ਨਵਯਕ੍ਰਿਤੀ ਸਾਡੇ ਨੌਜਵਾਨਾਂ ਦੀ ਕਲਾਤਮਕ ਤੇ ਬੌਧਿਕ ਡੂੰਘਾਈ ਦਾ ਪ੍ਰਤੀਕ ਹੈ। ਜਦ ਫੈਸ਼ਨ ਕੁਦਰਤ ਤੇ ਟਿਕਾਊਪਣ ਦੇ ਵਿਚਾਰਾਂ ਨਾਲ ਮਿਲਦਾ ਹੈ, ਤਾਂ ਇਹ ਪ੍ਰਗਟਾਵੇ ਦਾ ਸਭ ਤੋਂ ਖ਼ੂਬਸੂਰਤ ਰੂਪ ਬਣ ਜਾਂਦਾ ਹੈ।



## ਉਲੰਪੀਅਨ ਰਿਪੁਦਮਨ ਕੁਮਾਰ ਤੇ ਕੋਚ ਸੰਜੇ ਬੀਰ ਵਿਦਿਆਰਥੀਆਂ ਰੂਬਰੂ

**ਕਾਲਾ ਸੰਘਿਆਂ (ਮਨਜੀਤ ਮਾਨ)**- ਗਦਰੀ ਬਾਬਾ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ ਵਿਖੇ Eminent Expert talk ਤਹਿਤ ਉਲੰਪੀਅਨ ਸ੍ਰੀ ਰਿਪੁਦਮਨ ਕੁਮਾਰ ਸਿੰਘ ਅਤੇ ਭਾਰਤੀ ਰੇਲਵੇ ਹਾਕੀ ਟੀਮ ਦੇ ਕੋਚ ਸੰਜੇ ਬੀਰ ਵੱਲੋਂ ਆਪਣੇ ਜੀਵਨ ਸੰਘਰਸ਼, ਵਿਦਿਆਰਥੀ ਜੀਵਨ, ਖੇਡੇ ਗਏ ਅੰਤਰ ਰਾਸ਼ਟਰੀ ਟੂਰਨਾਮੈਂਟਾਂ ਅਤੇ ਸਫਲਤਾ ਦੇ ਮੰਤਰ ਵਿਦਿਆਰਥੀਆ ਨਾਲ ਸਾਂਝੇ ਕੀਤੇ। ਸਵੇਰ ਦੀ ਸਭਾ ਦੌਰਾਨ ਲੱਗਭਗ ਪੌਣੇ ਘੰਟੇ ਦੇ ਰੂਬਰੂ ਦੌਰਾਨ ਉਹਨਾ ਵੱਲੋਂ ਵਿਦਿਆਰਥੀਆਂ ਨੂੰ ਆਪਣਾ ਨਿਸ਼ਾਨਾ ਮਿੱਥਣ, ਮਿਥੇ ਨਿਸ਼ਾਨੇ ਦੀ ਪ੍ਰਾਪਤੀ ਲਈ ਸਖਤ ਮਿਹਨਤ ਕਰਨ, ਮਾਪਿਆਂ ਅਤੇ ਅਧਿਆਪਕਾਂ ਦਾ ਸਤਿਕਾਰ ਕਰਨ, ਪੰਜਾਬ ਅਤੇ ਦੇਸ਼ ਦੇ ਮਾਣ ਸਨਮਾਨ ਨੂੰ ਬੁਲੰਦ ਕਰਨ ਦਾ ਸੁਨੇਹਾ ਬਹੁਤ ਹੀ ਖ਼ੂਬਸੂਰਤ ਅਤੇ ਭਾਵਪੂਰਨ ਤਰੀਕੇ ਨਾਲ ਦਿੱਤਾ ਗਿਆ। ਪ੍ਰੋਗਰਾਮ ਦੇ ਸ਼ੁਰੂ ਵਿਚ ਲੈਕਚਰਾਰ ਸ਼੍ਰੀ ਸੰਜੀਵ ਕੁਮਾਰ ਵੱਲੋਂ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਸ ਗੁਰਚਰਨ ਸਿੰਘ ਚਾਹਲ ਵੱਲੋਂ ਦੋਵੇਂ ਅੰਤਰ-ਰਾਸ਼ਟਰੀ ਸਖਸ਼ੀਅਤਾਂ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਦਿਆਂ ਹੋਇਆਂ ਧੰਨਵਾਦ ਕੀਤਾ ਗਿਆ।



## ਪੋਸਟਰ ਮੇਕਿੰਗ ਤੇ ਸਲੋਗਨ ਲੇਖਣ ਮੁਕਾਬਲੇ ਕਰਵਾਏ

**ਜਲੰਧਰ (ਸ਼ੈਲੀ ਐਲਬਰਟ)**- ਜ਼ਿਲਾ ਯੁਵਕ ਸੇਵਾਂਵਾਂ ਵੱਲੋਂ 'ਪੰਜਾਬ ਏਡਜ਼ ਕੰਟਰੋਲ ਸੋਸਾਇਟੀ' ਦੇ ਸਹਿਯੋਗ ਨਾਲ ਸੀ ਟੀ ਕਾਲਜ ਆਫ ਐਜੂਕੇਸ਼ਨ ਵਿਖੇ 'ਨਸ਼ਿਆਂ' ਅਤੇ 'ਏਡਜ਼ ਵਿਰੋਧੀ' ਵਿਸ਼ੇ ਤੇ ਪੋਸਟਰ ਮੇਕਿੰਗ ਅਤੇ ਸਲੋਗਨ ਲੇਖਣ ਮੁਕਾਬਲਿਆਂ ਦਾ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ । ਇਨ੍ਹਾਂ ਮੁਕਾਬਲਿਆਂ ਵਿੱਚ ਜਲੰਧਰ ਜ਼ਿਲ੍ਹੇ ਦੇ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਆਪਣੇ ਹੁਨਰ ਦਾ ਪ੍ਰਗਟਾਵਾ ਕੀਤਾ। ਮੇਹਰ ਚੰਦ ਪੌਲੀਟੈਕਨਿਕ ਕਾਲਜ ਦੇ ਸਾਹਿਲ ਨੇ 'ਪੋਸਟਰ ਮੇਕਿੰਗ' ਮੁਕਾਬਲੇ ਵਿੱਚ ਨਸ਼ਿਆਂ ਵਿਰੁੱਧ ਪ੍ਰੇਰਨਾ ਦਾ ਇੱਕ ਬੇਹਤਰੀਨ ਅਤੇ ਦਿਲਕਸ਼ ਪੋਸਟਰ ਬਣਾ ਕੇ ਜ਼ਿਲੇ ਭਰ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ । ਉੱਥੇ ਹੀ ਇਸੇ ਕਾਲਜ ਦੇ ਸਿਵਲ ਇੰਜਿਨਰਿੰਗ ਦੇ ਵਿਦਿਆਰਥੀ ਓਮ ਪ੍ਰਕਾਸ਼ ਨੇ ਸਲੋਗਨ ਲੇਖਣ ਦੇ ਮੁਕਾਬਲੇ ਵਿੱਚ ਦੂਜਾ ਸਥਾਨ ਹਾਸਲ ਕੀਤਾ । ਜੇਤੂ ਰਹੇ ਵਿਦਿਆਰਥੀਆਂ ਨੇ ਕਾਲਜ ਪਹੁੰਚਣ ਤੇ ਪ੍ਰਿੰਸੀਪਲ ਡਾਕਟਰ ਜਗਰੂਪ ਸਿੰਘ ਨੇ ਅਤੇ 'ਰੈਡ ਰਿੱਬਨ ਕੱਲਬ' ਦੇ ਪ੍ਰਧਾਨ ਪ੍ਰੋਫੈਸਰ ਸੰਦੀਪ ਕੁਮਾਰ ਨੇ ਵਧਾਈ ਦਿੱਤੀ।



## ਬਾਕਸਿੰਗ ਖਿਡਾਰੀ ਇਮਾਨੂਏਲ ਨੇ ਜਿੱਤਿਆ ਸਿਲਵਰ ਮੈਡਲ

**ਅੱਡਾ ਸਰਾਂ (ਜਸਵੀਰ ਕਾਜਲ)**- ਗੁਰੂ ਤੇਗ ਬਹਾਦਰ ਸੀਨੀਅਰ ਸੈਕੰਡਰੀ ਸਕੂਲ ਦਸੂਹਾ ਦੇ ਵਿਦਿਆਰਥੀ ਇਮਾਨੂਏਲ (ਵਾਸੀ ਧਰਮਪੁਰਾ) ਨੂੰ ਬਾਕਸਿੰਗ ਵਿੱਚ ਸਕੂਲੀ ਖੇਡਾਂ ਵਿੱਚ ਸਟੇਟ ਲੈਵਲ ਤੇ ਖੇਡਣ ਮੌਕੇ ਦੂਜਾ ਸਥਾਨ ਹਾਸਿਲ ਕਰਦਿਆਂ ਹੋਇਆ ਸਿਲਵਰ ਮੈਡਲ ਦਾ ਜੇਤੂ ਬਣਿਆ। ਇਸ ਮੌਕੇ ਸਕੂਲ ਅਧਿਆਪਕਾਂ ਦੀ ਟੀਮ ਨੇ ਖਿਡਾਰੀ ਨੂੰ ਮੁਬਾਰਕਾਂ ਦਿੱਤੀਆਂ ਅਤੇ ਉਹਨਾਂ ਕਿਹਾ ਅਜਿਹੇ ਖਿਡਾਰੀਆਂ ਕਰਕੇ ਸਕੂਲ ਦਾ ਨਾਮ ਰੌਸ਼ਨ ਹੁੰਦਾ ਹੈ।



## ਵੱਡੇ ਇੰਫ੍ਰਾਸਟਕਚਰ ਦੀਆਂ ਯੋਜਨਾਵਾਂ ਨਿਰਧਾਰਿਤ ਸਮੇਂ 'ਚ ਹੋਣ ਪੂਰੀਆਂ : ਮੁੱਖ ਮੰਤਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਸ ਸਾਲ ਸ਼ੁਰੂ ਕੀਤੇ ਗਏ ਸਾਰੇ ਵੱਡੇ ਇੰਫ੍ਰਾਸਟਕਚਰ ਅਤੇ ਪਬਲਿਕ ਵਰਤੋ ਦੀ ਪਰਿਯੋਜਨਾਵਾਂ ਨੂੰ ਤੈਅ ਮਾਨਕਾਂ ਅਤੇ ਗੁਣਵੱਤਾ ਦੇ ਨਾਲ ਨਿਰਧਾਰਿਤ ਸਮੇਂ ਅੰਦਰ ਪੂਰਾ ਕੀਤਾ ਜਾਣਾ ਯਕੀਨੀ ਕੀਤਾ ਜਾਵੇ ਤਾਂ ਜੋ ਨਾਗਰਿਕਾਂ ਨੂੰ ਜਲਦੀ ਤੋਂ ਜਲਦੀ ਇੰਨ੍ਹਾਂ ਦਾ ਲਾਭ ਮਿਲ ਸਕੇ। ਨਾਲ ਹੀ, ਸਾਰੇ ਸਬੰਧਿਤ ਵਿਭਾਗ ਅਜਿਹੀ ਸਾਰੀ ਪਰਿਯੋਜਨਾਵਾਂ ਦੀ ਮਹੀਨਾ ਪ੍ਰੀਖਿਆ ਰਿਪੋਰਟ ਨਿਯਮਤ ਰੂਪ ਨਾਲ ਤਿਆਰ ਕਰਨ ਅਤੇ ਉਸ ਨੂੰ ਪ੍ਰਗਤੀ ਡੈਸ਼ਬੋਰਡ 'ਤੇ ਅਪਲੋਡ ਕਰਨ। ਇਸ ਨਾਲ ਨਾ ਸਿਰਫ ਪਰਿਯੋਜਨਾਵਾਂ ਦੀ ਪਾਰਦਰਸ਼ਿਤਾ ਬਣੀ ਰਹੇਗੀ ਸਗੋ ਉਨ੍ਹਾਂ ਦੇ ਲਾਗੂ ਕਰਨ ਦੀ ਗਤੀ ਤੇ ਵੀ ਲਗਾਤਾਰ ਨਿਗਰਾਨੀ ਰੱਖੀ ਜਾ ਸਕੇਗੀ।ਮੁੱਖ ਮੰਤਰੀ ਇੱਥੇ ਰਾਜ ਪ੍ਰਗਤੀ ਡੈਸ਼ਬੋਰਡ ਦੀ ਮੀਟਿੰਗ ਵਿੱਚ 75 ਕਰੋੜ ਰੁਪਏ ਤੋਂ ਵੱਧ ਲਾਗਤ ਵਾਲੀ ਮੇਗਾ ਪਰਿਯੋਜਨਾਵਾਂ ਦੀ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ।

## ਪ੍ਰਦੂਸ਼ਣ ਵਿਰੁੱਧ ਸੰਘਰਸ਼ ਤੇਜ਼ ਕੀਤਾ ਜਾਵੇਗਾ : ਰਾਣਾ, ਕਟਾਰੀਆ



**ਬਲਾਚੌਰ (ਜਸਵਿੰਦਰ ਬੈਂਸ)**- ਸਾਂਝਾ ਕਿਸਾਨ ਮਜ਼ਦੂਰ ਮੋਰਚਾ ਦੇ ਪਿੰਡ ਟੌਂਸਾ ਦੇ ਯੂਨਿਟ ਦੀ ਮੀਟਿੰਗ ਬੀਬੀ ਸ਼ਸ਼ੀ ਰਾਣਾ ਸਾਬਕਾ ਸਰਪੰਚ ਅਤੇ ਸੁਖਦੇਵ ਕਟਾਰੀਆ ਸਾਬਕਾ ਸਰਪੰਚ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿਚ ਇਲਾਕੇ ਅੰਦਰ ਫੈਲ ਰਹੇ ਹਵਾ ਪਾਣੀ ਦੇ ਪ੍ਰਦੂਸ਼ਣ ਤੇ ਵਿਸਤਰਿਤ ਚਰਚਾ ਚਰਚਾ ਕੀਤੀ ਗਈ। ਮੀਟਿੰਗ ਨੇ ਮਹਿਸੂਸ ਕੀਤਾ ਕਿ ਹਵਾ ਪਾਣੀ ਦੇ ਪ੍ਰਦੂਸ਼ਣ ਕਾਰਨ ਆਮ ਲੋਕਾਂ ਦੀ ਸਿਹਤ ਤੇ ਮਾੜਾ ਅਸਰ ਪੈ ਰਿਹਾ ਹੈ, ਪਸ਼ੂਆਂ ਅਤੇ ਧਰਤੀ ਤੇ ਵੀ ਇਸ ਦਾ ਮਾੜਾ ਅਸਰ ਹੋ ਰਿਹਾ ਹੈ। ਮੀਟਿੰਗ ਨੇ ਸ਼ਨਾਖਤ ਕੀਤੀ ਕਿ ਦੋ ਫੈਕਟਰੀਆਂ ਲਗਾਤਾਰ ਨਿਯਮਾਂ ਦੀ ਉਲੰਘਣਾ ਕਰਕੇ ਹਵਾ ਪਾਣੀ ਦਾ ਪ੍ਰਦੂਸ਼ਣ ਬਹੁਤ ਜਿਆਦਾ ਫੈਲਾ ਰਹੀਆਂ ਹਨ। ਹਵਾ ਵਿੱਚ ਕਾਲਾ ਕਚਰਾ ਛੱਡਿਆ ਜਾਂਦਾ ਹੈ ਜੋ ਲੋਕਾਂ ਦੀਆਂ ਅੱਖਾਂ ਵਿੱਚ ਪੈ ਕੇ ਉਹਨਾਂ ਨੂੰ ਬਿਮਾਰ ਕਰਦਾ ਹੈ। ਇਥੇ ਹੀ ਬਸ ਨਹੀਂ ਖੜੀਆਂ ਫਸਲਾਂ, ਘਰਾਂ ਤੇ ਆਮ ਥਾਵਾਂ 'ਤੇ ਵੀ ਇਹ ਕੇਰੀ ਨੁਕਸਾਨ ਕਰ ਰਹੀ ਹੈ। ਮੀਟਿੰਗ ਨੇ ਫੈਸਲਾ ਕੀਤਾ ਕਿ ਜੇ ਕੇਰੀ ਛੱਡਣ ਵਾਲੀਆਂ ਦੋਨੋਂ ਫੈਕਟਰੀਆਂ ਨੇ 24 ਘੰਟੇ ਦੇ ਅੰਦਰ ਅੰਦਰ ਇਸ ਨੂੰ ਨਾ ਰੋਕਿਆ ਤਾਂ ਸ਼ੁਕਰਵਾਰ ਨੂੰ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ ਅਤੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਮੀਟਿੰਗ ਵਿੱਚ ਸਾਥੀ ਕਰਨ ਸਿੰਘ ਰਾਣਾ ਸੂਬਾਈ ਆਗੂ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਹਨਾਂ ਤੋਂ ਇਲਾਵਾ ਸਾਥੀ ਮਨੋਹਰ ਲਾਲ, ਰਾਮ , ਗੁਰਦੇਵ ਸਿੰਘ, ਜਸਪਾਲ ਸਿੰਘ, ਸੀਤਾ ਦੇਵੀ, ਬਲਬੀਰ ਕੌਰ, ਮਾਇਆ ਦੇਵੀ, ਪ੍ਰਤਾਪ ਸਿੰਘ ਰਾਣਾ, ਰਾਮ ਕਿਸ਼ਨ, ਰੋਕੀ ਸਾਬਕਾ ਪੰਚ ਸੁਰਜੀਤ ਸਿੰਘ, ਆਸਾ ਰਾਮ ਆਦਿ ਅਨੇਕਾਂ ਮੈਂਬਰ ਹਾਜ਼ਰ ਸਨ।

## ਪੰਜਾਬ ਕਲਾ ਮੰਚ ਵੱਲੋਂ ਧਾਰਮਿਕ ਪ੍ਰਸ਼ਨ-ਉੱਤਰ ਮੁਕਾਬਲੇ

**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**- ਪੰਜਾਬ ਕਲਾ ਮੰਚ ਵੱਲੋਂ ਸ਼੍ਰੋਮਣੀ ਕਮੇਟੀ ਅਤੇ ਵਿੱਦਿਅਕ ਸੰਸਥਾਵਾਂ ਦੇ ਸਹਿਯੋਗ ਨਾਲ 350 ਸਾਲਾ ਸ਼ਹੀਦੀ ਸ਼ਤਾਬਦੀ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਨੂੰ ਸਮਰਪਿਤ ਧਾਰਮਿਕ ਪ੍ਰਸ਼ਨ-ਉੱਤਰ ਮੁਕਾਬਲੇ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਦੀਵਾਨ ਹਾਲ ਵਿਖੇ ਕਰਵਾਏ ਗਏ ਜਿਸ ਦੀ ਸ਼ੁਰੂਆਤ ਹੈੱਡ ਗ੍ਰੰਥੀ ਭਾਈ ਜਸਵੀਰ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਗਰਲਜ਼ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਧਾਰਮਿਕ ਸ਼ਬਦ ਗਾਇਨ ਕਰਨ ਉਪਰੰਤ ਕੀਤੀ ਗਈ। ਜੱਜਮੈਂਟ ਦੀ ਭੂਮਿਕਾ ਡਾ. ਚੌਧਰੀ ਰਾਜਪਾਲ ਸਿੰਘ ਤੇ ਪ੍ਰੋ. ਆਰ ਸੀ ਢੰਡ ਵੱਲੋਂ ਨਿਭਾਈ ਗਈ। ਮੰਚ ਦੇ ਪ੍ਰਧਾਨ ਕੁਲਜਿੰਦਰਜੀਤ ਸਿੰਘ ਬੰਬਰ ਨੇ ਦੱਸਿਆ ਕਿ ਮੁਕਾਬਲਿਆਂ ਦੌਰਾਨ ਵਿੱਚ ਪਹਿਲਾ ਸਥਾਨ ਸੰਤ ਬਾਬਾ ਪਿਆਰਾ ਸਿੰਘ ਸੀਨੀਅਰ ਸੈਕੰਡਰੀ, ਰਿਵਰਲੈਂਡ ਇੰਟਰਨੈਸ਼ਨਲ ਸਕੂਲ ਅਤੇ ਪੰਜਾਬ ਇੰਟਰਨੈਸ਼ਨ ਪਬਲਿਕ ਸਕੂਲ ਨੇ ਹਾਸਲ ਕੀਤਾ। ਦੂਜਾ ਸਥਾਨ ਖਾਲਸਾ ਸਕੂਲ, ਮਹਾਰਾਣੀ ਸਤਿੰਦਰ ਕੌਰ ਸਕੂਲ ਬੇਲਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਨੇ ਹਾਸਲ ਕੀਤਾ। ਤੀਜਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੇਲਾ ਅਤੇ ਚੌਥਾ ਸਥਾਨ ਸਕੂਲ ਆਫ ਐਮੀਨੈਂਸ ਫੌਰ ਗਰਲਜ਼ ਚਮਕੌਰ ਸਾਹਿਬ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ, ਸੰਤ ਬਾਬਾ ਪਿਆਰਾ ਸਿੰਘ ਸਟੱਡੀ ਫਾਊਂਡੇਸ਼ਨ ਝਾੜ ਸਾਹਿਬ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੇੜੀ ਸਲਾਬਤਪੁਰ ਨੇ ਹਾਸਲ ਕੀਤਾ। ਸਮਾਗਮ ਦੌਰਾਨ ਉੱਘੇ ਸਮਾਜ ਸੇਵਕ ਡਾ. ਆਰ.ਐਸ ਪਰਮਾਰ, ਜਥੇ ਹਰਬੰਸ ਸਿੰਘ ਕੰਧੋਲਾ ਅਤ ਠੇਕੇਦਾਰ ਗੁਰਮੁੱਖ ਸਿੰਘ ਸੈਣੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਬੰਧੀ ਵਿਸਥਾਰ ਪੂਰਵਕ ਚਾਨਣਾ ਪਾਇਆ।ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਲੱਖੇਵਾਲ,ਧਰਮਿੰਦਰ ਸਿੰਘ ਭੰਗੂ,ਪ੍ਰਭਜੋਤ ਕੌਰ,ਪ੍ਰਗਟ ਸਿੰਘ, ਪ੍ਰੀਤੀ ਢਿੱਲੋ , ਗੁਰਮੁੱਖ ਸਿੰਘ ਸੈਣੀ,ਕੁਲਜੀਤ ਕੌਰ, ਕਮਲਜੀਤ ਸਿੰਘ, ਭਾਗ ਸਿੰਘ,ਪ੍ਰਿੰਸੀਪਲ ਅਮਰਜੀਤ ਸਿੰਘ ਕੰਗ,ਡਾ ਸੁਦੇਸ਼ ਸ਼ਰਮਾ,ਹਰਪ੍ਰੀਤ ਸਿੰਘ ਬਸੰਤ ਅਤੇ ਰਣਧੀਰ ਕੌਰ ਬੇਲਾ ਆਦਿ ਹਾਜ਼ਰ ਸਨ।



## ਧਾਮੀ ਨੂੰ ਪ੍ਰਧਾਨ ਤੇ ਰਾਏ ਨੂੰ ਅੰਤ੍ਰਿੰਗ ਕਮੇਟੀ ਮੈਂਬਰ ਦੀ ਚੋਣ ਕਰਨ 'ਤੇ ਖੁਸ਼ੀ ਦਾ ਪ੍ਰਗਟਾਵਾ

**ਮਾਹਿਲਪੁਰ (ਸ.ਫ਼ਰੀ)**- ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਵਿੱਚ ਹਰਜਿੰਦਰ ਸਿੰਘ ਧਾਮੀ ਨੂੰ ਪ੍ਰਧਾਨ ਅਤੇ ਡਾ ਜੰਗ ਬਹਾਦਰ ਸਿੰਘ ਰਾਏ ਨੂੰ ਕਮੇਟੀ ਦੇ ਅੰਤ੍ਰਿੰਗ ਮੈਂਬਰ ਵਜੋਂ ਚੁਣੇ ਜਾਣ 'ਤੇ ਸਿੱਖ ਐਜੂਕੇਸ਼ਨਲ ਕੌਂਸਲ, ਮਾਹਿਲਪੁਰ ਦੇ ਅਹੁਦੇਦਾਰਾਂ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇਸ ਸਬੰਧੀ ਗੱਲ ਕਰਦਿਆਂ ਕੌਂਸਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ, ਮੈਨੇਜਰ ਇੰਦਰਜੀਤ ਸਿੰਘ ਭਾਰਟਾ, ਜਨਰਲ ਸਕੱਤਰ ਪ੍ਰੋ. ਅਪਿੰਦਰ ਸਿੰਘ ਅਤੇ ਪ੍ਰਿੰ. ਡਾ. ਪਰਵਿੰਦਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਸਰਬਉੱਚ ਸੰਸਥਾ ਹੈ ਜਿੱਥੇ ਹਰਜਿੰਦਰ ਸਿੰਘ ਧਾਮੀ ਵਲੋਂ ਲੰਮੇਂ ਸਮੇਂ ਤੋਂ ਪ੍ਰਧਾਨ ਵਜੋਂ ਸ਼ਾਨਦਾਰ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਐੱਸ ਜੀ ਪੀ ਸੀ ਮੈਂਬਰ ਡਾ. ਜੰਗ ਬਹਾਦਰ ਸਿੰਘ ਰਾਏ ਇਸ ਵੇਲੇ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਪੈਟਰਨ ਵਜੋਂ ਕਾਰਜਸ਼ੀਲ ਹਨ। ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਵਜੋਂ ਚੁਣਿਆ ਗਿਆ ਹੈ ਜੋ ਕਿ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸ. ਧਾਮੀ ਅਤੇ ਡਾ ਰਾਏ ਦੀ ਇਸ ਨਿਯੁਕਤੀ ਦਾ ਸਿੱਖ ਹਲਕਿਆਂ ਵਿੱਚ ਸਵਾਗਤ ਕੀਤਾ ਗਿਆ ਹੈ ਅਤੇ ਉਕਤ ਸ਼ਖ਼ਸੀਅਤਾਂ ਦੇ ਸਨਮਾਨ ਵਿੱਚ ਇਕ ਵੱਖਰੇ ਸਮਾਰੋਹ ਦਾ ਆਯੋਜਨ ਵੀ ਕੀਤਾ ਜਾਵੇਗਾ।



## ਪੱਤਰਕਾਰ ਹਰਵਿੰਦਰ ਸਿੰਘ ਭੁੰਗਰਨੀ ਨੂੰ ਸਦਮਾ, ਪਿਤਾ ਦਾ ਦੇਹਾਂਤ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਭੁੰਗਰਨੀ ਹੁਸ਼ਿਆਰਪੁਰ ਤੋਂ ਪੱਤਰਕਾਰ ਹਰਵਿੰਦਰ ਸਿੰਘ ਭੁੰਗਰਨੀ ਨੂੰ ਉਸ ਮੌਕੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪੂਜਨੀਕ ਪਿਤਾ ਅਜੀਤ ਸਿੰਘ ਦਾ ਅਚਾਨਕ ਦੇਹਾਂਤ ਹੋ ਗਿਆ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਪੱਤਰਕਾਰ ਜਸਵੀਰ ਸਿੰਘ ਮੁਖਲਿਆਣਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਪੱਤਰਕਾਰ ਹਰਵਿੰਦਰ ਸਿੰਘ ਭੁੰਗਰਨੀ ਦੇ ਪਿਤਾ ਕਈ ਦਿਨਾਂ ਤੋਂ ਬਿਮਾਰ ਸਨ ਤੇ 11 ਨਵੰਬਰ ਦੀ ਰਾਤ ਨੂੰ ਅਚਾਨਕ ਉਨ੍ਹਾਂ ਦਾ ਦੇਹਾਂਤ ਹੋ ਗਿਆ ਅਤੇ 12 ਨਵੰਬਰ ਨੂੰ ਉਨ੍ਹਾਂ ਦੇ ਪਿੰਡ ਭੁੰਗਰਨੀ ਵਿਖੇ ਅਜੀਤ ਸਿੰਘ ਦਾ ਅੰਤਿਮ ਸੰਸਕਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਉਹਨਾਂ ਦੇ ਪੂਜਨੀਕ ਪਿਤਾ ਅਜੀਤ ਸਿੰਘ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 21 ਨਵੰਬਰ ਨੂੰ ਉਹਨਾਂ ਦੇ ਪਿੰਡ ਭੁੰਗਰਨੀ ਵਿਖੇ ਪਾਏ ਜਾਣਗੇ।



## ਭਗਵਾਨ ਜਗਨਨਾਥ ਮੰਦਰ ਦਾ ਨੀਂਹ ਪੱਥਰ ਵਿਜੇ ਚੋਪੜਾ ਨੇ ਰੱਖਿਆ

**ਅਲਾਵਲਪੁਰ (ਮਦਨ ਬੰਗੜ)**- ਭਗਵਾਨ ਜਗਨਨਾਥ ਸੋਸਾਇਟੀ ਕੋਟ ਕਿਸ਼ਨ ਚੰਦ ਜਲੰਧਰ ਵੱਲੋਂ ਅਲਾਵਲਪੁਰ ਵਿੱਚ ਭਗਵਾਨ ਜਗਨਨਾਥ ਮੰਦਿਰ ਦੇ ਸ਼ਾਨਦਾਰ ਅਤੇ ਬ੍ਰਹਮ ਨਿਰਮਾਣ ਕਾਰਜ ਲਈ ਨੀਂਹ ਪੱਥਰ ਰੱਖਣ ਦੀ ਰਸਮ ਦਾ ਆਯੋਜਨ ਕੀਤਾ ਗਿਆ। ਜਗਨਨਾਥ ਸੋਸਾਇਟੀ, ਜੋ ਪਿਛਲੇ 21 ਸਾਲਾਂ ਤੋਂ ਭਗਵਾਨ ਜਗਨਨਾਥ ਰੱਥ ਯਾਤਰਾ ਦਾ ਸਫਲਤਾਪੂਰਵਕ ਆਯੋਜਨ ਕਰ ਰਹੀ ਹੈ, ਨੇ ਅਲਾਵਲਪੁਰ ਵਿੱਚ ਭਗਵਾਨ ਜਗਨਨਾਥ ਦੇ ਇੱਕ ਵਿਸ਼ਾਲ ਮੰਦਰ ਦੇ ਨਿਰਮਾਣ ਲਈ ਨੀਂਹ ਪੱਥਰ ਰੱਖਣ ਦੀ ਰਸਮ ਦਾ ਆਯੋਜਨ ਮਿਸ਼ਰਾ ਪਰਿਵਾਰ ਦੁਆਰਾ ਮੰਦਰ ਦੇ ਨਿਰਮਾਣ ਲਈ ਦਾਨ ਕੀਤੀ ਗਈ ਸਾਢੇ 13 ਮਰਲੇ ਜ਼ਮੀਨ 'ਤੇ ਕੀਤਾ ਗਿਆ। ਸਭ ਤੋਂ ਪਹਿਲਾਂ, ਪੰਡਿਤ ਦੀਨ ਦਿਆਲ ਸ਼ਾਸਤਰੀ ਨੇ ਨਵਗ੍ਰਹਿ ਪੂਜਾ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।ਸਮਾਰੋਹ ਦਾ ਸ਼ੁਭ ਆਰੰਭ ਕੀਤਾ ਗਿਆ। ਇਸ ਤੋਂ ਬਾਅਦ ਹਵਨ ਯੱਗ ਕੀਤਾ ਗਿਆ, ਜਿਸ ਦੇ ਮੁੱਖ ਮੇਜ਼ਬਾਨ ਕੇਦਾਰ ਰਾਏ ਅਤੇ ਰੂਬੀ ਰਾਏ ਅਤੇ ਮੁੱਖ ਮਹਿਮਾਨ ਵਿਜੇ ਚੋਪੜਾ ਨੇ ਹਵਨ ਯੱਗ ਵਿੱਚ ਪੂਰਨਹੁਤੀ ਪਾਉਣ ਦੀ ਰਸਮ ਅਦਾ ਕੀਤੀ ਅਤੇ ਮੰਦਰ ਨਿਰਮਾਣ ਦੇ ਨੀਂਹ ਪੱਥਰ ਰੱਖਣ ਦੀ ਰਸਮ ਲਈ ਸਾਰਿਆਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਰੱਥ ਯਾਤਰਾ ਦੇ ਸਫਲ ਅਤੇ ਲੰਬੇ ਸਮੇਂ ਤੋਂ ਚੱਲ ਰਹੇ ਜਸ਼ਨ ਤੋਂ ਬਾਅਦ, ਜਗਨਨਾਥ ਸੋਸਾਇਟੀ ਵੱਲੋਂ ਪੰਜਾਬ ਵਿੱਚ ਪਹਿਲਾ ਅਜਿਹਾ ਮੰਦਰ ਬਣਾਉਣ ਦਾ ਉਪਰਾਲਾ ਸ਼ਲਾਘਾਯੋਗ ਹੈ, ਜੋ ਲੋਕਾਂ ਨੂੰ ਧਰਮ ਅਤੇ ਸੱਭਿਆਚਾਰ ਨਾਲ ਜੋੜੇਗਾ। ਇਸ ਮੌਕੇ ਮੁੱਖ ਮਹਿਮਾਨ ਪਦਮ ਸ੍ਰੀ ਵਿਜੇ ਕੁਮਾਰ ਚੋਪੜਾ ਪੰਜਾਬ ਕੇਸਰੀ ਗਰੁੱਪ ਵਲੋਂ ਇਸ ਸਮਾਗਮ ਲਈ ਪੂਰੀ ਟੀਮ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਲੇਖਕ ਅਤੇ ਕਵੀ ਨੀਰਜ ਝਾਂਜੀ ਨੇ ਪ੍ਰੋਗਰਾਮ ਦਾ ਸੰਚਾਲਨ ਕਰਦੇ ਹੋਏ ਦੱਸਿਆ ਕਿ ਕੇਦਾਰ ਰਾਏ ਅਤੇ ਸਮੁੱਚੀ ਜਗਨਨਾਥ ਸੁਸਾਇਟੀ ਦੇ ਸਾਲਾਂ ਦੇ ਨਿਰੰਤਰ ਯਤਨਾਂ ਅਤੇ ਪਰਮਾਤਮਾ ਦੀ ਵਿਸ਼ੇਸ਼ ਕਿਰਪਾ ਸਦਕਾ ਮੰਦਰ ਦਾ ਨੀਂਹ ਪੱਥਰ ਰੱਖਣ ਦੀ ਰਸਮ ਸਫਲ ਰਹੀ ਹੈ। ਇਸ ਮੌਕੇ ਠਾਕੁਰ ਦੁਆਰਾ ਅਲਾਵਲਪੁਰ ਦੇ ਭਜਨ ਸੰਕੀਰਤਨ ਸਮੂਹ ਨੇ ਆਪਣੇ ਭਜਨਾਂ ਰਾਹੀਂ ਮਾਹੌਲ ਨੂੰ ਸ਼ਰਧਾ ਨਾਲ ਭਰ ਦਿੱਤਾ। ਸਾਧੂ ਰਾਮ ਮਿੱਤਲ, ਸੰਜੀਵ ਦੇਵ ਸ਼ਰਮਾ (ਬ੍ਰਹਮਾ ਮੋਟਰ ਨੇੜੇ ਬੱਸ ਸਟੈਂਡ ਜਲੰਧਰ) ਮੱਟੂ ਸ਼ਰਮਾ, ਪਰਵੀਨ ਜੋਤੀ, ਨਵੀਨ ਕੁਮਾਰ, ਪੁਸ਼ਕਰ, ਦੀਪਕ ਗੁਪਤਾ, ਰਾਜੀਵ ਪਾਂਜਾ ,ਸ਼ੁਭਾਸ਼ ਭਨੋਟ, ਹਰਿਵੰਸ਼ , ਮੁਕੰਦਰ ਲਾਲ, ਵਿਜੇ ਕੁਮਾਰ , ਬੱਬੀ ਆਦਿ ਹਾਜ਼ਰ ਸਨ।



## ਸਰਕਾਰੀ ਹਾਈ ਸਕੂਲ ਮਹਿਲ ਖ਼ੁਰਦ 'ਚ ਸ਼ਹੀਦੀ ਦਿਹਾੜੇ ਨੂੰ ਸਮਰਪਤ ਭਾਸ਼ਣ ਮੁਕਾਬਲੇ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**- ਸਰਕਾਰੀ ਹਾਈ ਸਕੂਲ ਮਹਿਲ ਖ਼ੁਰਦ (ਬਰਨਾਲਾ) ਵਿਖੇ ਸਿੱਖਿਆ ਵਿਭਾਗ ਪੰਜਾਬ ਦੀ ਹਦਾਇਤਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਸੁਨੀਤਇੰਦਰ ਸਿੰਘ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਬਰਜਿੰਦਰਪਾਲ ਦੀ ਯੋਗ ਅਗਵਾਈ ਹੇਠ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਬਲਾਕ ਪੱਧਰ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ। ਜਿਸ ਦਾ ਉਦਘਾਟਨ ਸਰਪੰਚ ਹਰਪਾਲ ਸਿੰਘ ਖ਼ਾਲਸਾ ਅਤੇ ਹਰਜੀਤ ਸਿੰਘ ਕੈਨੇਡੀਅਨ (ਸਿੱਖਾਂ ਦੇ) ਨੇ ਸਾਂਝੇ ਤੌਰ 'ਤੇ ਕੀਤਾ । ਬਲਾਕ ਨੋਡਲ ਹੈੱਡ ਮਾਸਟਰ ਕੁਲਦੀਪ ਸਿੰਘ ਕਮਲ ਨੇ ਦੱਸਿਆ ਕਿ ਇਸ ਮੌਕੇ ਬਲਾਕ ਮਹਿਲ ਕਲਾਂ ਦੇ ਦਰਜਨ ਦੇ ਕਰੀਬ ਸਕੂਲਾਂ ਨੇ ਭਾਗ ਲਿਆ । ਜਿਸ ਵਿੱਚ ਹਾਈ ਵਰਗ ਵਿੱਚੋਂ ਫਸਟ ਹਰਦੀਪ ਕੌਰ ਸਰਕਾਰੀ ਹਾਈ ਸਕੂਲ ਮਹਿਲ ਖ਼ੁਰਦ, ਸੈਕਿੰਡ ਦਿਲਵੀਰ ਸਿੰਘ ਗੁਰਮਾ ਅਤੇ ਸਿਮਰਨਜੀਤ ਕੌਰ ਕਰਮਗੜ੍ਹ ਨੇ ਤੀਜੀ ਪੁਜ਼ੀਸ਼ਨ ਹਾਸਲ ਕੀਤੀ। ਸੈਕੰਡਰੀ ਵਰਗ ਵਿੱਚ ਹਰਮਨ ਕੌਰ ਰਾਏਸਰ ਪੰਜਾਬ, ਇੰਦਰਵੀਰ ਸਿੰਘ ਮਹਿਲ ਕਲਾਂ ਅਤੇ ਸੁਖਪ੍ਰੀਤ ਕੌਰ ਹਮੀਦੀ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਜੱਜਮੈਂਟ ਦੀ ਜਿੰਮੇਵਾਰੀ ਸੁਖਚੈਨ ਸਿੰਘ, ਸੋਹਣ ਸਿੰਘ ਅਤੇ ਤੇਜਿੰਦਰ ਸਿੰਘ ਨੇ ਨਿਭਾਈ । ਇਸ ਮੌਕੇ ਹਰਜੀਤ ਸਿੰਘ ਕੈਨੇਡੀਅਨ ਨੇ ਸਮੂਹ ਵਿਦਿਆਰਥੀਆਂ ਲਈ ਪਟਕੇ, ਚੁੰਨੀਆਂ ਅਤੇ ਦਸਤਾਰਾਂ ਭੇਟ ਕੀਤੀਆਂ । ਕਥਾਵਾਚਕ ਭਾਈ ਬਹਾਦਰ ਸਿੰਘ ਘਨੌਰੀ ਨੇ ਗੁਰੂ ਸਾਹਿਬ ਦੀ ਸ਼ਹਾਦਤ ਦਾ ਇਤਿਹਾਸ ਸੁਣਾਇਆ। ਸਕੂਲ ਦੇ ਚੇਅਰਮੈਨ ਰਕੇਸ਼ ਕੁਮਾਰ ਨੇ ਸਾਰੀਆਂ ਸੰਗਤਾਂ ਨੂੰ ਜੀ ਆਇਆਂ ਆਖਿਆ ਅਤੇ ਜ਼ਿਲ੍ਹਾ ਨੋਡਲ ਅਫ਼ਸਰ ਪ੍ਰਿੰਸੀਪਲ ਰਜਿੰਦਰਪਾਲ ਸਿੰਘ ਨੇ ਵੱਖ-ਵੱਖ ਸ਼ਖਸੀਅਤਾਂ, ਸਮੂਹ ਸੰਗਤਾਂ ਦਾ ਧੰਨਵਾਦ ਕੀਤਾ । ਸਟੇਜ ਸੰਚਾਲਨ ਦੀ ਕਾਰਵਾਈ ਜਸਵਿੰਦਰਪਾਲ ਸਿੰਘ ਬੁੱਟਰ ਨੇ ਚਲਾਈ । ਇਸ ਮੌਕੇ ਪ੍ਰਧਾਨ ਸਿੰਦਰ ਸਿੰਘ , ਪੰਚ ਵਿਜੈ ਕੁਮਾਰ, ਸੂਬੇਦਾਰ ਮੇਜਰ ਗੁਰਜੰਟ ਸਿੰਘ, ਪਲੰਬਰ ਤਰਸੇਮ ਸਿੰਘ, ਗੁਰਿੰਦਰ ਸਿੰਘ ਰਾਜਾ, ਮਾ: ਮੰਗਲ ਸਿੰਘ, ਕਰੁਨ ਬਾਤਿਸ਼, ਮੈਡਮ ਹਰਪ੍ਰੀਤ ਕੌਰ, ਹਰਮੀਤ ਕੌਰ, ਬਲਵਿੰਦਰ ਕੌਰ, ਊਸ਼ਾ ਦੇਵੀ ਅਤੇ ਅਨੀਤਾ ਰਾਣੀ ਵੀ ਹਾਜ਼ਰ ਸਨ।



14-NOV-PAGE-10.qxd 11/13/2025 10:14 PM Page 1



## ਰਾਈਸ ਮਿੱਲਰਾਂ ਲਈ ਇਕਮੁਸ਼ਤ ਨਿਪਟਾਰਾ ਸਕੀਮ ਲਾਹੇਵੰਦ : ਮੈਨੇਜਰ ਪਨਸਪ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਹਾਲ ਹੀ 'ਚ ਪੰਜਾਬ ਸਰਕਾਰ ਵੱਲੋਂ ਰਾਈਸ ਮਿੱਲਰਾਂ ਲਈ ਇਕਮੁਸ਼ਤ ਨਿਪਟਾਰਾ ਸਕੀਮ 2025 ਲਾਗੂ ਕੀਤੀ ਗਈ ਹੈ।ਇਸ ਸਕੀਮ ਤਹਿਤ ਬਹੁਤ ਸਾਰੇ ਅਜਿਹੇ ਮਿੱਲ ਫਾਇਦਾ ਉਠਾ ਰਹੇ ਹਨ, ਜਿਨ੍ਹਾਂ ਦੇ ਕਾਨੂੰਨੀ ਜਾਂ ਸਿਵਲ ਕੇਸ ਕਈ ਪੀੜ੍ਹੀਆਂ ਤੋਂ ਚੱਲਦੇ ਆ ਰਹੇ ਸਨ।ਇਨ੍ਹਾਂ ਕੇਸਾਂ ਕਾਰਨ ਜਿੱਥੇ ਅਜਿਹੇ ਮਿੱਲਰਾਂ ਨੂੰ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈਂਦਾ ਸੀ, ਉੱਥੇ ਹੀ ਪੰਜਾਬ ਸਰਕਾਰ ਦੀਆਂ ਖਰੀਦ ਏਜੰਸੀਆਂ ਨੂੰ ਇਨ੍ਹਾਂ ਕੇਸਾਂ ਦੀ ਪੈਰਵਾਈ ਕਰਨ ਲਈ ਆਪਣੇ ਸਰੋਤ ਵਰਤਣੇ ਪੈ ਰਹੇ ਸਨ।ਰਾਈਸ ਮਿੱਲਰਾਂ ਵਾਸਤੇ ਲਿਆਂਦੀ ਗਈ ਇਹ ਨੀਤੀ ਬਹੁਤ ਹੀ ਸਫ਼ਲ ਤੇ ਲਾਭਦਾਇਕ ਹੈ, ਜਿਸ ਕਾਰਨ ਇਸ ਸਕੀਮ ਵਿੱਚ ਮਿੱਲਰਾਂ ਦੀ ਸ਼ਮੂਲੀਅਤ ਪੰਜਾਬ ਸਰਕਾਰ ਦੀਆਂ ਪਹਿਲਾਂ ਲਿਆਂਦੀਆਂ ਗਈਆਂ ਨੀਤੀਆਂ ਤੋਂ ਕਾਫੀ ਜਿਆਦਾ ਹੈ। ਇਸ ਸਕੀਮ ਤਹਿਤ ਸ੍ਰ. ਗੋਇਲ ਰਾਈਸ ਐਂਡ ਜਨਰਲ ਮਿੱਲ ਜੈਤੋ ਵੱਲੋਂ ਆਪਣੇ ਕੇਸ ਦਾ ਨਿਪਟਾਰਾ ਕੀਤਾ ਗਿਆ।ਪਨਸਪ ਜ਼ਿਲ੍ਹਾ ਮੈਨੇਜਰ ਵਿਜੇ ਕੁਮਾਰ ਵੱਲੋਂ ਮੈਸ. ਗੋਇਲ ਰਾਈਸ ਐਂਡ ਜਨਰਲ ਮਿੱਲ ਜੈਤੋ ਦੇ ਮਾਲਕਾਂ/ਹਿੱਸੇਦਾਰਾਂ ਨੂੰ 'ਕੋਈ ਬਕਾਇਆ ਨਹੀਂ' ਸਰਟੀਫਿਕੇਟ ਪ੍ਰਦਾਨ ਕੀਤਾ ਗਿਆ।ਇਸ ਮਿੱਲ ਦਾ ਕੇਸ ਲਗਭਗ 30 ਸਾਲਾਂ ਤੋਂ ਲੰਬਿਤ ਚੱਲ ਰਿਹਾ ਸੀ।ਹੁਣ ਇਸ ਮਿੱਲ ਨੂੰ ਡਿਫਾਲਟਰਾਂ ਦੀ ਸੂਚੀ ਵਿੱਚੋਂ ਹਟਾ ਲਿਆ ਜਾਵੇਗਾ ਤੇ ਇਹ ਸਰਕਾਰੀ ਝੋਨੇ ਦੀ ਮਿਲਿੰਗ ਕਰਨ ਲਈ ਯੋਗ ਹੋਵੇਗੀ।ਇਨ੍ਹਾਂ ਵੱਲੋਂ ਕੁੱਲ 3,97,952 ਰਕਮ ਦੀ ਅਦਾਇਗੀ ਕੀਤੀ ਗਈ ਹੈ, ਜਿਹੜੀ ਪੰਜਾਬ ਸਰਕਾਰ ਦੇ ਖ਼ਜ਼ਾਨੇ 'ਚ ਜਮ੍ਹਾਂ ਕਰਾ ਦਿੱਤੀ ਜਾਵੇਗੀ।

# ਕਰੋੜਾਂ ਦੀ ਲਾਗਤ ਨਾਲ ਬਣਨ ਵਾਲਾ ਪੁਲ ਸਿਆਸਤ ਦੀ ਭੇਟ ਚੜ੍ਹਿਆ



**ਧੂਰੀ (ਮਹਿਤ ਗਰਗ, ਵਿਨੀ ਗਰਗ)**-ਅਕਸਰ ਹੀ ਫਾਟਕਾਂ ਦੇ ਬੰਦ ਰਹਿਣ ਨਾਲ ਪ੍ਰੇਸ਼ਾਨ ਹੋ ਰਹੇ ਲੋਕਾਂ ਦੀ ਤਕਲੀਫ਼ ਨੂੰ ਹੱਲ ਕਰਨ ਤੇ ਲੋਕਾਂ ਦੀ ਪੁਰਾਣੀ ਮੰਗ ਨੂੰ ਪੂਰੀ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਰੋੜਾਂ ਦੀ ਲਾਗਤ ਨਾਲ ਬਣਾਏ ਜਾਣ ਵਾਲੇ ਪੁਲ ਦਾ ਕੰਮ ਹਾਲੇ ਤੱਕ ਚੜ੍ਹਦਾ ਵਿਖਾਈ ਨਹੀਂ ਦੇ ਰਿਹਾ। ਪੁਲ ਮਾਮਲੇ 'ਚ ਪੰਜਾਬ ਦੀ ਹੁਕਮਰਾਨ ਪਾਰਟੀ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਕੇਂਦਰ ਦੀ ਬੀਜੇਪੀ ਪਾਰਟੀ ਦੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਆਹਮੋ-ਸਾਹਮਣੇ ਖੜ੍ਹ ਜਾਣ ਨਾਲ ਇਹ ਪੁਲ ਹੁਣ ਸਿਆਸਤ ਦੀ ਭੇਟ ਚੜ੍ਹਦਾ ਨਜ਼ਰ ਆ ਰਿਹਾ ਹੈ।ਮੁੱਖ ਮੰਤਰੀ ਕੈਂਪ ਦੇ ਇੰਚਾਰਜ ਦਲਵੀਰ ਸਿੰਘ ਢਿੱਲੋਂ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਨ ਕਿ ਪੁਲ ਬਣਾਏ ਜਾਣ ਲਈ ਸਰਕਾਰ ਵੱਲੋਂ ਸਾਰੀਆਂ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰ ਲਈਆਂ ਗਈਆਂ ਹਨ ਤੇ ਹੁਣ ਰੇਲਵੇ ਵਿਭਾਗ ਤੋਂ ਸਿਰਫ਼ ਇੱਕ ਮਨਜ਼ੂਰੀ ਲੈਣੀ ਬਾਕੀ ਹੈ, ਜਿਸ ਦੇ ਮਿਲਦਿਆਂ ਹੀ ਪੁਲ ਦਾ ਕੰਮ ਅਗਲੀ ਪ੍ਰਕਿਰਿਆ 'ਚ ਪਾਉਂਦਿਆਂ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ।ਉਧਰ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਆਪਣੇ ਸੋਸ਼ਲ ਮੀਡੀਆ ਤੇ ਵੀਡੀਓ ਪਾ ਕੇ ਸਪੱਸ਼ਟ ਕਰ ਚੁੱਕੇ ਹਨ ਕਿ ਰੇਲਵੇ ਦੀ ਮਨਜ਼ੂਰੀ ਤੋਂ ਪਹਿਲਾਂ ਪੰਜਾਬ ਸਰਕਾਰ ਦੁਬਾਰਾ ਹੋ ਪੁਲ 'ਤੇ ਕੁਝ ਹੋਰ ਪ੍ਰਸ਼ਨਾਂ ਨੂੰ ਬਿਨਾਂ ਸ਼ਰਤ ਤੁਰੰਤ ਮਨਜ਼ੂਰੀ ਦੇਵੇ। ਦੱਸਿਆ ਜਾਂਦਾ ਹੈ ਕਿ ਇਸ ਮਾਮਲੇ ਤੇ ਭਾਵੇਂ ਬਹੁਤੇ ਲੋਕ ਪੁਲ ਨੂੰ ਬਣਾਏ ਜਾਣ 'ਚ ਹੋ ਰਹੀ ਦੇਰੀ ਤੋਂ ਨਾਖੁਸ਼ ਹਨ, ਪਰ ਕੱਕੜਵਾਲ ਪੁੱਲ ਤੇ ਸੱਟਾ ਬਾਜ਼ਾਰ ਦੇ ਲੋਕ ਇਸ ਪੁਲ ਦਾ ਵਿਰੋਧ ਵੀ ਕਰ ਰਹੇ ਹਨ।ਪੁਲ ਬਣਨ ਨਾਲ ਲੋਕਾਂ ਦੀਆਂ ਕਮਰਸ਼ੀਅਲ ਜਗ੍ਹਾ ਦੇ ਭਾਅ ਘੱਟ ਜਾਣ ਦੇ ਅਸਾਰ ਜਾਪ ਰਹੇ ਹਨ, ਜਿਸ ਨਾਲ ਲੋਕਾਂ ਨੂੰ ਆਰਥਿਕ ਮਾਰ ਪੈ ਸਕਦੀ ਹੈ।ਆਗੂ ਨੇ ਦੱਸਿਆ ਕਿ ਜੇਕਰ ਧੂਰੀ ਸ਼ਹਿਰ ਅੰਦਰ ਇਹ ਪੁਲ ਬਣਦਾ ਹੈ ਤਾਂ ਸ਼ਹਿਰ ਅੰਦਰ ਫਾਟਕ ਬੰਦ ਰਹਿਣ ਕਾਰਨ ਪ੍ਰਭਾਵਤ ਹੁੰਦੀ ਟ੍ਰੈਫਿਕ ਸਮੱਸਿਆ ਤੋਂ ਲੋਕਾਂ ਨੂੰ ਨਿਜਾਤ ਮਿਲੇਗੀ।ਉਧਰ ਸਾਬਕਾ ਕਾਂਗਰਸੀ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂੜਾ ਵੀ ਦਾਅਵਾ ਕਰ ਚੁੱਕੇ ਹਨ ਕਿ ਉਹਨਾਂ ਓਵਰਬ੍ਰਿਜ ਦੀ ਥਾਂ ਆਪਣੀ ਵਿਧਾਇਕੀ ਦੇ ਕਾਰਜਕਾਲ ਮੌਕੇ ਅੰਡਰ ਬ੍ਰਿਜ ਪਾਸ ਕਰਾਇਆ ਸੀ, ਪਰ ਮੌਜੂਦਾ ਸਰਕਾਰ ਨੇ ਅੰਡਰ ਬ੍ਰਿਜ ਇਸ ਕਰਕੇ ਨਹੀਂ ਬਣਾਇਆ ਕਿ ਇਸ ਵਿੱਚ ਸਾਬਕਾ ਵਿਧਾਇਕ ਖੰਗੂੜਾ ਨੂੰ ਉਸਦਾ ਕੋਈ ਰਾਜਸੀ ਲਾਭ ਨਾ ਮਿਲੇ।

## ਸ਼ਹਾਦਤ ਨੂੰ ਸਮਰਪਤ 'ਲਾਈਟ ਐਂਡ ਸਾਊਂਡ' ਸਮਾਗਮ ਅੱਜ : ਖੁੱਡੀਆਂ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਪੰਜਾਬ ਸਰਕਾਰ ਵੱਲੋਂ ਆਯੋਜਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਹੋਰ ਸ਼ਹੀਦਾਂ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਤੇ ਬਾਬਾ ਜੈਤਾ ਜੀ ਦੀਆਂ ਮਹਾਨ ਸ਼ਹਾਦਤਾਂ ਨੂੰ ਸਮਰਪਿਤ 'ਲਾਈਟ ਐਂਡ ਸਾਊਂਡ' ਸਮਾਗਮ, ਜੋ 14 ਨਵੰਬਰ ਸ਼ੁੱਕਰਵਾਰ ਨੂੰ ਸ਼ਾਮ 5:30 ਵਜੇ ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਸ੍ਰੀ ਮੁਕਤਸਰ ਸਾਹਿਬ ਵਿਖੇ ਕੀਤਾ ਜਾ ਰਿਹਾ ਹੈ, ਵਿੱਚ ਜ਼ਿਲ੍ਹਾ ਵਾਸੀਆਂ ਨੂੰ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਇਸ ਸਮਾਗਮ ਦਾ ਉਦੇਸ਼ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਹੋਰ ਮਹਾਨ ਸ਼ਹੀਦਾਂ ਦੀਆਂ ਬੇਮਿਸਾਲ ਕੁਰਬਾਨੀਆਂ ਤੇ ਸ਼ਹਾਦਤ ਨੂੰ ਡਿਜੀਟਲ ਢੰਗ ਨਾਲ ਪ੍ਰਗਟ ਕਰਨਾ ਹੈ। ਉਨ੍ਹਾਂ ਕਿਹਾ ਕਿ ਸਮਾਗਮ ਦੌਰਾਨ ਰੋਸ਼ਨੀ ਤੇ ਧੁਨੀਆਂ ਦੇ ਸੰਗਮ ਰਾਹੀਂ ਸਿੱਖ ਇਤਿਹਾਸ ਦੇ ਮਹੱਤਵਪੂਰਨ ਪਲਾਂ ਨੂੰ ਦਰਸਾਇਆ ਜਾਵੇਗਾ।ਖੁੱਡੀਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਰਵਾਰ ਸਮੇਤ ਇਸ ਸਮਾਗਮ ਵਿੱਚ ਸ਼ਮੂਲੀਅਤ ਕਰਕੇ ਸ਼ਹੀਦਾਂ ਪ੍ਰਤੀ ਆਪਣੀ ਸ਼ਰਧਾਂਜਲੀ ਪ੍ਰਗਟ ਕਰਨ ਤੇ ਇਸ ਇਤਿਹਾਸਕ ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ।

## ਤਨਖਾਹ ਲਈ ਯੂਨੀਵਰਸਿਟੀ ਮੁਲਾਜ਼ਮਾਂ ਨੇ ਕੀਤਾ ਰੋਸ ਪ੍ਰਦਰਸ਼ਨ



**ਪਟਿਆਲਾ (ਰਜਿੰਦਰ ਬਿੰਦ)**-ਤਨਖਾਹ ਨਾ ਮਿਲਣ ਤੇ ਯੂਨੀਵਰਸਿਟੀ ਮੁਲਾਜ਼ਮਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ।ਮੁਲਾਜ਼ਮਾਂ ਵੱਲੋਂ ਸਵੇਰ ਸਮੇਂ ਯੂਨੀਵਰਸਿਟੀ ਗੇਟ 'ਤੇ ਧਰਨਾ ਦੇ ਕੇ ਸਰਕਾਰ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਖਿਲਾਫ਼ ਨਾਅਰੇਬਾਜ਼ੀ ਕੀਤੀ ਗਈ।ਇਹ ਰੋਸ ਪ੍ਰਦਰਸ਼ਨ ਸਵੇਰੇ 8:30 ਵਜੇ ਤੋਂ 9:30 ਵਜੇ ਤੱਕ ਜਾਰੀ ਰਿਹਾ।ਇਸ ਤੋਂ ਬਾਅਦ ਯੂਨੀਵਰਸਿਟੀ ਨੇ ਮੁਲਾਜ਼ਮਾਂ ਨੂੰ ਉਨ੍ਹਾਂ ਦੀ ਤਨਖਾਹ ਜਲਦ ਹੀ ਖਾਤਿਆਂ ਵਿੱਚ ਪਾਉਣ ਦਾ ਭਰੋਸਾ ਦਿੱਤਾ ਗਿਆ। ਰੋਸ ਪ੍ਰਦਰਸ਼ਨ ਕਰ ਰਹੇ ਮੁਲਾਜ਼ਮਾਂ ਨੇ ਕਿਹਾ ਕਿ ਨਵੰਬਰ ਅੱਧਾ ਮਹੀਨਾ ਟੱਪਣ ਤੋਂ ਬਾਅਦ ਵੀ ਉਨ੍ਹਾਂ ਨੂੰ ਪਿਛਲੇ ਮਹੀਨੇ ਦੀ ਤਨਖਾਹ ਨਹੀਂ ਮਿਲੀ ਹੈ, ਜਿਸ ਕਰਕੇ ਮੁਲਾਜ਼ਮਾਂ ਦੇ ਘਰ ਦਾ ਗੁਜ਼ਾਰਾ ਔਖਾ ਹੋ ਰਿਹਾ ਹੈ।ਮੁਲਾਜ਼ਮਾਂ ਨੇ ਕਿਹਾ ਕਿ ਹਰ ਮਹੀਨੇ ਤਨਖਾਹ ਦੀ ਲੰਮੀ ਉਡੀਕ ਕਰਨੀ ਪੈਂਦੀ ਹੈ, ਜਿਸ ਕਰਕੇ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ।ਯੂਨੀਵਰਸਿਟੀ ਤੇ ਸਰਕਾਰ ਮੁਲਾਜ਼ਮਾਂ ਦੀ ਤਨਖਾਹ ਦੇ ਮਸਲੇ ਦਾ ਸਥਾਈ ਹੱਲ ਕਰੇ ਤਾਂ ਜੋ ਮੁਲਾਜ਼ਮ ਆਪਣੇ ਘਰ ਦਾ ਗੁਜ਼ਾਰਾ ਸਹੀ ਢੰਗ ਨਾਲ ਚਲਾਉਣ ਦੇ ਨਾਲ-ਨਾਲ ਆਪਣਾ ਕੰਮ ਵੀ ਸਹੀ ਤਰੀਕੇ ਨਾਲ ਕਰ ਸਕਣ। ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਮੁਲਾਜ਼ਮ ਆਗੂ ਗੁਰਜੀਤ ਸਿੰਘ ਗੋਪਾਲਪੁਰੀ ਨੇ ਦੱਸਿਆ ਕਿ ਸਿਰਫ਼ ਇੱਕ ਘੰਟੇ ਲਈ ਯੂਨੀਵਰਸਿਟੀ ਦੇ ਇੱਕ ਗੇਟ 'ਤੇ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ।ਯੂਨੀਵਰਸਿਟੀ ਦੇ ਕੰਮ ਕਾਜ, ਅਧਿਆਪਕ, ਵਿਦਿਆਰਥੀਆਂ ਦੀ ਸਹੂਲਤ ਦੇ ਮੱਦੇਨਜ਼ਰ ਸੰਕੇਤਕ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ। ਜੇਕਰ ਤਨਖਾਹ ਜਲਦ ਨਹੀਂ ਮਿਲਦੀ ਤਾਂ ਅਗਲੇ ਦਿਨਾਂ ਵਿੱਚ ਵੱਡਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

## ਵਿਕਸਿਤ ਭਾਰਤ ਲਈ ਯੁਵਾ ਕੁਨੈਕਟ ਪ੍ਰੋਗਰਾਮ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਨੈਸ਼ਨਲ ਸਰਵਿਸ ਸਕੀਮ (ਐਨ.ਐਸ.ਐਸ.) ਦੇ ਤਹਿਤ ਇੱਕ ਯੁਵਾ ਕਨੈਕਟ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਦਾ ਉਦੇਸ਼ ਨੌਜਵਾਨਾਂ ਵਿੱਚ ਨੇਤ੍ਰਿਤਵ, ਸਮਾਜਿਕ ਜ਼ਿੰਮੇਵਾਰੀ ਅਤੇ ਰਾਸ਼ਟਰ-ਨਿਰਮਾਣ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਸੀ।ਵਿਕਸਿਤ ਭਾਰਤ ਯੁਵਾ ਕਨੈਕਟ ਪ੍ਰੋਗਰਾਮ ਦਾ ਮਕਸਦ ਨੌਜਵਾਨਾਂ ਨੂੰ ਵਿਕਸਿਤ ਭਾਰਤ@2047 ਦੀ ਦ੍ਰਿਸ਼ਟੀ ਨਾਲ ਜੋੜਨਾ ਹੈ, ਤਾਂ ਜੁ ਉਹ ਸਵਿਭਾਗਤਾ, ਨਾਗਰਿਕ ਜ਼ਿੰਮੇਦਾਰੀ ਤੇ ਸਮਾਜਿਕ ਜੁੜਾਅ ਰਾਹੀਂ ਦੇਸ਼ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾ ਸਕਣ।ਪ੍ਰੋਗਰਾਮ ਅਧੀਨ ਨੌਜਵਾਨਾਂ ਨੂੰ ਨੀਤੀ-ਨਿਰਧਾਰਕਾਂ ਤੇ ਯੁਵਾ ਆਇਕਨਾਂ ਨਾਲ ਸੰਵਾਦ ਰਾਹੀਂ ਸਸ਼ਕਤ ਕਰਨ, ਮਾਈ ਭਾਰਤ ਪੋਰਟਲ ਰਾਹੀਂ ਡਿਜ਼ਿਟਲ ਭਾਗੀਦਾਰੀ ਲਈ ਉਤਸ਼ਾਹਿਤ ਕਰਨਾ ਅਤੇ ਸੇਵਾਵ੍ਰਤੀ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ। ਯੁਵਾ ਆਇਕਨ ਸ੍ਰੀ ਮਨਮੀਤ ਸੇਠ ਨੇ ਵਿਦਿਆਰਥੀਆਂ ਨੂੰ ਪ੍ਰੇਰਣਾਦਾਇਕ ਸੰਬੋਧਨ ਕੀਤਾ ਤੇ ਉਨ੍ਹਾਂ ਨੂੰ ਦੇਸ਼ ਦੀ ਤਰੱਕੀ ਵਿੱਚ ਸਰਗਰਮ ਯੋਗਦਾਨ ਦੇਣ ਲਈ ਉਤਸ਼ਾਹਿਤ ਕੀਤਾ।ਉਨ੍ਹਾਂ ਨੇ ਆਪਣੇ ਵਿਚਾਰਾਂ ਰਾਹੀਂ ਨੌਜਵਾਨਾਂ ਨੂੰ ਆਤਮ ਵਿਸ਼ਵਾਸ, ਸਮਾਜਿਕ ਸੇਵਾ ਤੇ ਨਵੋਂਚਾਰਕ ਸੋਚ ਦੀ ਮਹੱਤਤਾ ਬਾਰੇ ਪ੍ਰੇਰਿਤ ਕੀਤਾ। ਡਾ. ਹਰਨੀਤ ਬਿਲਿੰਗ, ਪ੍ਰੋਗ੍ਰਾਮ ਕੋਆਰਡੀਨੇਟਰ, ਐਨ.ਐਸ.ਐਸ, ਨੇ ਯੁਵਾ ਸੰਸਦ ਤੇ ਯੁਵਾ ਕਨੈਕਟ ਮੁਹਿੰਮ ਦੀ ਦ੍ਰਿਸ਼ਟੀ ਅਤੇ ਉਦੇਸ਼ਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ।ਡਾ. ਸ਼ਮਨ ਪ੍ਰੀਤ ਕੌਰ, ਪ੍ਰੋਗ੍ਰਾਮ ਅਧਿਕਾਰੀ, ਐਨ.ਐਸ.ਐਸ ਨੇ ਇੰਟਰਐਕਟਿਵ ਸੈਸ਼ਨ ਦੀ ਸਫਲ ਮੇਜ਼ਬਾਨੀ ਕੀਤੀ, ਜਿਸ ਵਿੱਚ ਵਿਦਿਆਰਥੀਆਂ ਨੇ ਆਪਣੇ ਵਿਚਾਰ ਤੇ ਸੁਝਾਅ ਉਤਸ਼ਾਹ ਨਾਲ ਸਾਂਝੇ ਕੀਤੇ। ਡਾ. ਮੋਨਿਕਾ ਐਰੀ ਨੇ ਸਮਾਰੋਹ ਦੇ ਅੰਤ ਵਿੱਚ ਸਭ ਦਾ ਧੰਨਵਾਦ ਪ੍ਰਗਟ ਕੀਤਾ।

## ਦੇਵ ਮਾਨ ਵੱਲੋਂ ਸ਼ਰਧਾਂਜਲੀ ਸਮਾਰੋਹ ਦਾ ਕਾਰਡ ਰਿਲੀਜ਼



**ਨਾਭਾ (ਵਰਿੰਦਰ ਵਰਮਾ)**-ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ 110ਵੇਂ ਸ਼ਹੀਦੀ ਦਿਹਾੜੇ ਮੌਕੇ ਸੰਸਥਾ ਮਰੀਜ਼ ਮਿਤਰਾ ਦੇ ਮੁਖੀ ਗੁਰਮੁਖ ਗੁਰੂ ਦੀ ਅਗਵਾਈ ਵਿੱਚ ਟੀਮ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਤੀਜੇ ਜ਼ਿਲ੍ਹਾ ਪੱਧਰੀ ਸ਼ਰਧਾਂਜਲੀ ਤੇ ਸਨਮਾਨ ਸਮਾਰੋਹ ਕੀਤਾ ਜਾ ਰਿਹਾ ਹੈ। ਸ਼ਰਧਾਂਜਲੀ ਭੇਟ ਕਰਨ ਦੀ ਅਪੀਲ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੇ ਖ਼ੂਨਦਾਨੀ ਸਟੇਟ ਐਵਾਰਡੀ ਭੁਵੇਸ਼ ਬਾਂਸਲ ਭਾਸ਼ੀ ਨੂੰ ਮਰੀਜ਼ ਮਿੱਤਰਾਂ ਸੰਸਥਾ ਦੀ ਟੀਮ ਵੱਲੋਂ ਕੀਤੀ ਗਈ।ਸੰਸਥਾ ਮਰੀਜ਼ ਮਿੱਤਰਾਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਇਹ ਬਹੁਤ ਵੱਡਾ ਉਪਰਾਲਾ ਹੈ, ਜੋ ਕਿ ਸੰਸਥਾ ਵੱਲੋਂ ਹਰ ਸਾਲ ਕੀਤਾ ਜਾਂਦਾ ਹੈ। ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ 'ਤੇ ਬਹੁਤ ਵੱਡਾ ਪ੍ਰੋਗਰਾਮ ਉਲੀਕ ਕੇ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ।ਉਨ੍ਹਾਂ ਹਰ ਤਰ੍ਹਾਂ ਦਾ ਸਹਿਯੋਗ ਸੰਸਥਾ ਮਰੀਜ਼ ਮਿੱਤਰਾਂ ਨੂੰ ਦੇਣ ਦੀ ਗੱਲ ਕਹੀ।ਪ੍ਰਧਾਨ ਭਾਸ਼ੀ ਨੇ ਕਿਹਾ ਕਿ ਆਪਣੇ ਲਈ ਤਾਂ ਸਾਰੇ ਹੀ ਕਰਦੇ ਹਨ, ਦੂਜਿਆਂ ਲਈ ਵੱਡੇ ਉਪਰਾਲੇ ਕਰਨਾ ਸੰਸਥਾ ਦੇ ਮੁਖੀ ਗੁਰਮੁਖ ਗੁਰੂ ਤੇ ਉਨ੍ਹਾਂ ਦੀ ਸਾਰੀ ਟੀਮ ਦਾ ਸਮਾਜ ਲਈ ਬਹੁਤ ਵੱਡਾ ਯੋਗਦਾਨ ਹੈ।ਸੰਸਥਾ ਵਲੋਂ 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ 'ਤੇ ਜ਼ਿਲ੍ਹਾ ਪੱਧਰੀ ਸ਼ਰਧਾਂਜਲੀ ਤੇ ਸਨਮਾਨ ਸਮਾਰੋਹ ਕੀਤਾ ਜਾ ਰਿਹਾ ਹੈ। ਸਮਾਰੋਹ ਸ਼ਾਮ 5 ਵਜੇ ਤੋਂ 7 ਵਜੇ ਤਕ ਓਮੈਕਸ ਮਾਲ ਪਟਿਆਲਾ ਦੇ ਬਾਹਰ ਹੋਵੇਗਾ। ਸਮਾਰੋਹ ਵਿਚ ਤਕਰੀਬਨ 200 ਖ਼ੂਨ ਤੇ ਪਲੇਟਲੈਟ ਸੈੱਲ ਦਾਨੀ, ਤਕਰੀਬਨ 100 ਕੈਂਸਰ ਰੋਗੀਆਂ ਲਈ ਦਾਨ ਬਾਲ ਦਾਨੀ, 100 ਦੇ ਕਰੀਬ ਪਸ਼ੂ ਪੰਛੀਆਂ ਦੀ ਸੇਵਾ ਸੰਭਾਲ ਕਰਨ ਵਾਲੇ ਜੀਵ ਪ੍ਰੇਮੀ, 100 ਦੇ ਕਰੀਬ ਸੰਸਥਾ ਦੇ ਸੀਨੀਅਰ ਮੈਂਬਰ, 50 ਦੇ ਕਰੀਬ ਵਿਸ਼ੇਸ਼ ਸਖਸ਼ੀਅਤਾਂ ਤੇ ਤਕਰੀਬਨ 100 ਪਟਿਆਲਾ ਜ਼ਿਲ੍ਹੇ ਵਿੱਚ ਜ਼ਮੀਨੀ ਪੱਧਰ 'ਤੇ ਸੇਵਾਵਾਂ ਨਿਭਾਅ ਰਹੀਆਂ ਸੰਸਥਾਵਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।

## ਜਥੇਬੰਦੀ ਸਿਹਤ ਸੰਸਥਾਵਾਂ ਦੇ ਨਿੱਜੀਕਰਨ ਦਾ ਡਟਵਾਂ ਵਿਰੋਧ ਕਰੇਗੀ : ਕੁਲਵੀਰ ਮੋਗਾ

**ਧੂਰੀ (ਮਨੋਹਰ ਸਿੰਘ ਸੱਗੂ)**-ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਕੁਲਬੀਰ ਸਿੰਘ ਮੋਗਾ ਨੇ ਆਪਣੇ ਪ੍ਰੈੱਸ ਬਿਆਨ ਰਾਹੀਂ ਕਿਹਾ ਕਿ ਇੱਕ ਪਾਸੇ ਸੂਬਾ ਸਰਕਾਰ ਲੋਕਾਂ ਨੂੰ ਬਿਹਤਰ ਤੇ ਘਰਾਂ ਦੇ ਨੇੜੇ ਮੁਫ਼ਤ ਸਿਹਤ ਸੇਵਾਵਾਂ ਦੇਣ ਦੇ ਦਾਅਵੇ ਕਰ ਰਹੀ ਹੈ, ਪਰ ਦੂਜੇ ਪਾਸੇ ਹੁਣ ਸਰਕਾਰ ਵੱਲੋਂ ਪੰਜਾਬ ਦੇ ਪੰਜ ਸਰਕਾਰੀ ਹਸਪਤਾਲਾਂ ਨੂੰ ਇੱਕ ਪਾਇਲਟ ਪ੍ਰੋਜੈਕਟ ਦਾ ਨਾਮ ਦੇ ਕੇ ਨਿੱਜੀ ਕੰਪਨੀਆਂ ਦੇ ਹੱਥਾਂ 'ਚ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ।ਕੁਲਵੀਰ ਸਿੰਘ ਮੋਗਾ ਨੇ ਕਿਹਾ ਕਿ ਜਥੇਬੰਦੀ ਵੱਲੋਂ ਸਰਕਾਰੀ ਹਸਪਤਾਲਾਂ ਨੂੰ ਨਿੱਜੀ ਹੱਥਾਂ 'ਚ ਦੇਣ ਦੀ ਕੋਸ਼ਿਸ਼ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਰਕਾਰ ਚੁੱਪ ਚੁਪੀਤੇ ਮੋਗਾ, ਫਿਰੋਜ਼ਪੁਰ, ਗੁਰਦਾਸਪੁਰ, ਮੁਕਤ ਤੇ ਰਾਜਪੁਰਾ ਦੇ ਸਰਕਾਰੀ ਹਸਪਤਾਲਾਂ ਨੂੰ ਪਬਲਿਕ ਪ੍ਰਾਈਵੇਟ ਪਾਰਟਨਰ (ਪੀ ਪੀ ਪੀ) ਤਹਿਤ ਨਿੱਜੀ ਹੱਥਾਂ 'ਚ ਦਿੱਤੇ ਜਾ ਰਹੇ ਹਨ, ਜਿਸ ਕਾਰਨ ਆਮ ਲੋਕਾਂ ਨੂੰ ਜਿੱਥੇ ਮਹਿੰਗਾ ਇਲਾਜ ਕਰਵਾਉਣ ਲਈ ਮਜਬੂਰ ਹੋਣਾ ਪਵੇਗਾ, ਉੱਥੇ ਸਰਕਾਰੀ ਪੱਕੀਆਂ ਨੌਕਰੀਆਂ ਦੇ ਮੌਕੇ ਬੇਰੁਜ਼ਗਾਰਾਂ ਦੇ ਹੱਥੋਂ ਖੁਸ ਜਾਣਗੇ।

## ਮਕਸੂਦੜਾ ਸਕੂਲ ਦੀ ਵਿਦਿਆਰਥਣ ਨੇ ਵਿਗਿਆਨ ਪ੍ਰਦਰਸ਼ਨੀ 'ਚ ਪਹਿਲਾ ਸਥਾਨ ਹਾਸਲ ਕੀਤਾ



**ਦੋਰਾਹਾ (ਹਰਮਿੰਦਰ ਸੇਠ)**-ਰਾਸ਼ਟਰੀ ਅਵਿਸ਼ਕਾਰ ਅਭਿਆਨ-2025 ਅਧੀਨ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਪਾਇਲ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ(ਸੈਕੰਡਰੀ) ਸ਼੍ਰੀਮਤੀ ਡਿੰਪਲ ਮਦਾਨ ਜੀ ਦੀ ਰਹਿਨੁਮਾਈ ਹੇਠ ਬਲਾਕ ਨੋਡਲ ਅਫਸਰ ਦੋਰਾਹਾ ਪ੍ਰਿੰਸੀਪਲ ਵਰਿੰਦਰ ਸਿੰਘ ਦੀ ਅਗਵਾਈ ਵਿੱਚ ਬਲਾਕ ਪੱਧਰੀ ਵਿਗਿਆਨ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ।ਇਸ ਪ੍ਰਦਰਸ਼ਨੀ ਲਈ 'ਸਟੈਮ ਫਾਰ ਵਿਕਸਤ ਤੇ ਆਤਮ ਨਿਰਭਰ ਭਾਰਤ' ਥੀਮ ਅਧੀਨ 7 ਸਬ ਥੀਮ ਨਿਰਧਾਰਤ ਕੀਤੇ ਗਏ।ਬਲਾਕ ਦੋਰਾਹਾ ਦੇ ਐਲੀਮੈਂਟਰੀ ਪੱਧਰ ਦੇ ਵਿਦਿਆਰਥੀਆਂ ਨੇ 7 ਸਬ ਥੀਮ ਅਧੀਨ 7 ਸਬ ਥੀਮਾਂ ਤੇ ਅਧਾਰਿਤ ਵੱਖ-ਵੱਖ ਤਰ੍ਹਾਂ ਦੇ ਮਾਡਲ ਪ੍ਰਦਰਸ਼ਤ ਕੀਤੇ।ਇਸ ਵਿਗਿਆਨ ਪ੍ਰਦਰਸ਼ਨੀ ਲਈ ਵਿਦਿਆਰਥੀਆਂ ਵਿੱਚ ਉਤਸ਼ਾਹ ਦੇਖਣ ਨੂੰ ਮਿਲਿਆ।ਪ੍ਰਦਰਸ਼ਨੀ ਦਾ ਸਮੁੱਚਾ ਪ੍ਰਬੰਧ ਸਕੂਲ ਇੰਚਾਰਜ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸਮੁੱਚੇ ਸਟਾਫ ਦੇ ਸਹਿਯੋਗ ਨਾਲ ਕੀਤਾ ਗਿਆ।ਹਰੇਕ ਸਬ ਥੀਮ ਵਿੱਚ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਬਲਾਕ ਦੋਰਾਹਾ ਦੇ ਬੀ.ਐੱਨ.ਓ. ਪ੍ਰਿੰਸੀਪਲ ਵਰਿੰਦਰ ਸਿੰਘ ਵੱਲੋਂ ਇਨਾਮਾਂ ਦੀ ਵੰਡ ਕੀਤੀ ਗਈ।ਐਲੀਮੈਂਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਕਸੂਦੜਾ ਦੀ ਵਿਦਿਆਰਥਣ ਗੁਰਨੂਰ ਕੌਰ ਸੋਹਲ ਪੁੱਤਰੀ ਅਮਨਦੀਪ ਸਿੰਘ ਜਮਾਤ ਅੱਠਵੀਂ ਨੇ ਸਬ ਥੀਮ- ਗ੍ਰੀਨੇਰਜੀ ਮੈਥੇਮੈਟੀਕਲ ਮਾਡਲਿੰਗ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਤੇ ਜ਼ਿਲ੍ਹਾ ਪੱਧਰੀ ਵਿਗਿਆਨ ਪ੍ਰਦਰਸ਼ਨੀ ਲਈ ਕੁਆਲੀਫਾਈ ਕੀਤਾ।ਇਸੇ ਤਰ੍ਹਾਂ ਗੁਰਸਿਮਰਨ ਕੌਰ ਪੁੱਤਰੀ ਭਗਵੰਤ ਸਿੰਘ ਜਮਾਤ ਅੱਠਵੀਂ ਨੇ ਸਬ ਥੀਮ-ਸਿਹਤ ਤੇ ਸੁਰੱਖਿਆ ਵਿੱਚ ਤੀਜਾ ਸਥਾਨ ਤੇ ਗੁਰਨੂਰ ਕੌਰ ਪੁੱਤਰੀ ਕੁਲਵਿੰਦਰ ਸਿੰਘ ਜਮਾਤ ਛੇਵੀਂ ਨੇ ਸਬ ਥੀਮ-ਟਿਕਾਊ ਖੇਤੀ ਬਾੜੀ ਤੀਜਾ ਸਥਾਨ ਹਾਸਲ ਕੀਤਾ।ਪ੍ਰਿੰਸੀਪਲ ਵਰਿੰਦਰ ਸਿੰਘ ਨੇ ਵਿਦਿਆਰਥਣਾਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲਿਆਂ ਵਿੱਚ ਭਾਗ ਲੈਣ ਨਾਲ ਵਿਦਿਆਰਥੀਆਂ ਦੀ ਵਿਗਿਆਨਕ ਸੋਚ ਵਿੱਚ ਵਾਧਾ ਹੁੰਦਾ ਹੈ।ਉਨ੍ਹਾਂ ਵਿਦਿਆਰਥੀਆਂ ਦੀ ਇਸ ਪ੍ਰਾਪਤੀ ਤੇ ਉਨ੍ਹਾਂ ਦੇ ਗਾਈਡ ਅਧਿਆਪਕਾਂ ਮੈਡਮ ਜਸਵੀਰ ਕੌਰ, ਰੁਪਿੰਦਰ ਕੌਰ ਅਤੇ ਹਰਪ੍ਰੀਤ ਕੌਰ ਨੂੰ ਵੀ ਮੁਬਾਰਕਬਾਦ ਦਿੱਤੀ। ਇਸ ਵਿਗਿਆਨ ਪ੍ਰਦਰਸ਼ਨੀ ਵਿੱਚ ਜੱਜਮੈਂਟ ਦੀ ਜ਼ਿੰਮੇਵਾਰੀ ਲੈਕਚਰਾਰ ਜਗਦੀਪ ਸਿੰਘ ਸ.ਸ.ਸ.ਸ. ਸਿਆੜ, ਹਰਜਿੰਦਰ ਸਿੰਘ (ਸਟੇਟ ਅਵਾਰਡੀ) ਸਾਇੰਸ ਅਧਿਆਪਕ ਸ.ਸ.ਸ.ਸ. ਰਿਓਂਦਾ ਤੇ ਸ਼੍ਰੀਮਤੀ ਕਰਮਜੀਤ ਕੌਰ ਸਾਇੰਸ ਅਧਿਆਪਕਾ ਸ.ਸ.ਸ.ਸ. ਘਲੋਟੀ ਨੇ ਨਿਭਾਈ।ਸਟੇਜ ਦੀ ਜ਼ਿੰਮੇਵਾਰੀ ਸ਼੍ਰੀਮਤੀ ਗੀਤਿਕਾ ਲੈਕਚਰਾਰ ਅਰਥ ਸ਼ਾਸ਼ਤਰ ਨੇ ਨਿਭਾਈ।

## ਨਿਊ ਫ੍ਰੈਂਡਜ਼ ਕਲੱਬ ਵੱਲੋਂ ਭਾਵਾਧਸ ਪ੍ਰਧਾਨ ਨਰੇਸ਼ ਬੋਹਤ ਦਾ ਸਨਮਾਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਨਿਊ ਫ੍ਰੈਂਡਜ਼ ਕਲੱਬ ਮੋਗਾ ਵੱਲੋਂ ਮਾਂ ਭਗਵਤੀ ਦਾ ਜਾਗਰਣ ਆਯੋਜਿਤ ਕੀਤਾ ਗਿਆ। ਇਸ ਸ਼ੁੱਭ ਮੌਕੇ ਕਲੱਬ ਦੇ ਪ੍ਰਧਾਨ ਸੋਨੂ ਗਰੋਵਰ ਨੇ ਕਿਹਾ ਕਿ ਮਾਂ ਸ਼ੇਰਾਂਵਾਲੀ ਦੇ ਜਾਗਰਣ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਭਾਰਤੀ ਵਾਲਮੀਕੀ ਧਰਮ ਸਮਾਜ ਰਜਿ (ਭਾਵਾਧਸ) ਸੰਸਥਾ ਦੇ ਪ੍ਰਧਾਨ ਨਰੇਸ਼ ਬੋਹਤ ਨੂੰ ਸਿਰੋਪਾ ਤੇ ਮਾਂ ਸ਼ੇਰਾਂਵਾਲੀ ਦੀ ਤਸਵੀਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਨਰੇਸ਼ ਬੋਹਤ ਨੇ ਸਮੂਹ ਮੁਹੱਲਾ ਨਿਵਾਸੀਆਂ ਅਤੇ ਨਿਊ ਫ੍ਰੈਂਡਜ਼ ਕਲੱਬ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।ਭਜਨ ਗਾਇਕ ਤਰੁਣ ਗਿੱਲ ਅਤੇ ਅਜੇ ਸ਼ਰਮਾ ਐਂਡ ਪਾਰਟੀ ਮੋਗਾ ਵੱਲੋਂ ਮਾਂ ਰਾਣੀ ਦੇ ਸੁਰੀਲੇ ਭਜਨ ਗਾਏ ਗਏ।ਮਾਂ ਸ਼ੇਰਾਂਵਾਲੀ ਦਾ ਲੰਗਰ ਸਾਰੀ ਰਾਤ ਚਲਦਾ ਰਿਹਾ। ਇਸ ਮੌਕੇ ਕਲੱਬ ਦੇ ਪ੍ਰਧਾਨ ਸੋਨੂ ਗਰੋਵਰ, ਚੇਅਰਮੈਨ ਅਨਿਲ ਗਰੋਵਰ, ਵਾਈਸ ਪ੍ਰਧਾਨ ਰਾਜੂ ਸ਼ਰਮਾ, ਕੈਸ਼ੀਅਰ ਸ਼ੰਕਰ ਮੁਰਾ, ਰੋਹਿਤ ਜਿੰਦਲ, ਰਾਬਿਨ ਨਾਗਪਾਲ, ਤਰਸੇਮ ਸਿੰਘ, ਸਰੋਜ ਮੰਗਲਾਨੀ, ਸਿਮਰਨ ਗਰਚਾ, ਮੋਨਿਕ ਅਰੋੜਾ, ਰਾਹੁਲ ਅਰੋੜਾ ਲਾਲੀ, ਗੁਲਸ਼ਨ, ਕਰਣ ਨਾਗਪਾਲ, ਰਾਹੁਲ ਦੂਬੇ ਤੇ ਹੋਰ ਕਈ ਮੈਂਬਰ ਮੌਜੂਦ ਸਨ।

## ਪੰਜਾਬ ਪੁਲਸ ਸੰਵਿਧਾਨ ਅਨੁਸਾਰ ਕੰਮ ਕਰੇ : ਕਾਲੀ ਪਾਇਲ



**ਦੋਰਾਹਾ (ਹਰਮਿੰਦਰ ਸੇਠ)**-ਜਦ ਤੋਂ ਮਨੀਸ਼ ਸਿਸੋਦੀਆ ਨੇ ਕਿਹਾ ਹੈ ਕਿ 2027 ਜਿੱਤਣ ਲਈ ਅਸੀਂ ਹਰ ਤਰ੍ਹਾਂ ਦਾ ਹੀਲਾ ਵਸੀਲਾ ਕਰਾਂਗੇ, ਸ਼ਾਮ ਦਾਮ ਦੰਡ ਭੇਦ ਹਰ ਤਰੀਕੇ ਨਾਲ ਸੱਤਾ ਵਿੱਚ ਵਾਪਸੀ ਦਾ ਨਾਅਰਾ ਦਿੱਤਾ ਹੈ, ਉਸ ਸਮੇਂ ਤੋਂ ਹੀ ਆਮ ਆਦਮੀ ਪਾਰਟੀ ਨੇ ਪੰਜਾਬ ਪੁਲਸ ਨੂੰ ਖੁੱਲ੍ਹੀ ਛੁੱਟ ਦੇ ਦਿੱਤੀ ਹੈ ਜੋ ਵੀ ਸੋਸ਼ਲ ਵਰਕਰ, ਪੱਤਰਕਾਰ ਜਾਂ ਸੋਸ਼ਲ ਮੀਡੀਆ ਇਨਫਲੂਐਂਸਰ ਸਰਕਾਰ ਦੇ ਖਿਲਾਫ ਆਵਾਜ਼ ਬੁਲੰਦ ਕਰਦਾ ਹੈ ਉਹਨਾਂ ਉੱਪਰ ਝੂਠੇ ਸੱਚੇ ਪਰਚੇ ਦੇ ਕੇ ਉਹਨਾਂ ਨੂੰ ਜੇਲ੍ਹਾਂ ਵਿੱਚ ਧੱਕ ਦਿਓ ਜਾਂ ਉਹਨਾਂ ਦਾ ਰਾਜਨੀਤਿਕ ਕਤਲ ਕਰਵਾ ਦਿਓ। ਇਹਨਾਂ ਗੱਲਾਂ ਦਾ ਪ੍ਰਗਟਾਵਾ ਪ੍ਰੈਸ ਨਾਲ ਜ਼ਿਲ੍ਹਾ ਖੰਨਾ ਅੰਦਰ ਝੂਠਾ ਪਰਚਾ ਦੇ ਕੇ ਜੇਲ੍ਹ ਵਿੱਚ ਰਿਹਾਅ ਹੋਣ ਤੋਂ ਬਾਅਦ ਉੱਘੇ ਅੰਬੇਡਕਰਵਾਦੀ ਅਤੇ ਸਮਾਜ ਸੇਵੀ ਗੁਰਦੀਪ ਸਿੰਘ ਕਾਲੀ ਨੇ ਪਰਚੇ ਤੋਂ ਬਾਅਦ ਅਗਲੀ ਰਣਨੀਤੀ ਤੈਅ ਕਰਨ ਲਈ ਮੀਟਿੰਗ ਕੀਤੀ। ਉਹਨਾਂ ਕਿਹਾ ਕਿ ਪੰਜਾਬ ਅੰਦਰ ਸਰਕਾਰ ਨੇ ਮੀਡੀਆ ਅਤੇ ਲੋਕਾਂ ਦਾ ਗਲਾ ਘੁੱਟਿਆ ਹੋਇਆ ਹੈ। ਅਗਰ ਕੋਈ ਵਿਅਕਤੀ ਇਹਨਾਂ ਖਿਲਾਫ ਬੋਲਦਾ ਹੈ ਤਾਂ ਉਸ ਉੱਪਰ ਝੂਠਾ ਪਰਚਾ ਦੇ ਕੇ ਉਸ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਜਾਂਦਾ ਹੈ। ਅਗਲੀ ਰਣਨੀਤੀ ਤਿਆਰ ਕਰਨ ਲਈ ਜਲਦ ਹੀ ਖੰਨਾ ਦੀ ਧਰਤੀ ਉੱਤੇ ਵੱਖ ਵੱਖ ਜਥੇਬੰਦੀਆਂ ਦੀ ਮੀਟਿੰਗ ਕੀਤੀ ਜਾਵੇਗੀ ਅਤੇ ਵੱਡਾ ਪ੍ਰੋਗਰਾਮ ਉਲੀਕਿਆ ਜਾਵੇਗਾ ਅਤੇ ਲਾ ਮਿਸਾਲ ਇਕੱਠ ਕਰਕੇ ਪੰਜਾਬ ਪੱਧਰ ਦਾ ਇੱਕ ਰੋਸ ਵਿਖਾਵਾ ਕੀਤਾ ਜਾਵੇਗਾ। ਇਸ ਮੌਕੇ ਗੁਰਦੀਪ ਸਿੰਘ ਕਾਲੀ ਪਾਇਲ, ਰਣਜੀਤ ਸਿੰਘ, ਅਵਤਾਰ ਸਿੰਘ ਤਾਰੀ, ਅਨਿਲ ਕੁਮਾਰ, ਸੰਜੂ ਜੱਸਲ, ਅੰਮਿਤ ਭਾਰਤੀ, ਮਨੋਜ ਸਿੱਧੂ, ਜੋਤੀ, ਜਸਵੀਰ ਕੌਰ ਆਦਿ ਹਾਜ਼ਰ ਸਨ।

# ਸਹੌਰ ਪਿਛਲੇ ਚਾਰ ਸਾਲ ਤੋਂ ਨਹੀਂ ਲਗਾ ਰਿਹਾ ਪਰਾਲੀ ਨੂੰ ਅੱਗ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਨੇ ਦੱਸਿਆ ਕਿ ਪਰਾਲੀ ਪ੍ਰਬੰਧਨ 2025 ਦੌਰਾਨ ਹਲਕਾ ਮਹਿਲ ਕਲਾਂ ਦਾ ਸਹੌਰ ਪਿੰਡ ਮੋਹਰੀ ਬਣ ਕੇ ਉਭਰਿਆ ਹੈ।ਇਸ ਪਿੰਡ ਨੇ ਪਿਛਲੇ 4 ਸਾਲਾਂ ਤੋਂ ਪਰਾਲੀ ਨੂੰ ਅੱਗ ਨਹੀਂ ਲਗਾਈ ਅਤੇ ਇਹ ਪਿੰਡ ਜ਼ਿਲ੍ਹੇ ਦੇ ਜ਼ੀਰੋ ਬਰਨਿੰਗ ਪਿੰਡ ਵਜੋਂ ਉਭਰਿਆ ਹੈ। ਜਿਥੇ ਜ਼ਿਲ੍ਹਾ ਬਰਨਾਲਾ 'ਚ ਲਗਭਗ 90 ਦੇ ਕਰੀਬ ਬੇਲਰ ਹਨ।ਉੱਥੇ ਪਿੰਡ ਸਹੌਰ 'ਚ ਲਗਭਗ 30 ਦੇ ਕਰੀਬ ਤੂੜੀ ਬਣਾਉਣ ਵਾਲੀਆਂ ਮਸ਼ੀਨਾਂ ਕੰਮ ਕਰ ਰਹੀਆਂ ਹਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਿੰਡ ਦੀ ਪੰਚਾਇਤ ਅਤੇ ਅਗਾਂਹਵਧੂ ਕਿਸਾਨਾਂ ਵੱਲੋਂ ਪਰਾਲੀ ਦੀ ਤੂੜੀ ਬਣਾਉਣ ਲਈ ਵਪਾਰਕ ਪੱਧਰ 'ਤੇ ਕੰਮ ਕੀਤਾ ਜਾ ਰਿਹਾ ਹੈ।ਪਿੰਡ ਵਿੱਚ ਲਗਭਗ 30 ਮਸ਼ੀਨਾਂ ਕੰਮ ਕਰ ਰਹੀਆਂ ਹਨ । ਇਨ੍ਹਾਂ ਮਸ਼ੀਨਾਂ ਤੋਂ ਤਿਆਰ ਕੀਤੀ ਗਈ ਤੂੜੀ ਲੁਧਿਆਣਾ ਤੇ ਗੜ੍ਹਸ਼ੰਕਰ ਵਿਖੇ ਵੇਚੀ ਜਾਂਦੀ ਹੈ। ਪਿੰਡ ਵਿੱਚ ਹਰ ਰੋਜ਼ ਲਗਭਗ 5-7 ਭੂੰਗ ਪਰਾਲੀ ਦੀ ਤੂੜੀ ਦੇ ਲੁਧਿਆਣਾ ਲਈ ਰਵਾਨਾ ਹੁੰਦੇ ਹਨ।ਪਿੰਡ ਦੇ ਸਰਪੰਚ ਲਖਵੀਰ ਸਿੰਘ ਨੇ ਦੱਸਿਆ ਕਿ ਉਹ ਅਤੇ ਪਿੰਡ ਦੇ ਹੋਰ ਕਿਸਾਨ ਲਗਭਗ 10-12 ਸਾਲਾਂ ਤੋਂ ਪਰਾਲੀ ਦੀ ਤੂੜੀ ਬਣਾਉਂਦੇ ਹਨ। ਇਸ ਵਾਰ ਪਿੰਡ ਵਿੱਚ ਵਪਾਰਕ ਤਰੀਕੇ ਨਾਲ ਪਰਾਲੀ ਦੀ ਤੂੜੀ ਬਣਾਈ ਗਈ ਹੈ, ਜਿਸ ਵਿਚ ਪਿੰਡ ਵਾਸੀਆਂ ਨੇ ਪੂਰਾ ਸਹਿਯੋਗ ਦਿੱਤਾ ਅਤੇ ਕੋਈ ਵੀ ਕਿਸਾਨ ਪਰਾਲੀ ਨੂੰ ਅੱਗ ਨਹੀਂ ਲਗਾਉਂਦਾ। ਕਿਸਾਨਾਂ ਵੱਲੋਂ ਤੂੜੀ ਬਣਵਾਉਣ ਤੋਂ ਬਾਅਦ ਰਵਾਇਤੀ ਤਰੀਕੇ ਨਾਲ ਤਵੀਆਂ ਨਾਲ ਵਾਹ ਕੇ ਕਣਕ ਦੀ ਬਿਜਾਈ ਕੀਤੀ ਜਾਂਦੀ ਹੈ।ਪੰਚਾਇਤ ਮੈਂਬਰ ਮਲਕੀਤ ਸਿੰਘ ਨੇ ਦੱਸਿਆ ਕਿ ਪਿੰਡ ਵਿੱਚ ਚੱਲ ਰਹੀਆਂ ਸਾਰੀਆਂ ਮਸ਼ੀਨਾਂ ਕਿਸਾਨਾਂ ਦੀਆਂ ਹਨ। ਇਨ੍ਹਾਂ ਮਸ਼ੀਨਾਂ ਚੱਲਣ ਨਾਲ ਪਿੰਡ ਦੇ ਨੌਜਵਾਨਾਂ ਨੂੰ ਰੁਜ਼ਗਾਰ ਮਿਲਦਾ ਹੈ। ਕਿਸਾਨ ਨਰਿੰਦਰ ਸਿੰਘ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਉਨ੍ਹਾਂ ਵੱਲੋਂ ਕੰਮ ਸ਼ੁਰੂ ਕੀਤਾ ਗਿਆ ਸੀ, ਜਿਸ ਦਾ ਉਸ ਨੂੰ ਬਹੁਤ ਲਾਭ ਹੋਇਆ।ਪਿੰਡ ਦੇ ਕਿਸਾਨ ਨੇ ਦੱਸਿਆ ਕਿ ਸਰਦੀ ਦੇ ਮੌਸਮ ਵਿੱਚ ਉਹ ਆਪਣੇ ਦੁਧਾਰੂ ਪਸ਼ੂਆਂ ਨੂੰ ਵੀ ਪਰਾਲੀ ਦੀ ਤੂੜੀ ਪਾਉਂਦੇ ਹਨ ਅਤੇ ਉਨ੍ਹਾਂ ਦੇ ਪਸ਼ੂ ਆਮ ਤੂੜੀ ਦੇ ਮੁਕਾਬਲੇ ਪਰਾਲੀ ਦੀ ਤੂੜੀ ਜ਼ਿਆਦਾ ਪਸੰਦ ਕਰਦੇ ਹਨ।ਡਿਪਟੀ ਕਮਿਸ਼ਨਰ ਬਰਨਾਲਾ ਨੇ ਪਿੰਡ ਦੀ ਪੰਚਾਇਤ ਅਤੇ ਕਿਸਾਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੋਰਨਾਂ ਕਿਸਾਨਾਂ ਨੂੰ ਪਿੰਡ ਸਹੌਰ ਦੇ ਕਿਸਾਨਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ਤੇ ਪਰਾਲੀ ਨੂੰ ਪ੍ਰਦੂਸ਼ਣ ਦਾ ਨਹੀਂ ਸਗੋਂ ਕਮਾਈ ਦਾ ਸਾਧਨ ਬਣਾਉਣਾ ਚਾਹੀਦਾ ਹੈ।

## ਡਾ. ਸੰਦੀਪ ਸਿੰਘ ਰੋਟਰੀ ਕਲੱਬ ਦੇ ਚਾਰਟਰ ਨਾਲ ਸਨਮਾਨਤ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਨੂੰ ਰੋਟਰੀ ਕਲੱਬ ਦੇ ਇੱਕ ਸਨਮਾਨ ਸਮਾਰੋਹ ਦੌਰਾਨ ਚਾਰਟਰ ਨਾਲ ਸਨਮਾਨਤ ਕੀਤਾ ਗਿਆ।ਡਾ. ਸੰਦੀਪ ਸਿੰਘ ਨੂੰ ਇਹ ਵਿਸ਼ੇਸ਼ ਸਨਮਾਨ ਇੰਟਰਨੈਸ਼ਨਲ ਰੋਟਰੀ ਦੇ ਪ੍ਰੈਜ਼ੀਡੈਂਟ ਡਾ. ਫਰਾਂਸਿਸਕੋ ਅਰੇਜ਼ੋ ਤੇ ਰੋਟੇਰੀਅਨ ਅੰਨਾ ਮਾਰੀਆ ਵੱਲੋਂ ਪ੍ਰਦਾਨ ਕੀਤਾ ਗਿਆ।ਚੰਡੀਗੜ੍ਹ ਦੇ ਹਯਾਤ ਸੈਂਟਰਿਕ ਵਿਖੇ ਆਯੋਜਤ ਸਮਾਰੋਹ ਦੌਰਾਨ ਵੱਡੀ ਗਿਣਤੀ 'ਚ ਪ੍ਰਸਿੱਧ ਰੋਟੇਰੀਅਨ ਆਗੂਆਂ ਦੀ ਹਾਜ਼ਰੀ ਨੇ ਸਮਾਗਮ ਦੀ ਸ਼ੋਭਾ ਵਧਾਈ। ਇਹ ਸਨਮਾਨ ਇਸ ਗੱਲ ਦਾ ਪ੍ਰਤੀਕ ਹੈ ਕਿ ਹੁਣ ਰੋਟਰੀ ਕਲੱਬ ਗੋਬਿੰਦਗੜ੍ਹ ਅਧਿਕਾਰਕ ਤੌਰ 'ਤੇ ਹੋਂਦ ਵਿੱਚ ਆ ਗਿਆ ਹੈ।ਕਲੱਬ ਦੇ ਮੈਂਬਰਾਂ ਲਈ ਇਹ ਇੱਕ ਨਵੀਂ ਸ਼ੁਰੂਆਤ ਹੈ, ਜੋ ਭਾਈਚਾਰਕ ਸੇਵਾ, ਸਮਾਜਿਕ ਜ਼ਿੰਮੇਵਾਰੀਆਂ ਤੇ ਅੰਤਰਰਾਸ਼ਟਰੀ ਸਮਝ ਦੇ ਖੇਤਰ 'ਚ ਨਵੇਂ ਰਾਹ ਖੋਲ੍ਹੇਗੀ।ਇਹ ਸਨਮਾਨ ਸਿਰਫ਼ ਡਾ. ਸੰਦੀਪ ਸਿੰਘ ਲਈ ਹੀ ਨਹੀਂ, ਸਗੋਂ ਪੂਰੀ ਦੇਸ਼ ਭਗਤ ਯੂਨੀਵਰਸਿਟੀ ਪਰਵਾਰ ਲਈ ਮਾਣ ਦੀ ਗੱਲ ਹੈ।ਇਸ ਪ੍ਰਾਪਤੀ ਨਾਲ ਨਾ ਸਿਰਫ਼ ਦੇਸ਼ ਭਗਤ ਯੂਨੀਵਰਸਿਟੀ ਦਾ ਨਾਂਅ ਚਮਕਿਆ ਹੈ, ਸਗੋਂ ਇਹ ਮਨੁੱਖਤਾ ਦੀ ਸੇਵਾ, ਲੀਡਰਸ਼ਿਪ ਵਿਕਾਸ ਤੇ ਸਮਾਜਿਕ ਸੁਧਾਰ ਪ੍ਰਤੀ ਯੂਨੀਵਰਸਿਟੀ ਦੀ ਅਡਿੱਗ ਵਚਨਬੱਧਤਾ ਦਾ ਸਬੂਤ ਵੀ ਹੈ। ਡਾ. ਸੰਦੀਪ ਸਿੰਘ ਨੇ ਕਿਹਾ ਕਿ ਰੋਟਰੀ ਕਲੱਬ ਦਾ ਹਿੱਸਾ ਬਣਨਾ ਸਮਾਜਿਕ ਸੇਵਾ ਤੇ ਮਨੁੱਖਤਾ ਪ੍ਰਤੀ ਸਮਰਪਣ ਦਾ ਪ੍ਰਤੀਕ ਹੈ।ਉਨ੍ਹਾਂ ਕਿਹਾ ਕਿ ਦੇਸ਼ ਭਗਤ ਯੂਨੀਵਰਸਿਟੀ ਹਮੇਸ਼ਾ ਸਰਵਪੱਖੀ ਵਿਕਾਸ, ਸਮਾਜਿਕ ਸੁਧਾਰ ਤੇ ਨਵੀਨਤਾ ਰਾਹੀਂ ਮਨੁੱਖਤਾ ਦੀ ਭਲਾਈ ਲਈ ਪ੍ਰਤੀਬੱਧ ਰਹੀ ਹੈ।ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ. ਚਾਂਸਲਰ ਡਾ. ਤੇਜਿੰਦਰ ਕੌਰ ਤੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਡਾ. ਸੰਦੀਪ ਸਿੰਘ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਤੇ ਕਿਹਾ ਕਿ ਇਹ ਸਫ਼ਲਤਾ ਯੂਨੀਵਰਸਿਟੀ ਦੇ ਸਮਰਪਤ ਪ੍ਰਬੰਧਨ ਤੇ ਨੇਤ੍ਰਿਤਵ ਦੀ ਪਛਾਣ ਹੈ।ਉਨ੍ਹਾਂ ਕਿਹਾ ਕਿ ਇਹ ਸਨਮਾਨ ਦੇਸ਼ ਭਗਤ ਯੂਨੀਵਰਸਿਟੀ ਦੀ ਸਮਾਜ ਪ੍ਰਤੀ ਸੇਵਾ ਭਾਵਨਾ, ਨੇਤ੍ਰਿਤਵ ਸਮਰੱਥਾ ਤੇ ਵਿਸ਼ਵ ਪੱਧਰ 'ਤੇ ਸਹਿਯੋਗ ਦੀ ਵਚਨਬੱਧਤਾ ਦਾ ਪ੍ਰਤੀਕ ਹੈ।

## ਆਰੀਅਨ ਗਰੁੱਪ ਆਫ ਕਾਲਜਿਜ਼ ਵਿਖੇ ਇੰਟਰ-ਜ਼ੋਨਲ ਯੂਥ ਫੈਸਟੀਵਲ 17-18 ਨੂੰ

**ਰਾਜਪੁਰਾ (ਰਮੇਸ਼ ਕਟਾਰੀਆ)**-ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ.ਆਰ.ਐੱਸ.ਪੀ.ਟੀ.ਯੂ.) ਬਠਿੰਡਾ ਦੇ ਯੂਥ ਵੈੱਲਫੇਅਰ ਵਿਭਾਗ ਵੱਲੋਂ ਆਰੀਅਨ ਗਰੁੱਪ ਆਫ ਕਾਲਜ ਰਾਜਪੁਰਾ (ਚੰਡੀਗੜ੍ਹ ਨੇੜੇ) ਦੇ ਸਹਿਯੋਗ ਨਾਲ 17-18 ਨਵੰਬਰ ਨੂੰ ਆਰੀਅਨ ਕੈਂਪਸ ਵਿੱਚ 10ਵਾਂ ਇੰਟਰ-ਜ਼ੋਨਲ ਯੂਥ ਫੈਸਟੀਵਲ ਆਯੋਜਿਤ ਕਰਨ ਜਾ ਰਿਹਾ ਹੈ।ਇਸ ਫੈਸਟੀਵਲ ਵਿੱਚ ਲਗਭਗ 25 ਕਾਲਜ ਹਿੱਸਾ ਲੈਣਗੇ, ਜਿਨ੍ਹਾਂ ਵਿੱਚ ਤਕਰੀਬਨ 5000 ਵਿਦਿਆਰਥੀ ਸ਼ਾਮਲ ਹੋਣਗੇ।ਇਸ ਸਮਾਰੋਹ ਦੀ ਸ਼ੋਭਾ ਵਧਾਉਣ ਲਈ ਸ੍ਰ. ਹਰਪਾਲ ਸਿੰਘ ਚੀਮਾ ਵਿੱਤ ਮੰਤਰੀ ਪੰਜਾਬ, ਡਾ. ਸੰਜੀਵ ਸ਼ਰਮਾ ਵਾਈਸ ਚਾਂਸਲਰ ਐਮ.ਆਰ.ਐਸ.ਪੀ.ਟੀ.ਯੂ. ਬਠਿੰਡਾ, ਸ੍ਰ. ਗੁਰਲਾਲ ਸਿੰਘ ਐੱਮ.ਐੱਲ.ਏ. ਘਨੌਰ, ਸ੍ਰੀਮਤੀ ਨੀਨਾ ਮਿੱਤਲ ਐੱਮ.ਐੱਲ.ਏ. ਰਾਜਪੁਰਾ, ਸ੍ਰੀਮਤੀ ਸ਼ਸ਼ੀ ਪ੍ਰਭਾ (ਡੀ.ਜੀ.ਪੀ.), ਸ੍ਰੀ ਰਾਮਵੀਰ (ਆਈ.ਏ.ਐੱਸ.), ਸ੍ਰੀ ਵਰੁਣ ਸ਼ਰਮਾ ਐੱਸ.ਐੱਸ.ਪੀ. (ਆਈ.ਪੀ.ਐੱਸ.), ਸ੍ਰੀ ਕਰਨ ਗਿਲਹੋਤਰਾ, ਸ੍ਰੀ ਆਚਾਰਯ ਮਨੀਸ਼, ਸ੍ਰੀ ਗੁਰਵਿੰਦਰ ਸਿੰਘ ਸੋਧੀ (ਪੀ.ਸੀ.ਐੱਸ.), ਸ੍ਰੀ ਰਾਕੇਸ਼ ਕੁਮਾਰ ਪੋਪਲੀ (ਪੀ.ਸੀ.ਐੱਸ.), ਡਾ. ਰੂਪੇਸ਼ ਸਿੰਘ, ਐਡਵੋਕੇਟ ਹਰਪ੍ਰੀਤ ਸਿੰਘ ਸੰਧੂ, ਸ੍ਰ. ਪੀ. ਜੇ. ਸਿੰਘ ਆਦਿ ਵਿਸ਼ੇਸ਼ ਰੂਪ ਨਾਲ ਸ਼ਾਮਲ ਹੋਣਗੇ।ਸਮਾਰੋਹ ਦੀ ਅਗਵਾਈ ਡਾ. ਅੰਸ਼ੂ ਕਟਾਰੀਆ ਚੇਅਰਮੈਨ ਆਰੀਅਨ ਗਰੁੱਪ ਵੱਲੋਂ ਕੀਤੀ ਜਾਵੇਗੀ।ਇਸ ਸਾਲ ਦੇ ਯੂਥ ਫੈਸਟੀਵਲ ਦਾ ਥੀਮ ਵਿਰਸਾ ਤੇ ਵਿਕਾਸ ਹੈ, ਜੋ ਪੰਜਾਬ ਦੀ ਸ਼ਾਨਦਾਰ ਸੰਸਕ੍ਰਿਤਕ ਧਰੋਹਰ ਨੂੰ ਆਧੁਨਿਕ ਨੌਜਵਾਨੀ ਦੇ ਪ੍ਰਗਤੀਸ਼ੀਲ ਜਜ਼ਬੇ ਨਾਲ ਜੋੜਦਾ ਹੈ। ਇਹ ਦੋ ਦਿਨਾਂ ਦਾ ਸਮਾਰੋਹ ਸੰਗੀਤ, ਨਾਚ, ਨਾਟਕ, ਲਲਿਤ ਕਲਾ ਤੇ ਸਾਹਿਤਕ ਮੁਕਾਬਲਿਆਂ ਰਾਹੀਂ ਵਿਦਿਆਰਥੀਆਂ ਦੀ ਕਲਾਤਮਕ ਪ੍ਰਤਿਭਾ ਤੇ ਰਚਨਾਤਮਕਤਾ ਦਾ ਸ਼ਾਨਦਾਰ ਪ੍ਰਦਰਸ਼ਨ ਕਰੇਗਾ।

## ਪੀ ਏ ਯੂ-ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪਰਾਲੀ ਦੀ ਸੰਭਾਲ ਸੰਬੰਧੀ ਕੈਂਪ




**ਸ੍ਰੀ ਮੁਕਤਸਰ ਸਾਹਿਬ (ਸਮਿੰਦਰ ਪਾਲ/ਪੂਜਾ)**-ਪੀ.ਏ.ਯੂ-ਕ੍ਰਿਸ਼ੀ ਵਿਗਿਆਨ ਕੇਂਦਰ ਸ੍ਰੀ ਮੁਕਤਸਰ ਸਾਹਿਬ ਵੱਲੋਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰੂ ਰਾਮਦਾਸ ਮਾਲਵਾ ਕਾਲਜ ਬੁੱਟਰ ਸ਼ਰੀਹ ਵਿਖੇ ਪਰਾਲੀ ਦੀ ਸਾਂਭ-ਸੰਭਾਲ ਸਬੰਧੀ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਕਾਲਜ ਦੇ ਲਗਭਗ 250 ਵਿਦਿਆਰਥੀਆਂ ਨੇ ਭਾਗ ਲਿਆ।ਡਾ. ਕਰਮਜੀਤ ਸ਼ਰਮਾ ਐਸੋਸੀਏਟ ਡਾਇਰੈਕਟਰ (ਸਿਖਲਾਈ) ਕੇ.ਵੀ.ਕੇ. ਨੇ ਕਾਲਜ ਪ੍ਰਸ਼ਾਸਨ, ਪ੍ਰਬੰਧਕੀ ਸਟਾਫ਼ ਅਤੇ ਵਿਦਿਆਰਥੀਆਂ ਦਾ ਇਸ ਪ੍ਰੋਗਰਾਮ ਵਿੱਚ ਸਵਾਗਤ ਕੀਤਾ।ਉਹਨਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਦੇ ਹੋਏ ਦੱਸਿਆ ਕਿ ਪਰਾਲੀ ਦੀ ਸੁਚੱਜੀ ਸਾਂਭ ਸੰਭਾਲ ਦਾ ਸੁਨੇਹਾਂ ਪਿੰਡ ਦੇ ਕਿਸਾਨਾਂ ਤੱਕ ਪਹੁੰਚਾ ਕੇ ਇਸ ਸਮਾਜਿਕ ਕੰਮ ਵਿੱਚ ਉਹ ਆਪਣਾ ਮਹੱਤਵਪੂਰਨ ਯੋਗਦਾਨ ਪਾ ਸਕਦੇ ਹਨ, ਇਸ ਤੋਂ ਇਲਾਵਾ ਉਹਨਾਂ ਨੇ ਪਰਾਲੀ ਦੀ ਸਾਂਭ ਸੰਭਾਲ ਲਈ ਕੇ.ਵੀ.ਕੇ. ਵੱਲੋਂ ਕੀਤੀਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਦੱਸਿਆ। ਡਾ. ਗੁਰਵਿੰਦਰ ਸਿੰਘ ਸਹਾਇਕ ਪ੍ਰੋਫੈਸਰ (ਪਸਾਰ ਸਿੱਖਿਆ) ਨੇ ਵਿਦਿਆਰਥੀਆਂ ਨੂੰ ਮੌਸਮੀ ਤਬਦੀਲੀ ਦੇ ਖੇਤੀਬਾੜੀ ਉੱਤੇ ਗੰਭੀਰ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ। ਡਾ. ਮਨਜੀਤ ਕੌਰ, ਸਹਾਇਕ ਪ੍ਰੋਫੈਸਰ (ਭੂਮੀ ਵਿਗਿਆਨ) ਨੇ ਪਰਾਲੀ ਦੇ ਸੁਚੱਜੇ ਪ੍ਰਬੰਧਨ ਨਾਲ ਭੂਮੀ ਦੀ ਸਿਹਤ ਸੁਧਾਰ ਅਤੇ ਫਸਲਾਂ ਦੇ ਉਤਪਾਦਨ ਵਿੱਚ ਹੋਣ ਵਾਲੇ ਵਾਧੇ ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਮੈਡਮ ਚਰਨਜੀਤ ਕੌਰ ਡੈਮੋਂਸਟ੍ਰੇਟਰ (ਗ੍ਰਹਿ ਵਿਗਿਆਨ) ਨੇ ਕੇ.ਵੀ.ਕੇ. ਦੁਆਰਾ ਲਗਾਏ ਜਾਂਦੇ ਕਿੱਤਾ ਮੁਖੀ ਸਿਖਲਾਈ ਕੋਰਸਾਂ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਉਹਨਾਂ ਨੇ ਫ਼ਲਾਂ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਅਤੇ ਸੰਤੁਲਿਤ ਭੋਜਨ ਦੀ ਮਹੱਤਤਾ ਬਾਰੇ ਵੀ ਵਿਦਿਆਰਥੀਆਂ ਨਾਲ ਜਾਣਕਾਰੀ ਸਾਂਝੀ ਕੀਤੀ। ਡਾ. ਭਾਰਤ ਭੂਸ਼ਨ ਵਿਗਿਆਨੀ ਆਈ. ਸੀ. ਆਰ- ਭਾਰਤੀ ਮੱਕੀ ਖੋਜ ਸੰਸਥਾ ਲੁਧਿਆਣਾ ਨੇ ਫ਼ਸਲੀ ਵਿਭਿੰਨਤਾ ਬਾਰੇ ਗੱਲ ਕਰਦਿਆਂ ਮੱਕੀ ਦੀ ਖੇਤੀ ਦੇ ਫਾਇਦਿਆਂ ਬਾਰੇ ਦੱਸਿਆ। ਕੈਂਪ ਦੇ ਅਖੀਰ ਵਿੱਚ ਕਾਲਜ ਦੇ ਡਾਇਰੈਕਟਰ ਡਾ. ਗੁਰਿੰਦਰ ਸਿੰਘ ਅਤੇ ਪ੍ਰਿੰਸੀਪਲ ਡਾ. ਮਨਦੀਪ ਸਿੱਧੂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਪਰਾਲੀ ਸੰਭਾਲਣਾ ਅਜੋਕੇ ਸਮੇਂ ਦੀ ਸਭ ਤੋਂ ਮਹੱਤਵਪੂਰਨ ਲੋੜ ਹੈ ਅਤੇ ਇਸ ਪ੍ਰਤੀ ਜਾਗਰੂਕਤਾ ਮੁਹਿੰਮ ਚਲਾਉਣ ਲਈ ਉਹਨਾਂ ਕੇ.ਵੀ.ਕੇ. ਦੇ ਯਤਨਾਂ ਦੀ ਸ਼ਲਾਘਾ ਕੀਤੀ।

## ਏਵੀਓਰ ਕਾਨਵੈਂਟ ਸਕੂਲ ਵੱਲੋਂ ਸਾਲਾਨਾ ਇਨਾਮ ਵੰਡ ਸਮਾਰੋਹ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਦੇ ਏਵੀਓਰ ਕਾਨਵੈਂਟ ਸਕੂਲ ਵੱਲੋਂ ਸਾਲਾਨਾ ਇਨਾਮ ਵੰਡ ਸਮਾਰੋਹ ਵਿਜ਼ਿਨ-2025 ਮਨਾਇਆ ਗਿਆ। ਸਕੂਲ ਦੇ ਪ੍ਰਿੰਸੀਪਲ ਗੁਰਿੰਦਰਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਪ੍ਰੀ-ਨਰਸਰੀ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਵੱਖ-ਵੱਖ ਪੇਸ਼ਕਾਰੀਆਂ ਵਿੱਚ ਭਾਗ ਲੈ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਪੇਸ਼ਕਾਰੀਆਂ ਵਿੱਚ ਗਿੱਧਾ, ਭੰਗੜਾ, ਓਪਰੇਸ਼ਨ ਸਿੰਦੂਰ, ਮਲਵਈ ਗਿੱਧਾ, ਪੰਜਾਬੀ ਕੋਰਿਓਗ੍ਰਾਫੀ (ਬੇਟੀ ਬਚਾਓ, ਬੇਟੀ ਪੜ੍ਹਾਓ), ਹਿੰਦੀ ਕੋਰਿਓਗ੍ਰਾਫੀ (ਨਸ਼ੇ ਤੇ ਸੰਯੁਕਤ ਪਰਵਾਰ), ਇੰਗਲਿਸ਼ ਕੋਰਿਓਗ੍ਰਾਫੀ ਤੋਂ ਇਲਾਵਾ ਵੱਖ-ਵੱਖ ਰਾਜਾਂ ਨਾਲ ਸੰਬੰਧਤ ਪੇਸ਼ਕਾਰੀਆਂ, ਜਿਸ ਵਿੱਚ ਹਰਿਆਣਵੀ, ਮਾਲਿਆਲਮ, ਰਾਜਸਥਾਨ ਤੇ ਦੇਸ਼ ਭਗਤੀ ਨਾਲ ਸੰਬੰਧਤ ਪੇਸ਼ਕਾਰੀਆਂ ਨੇ ਆਏ ਮਹਿਮਾਨਾਂ ਦਾ ਮਨ ਮੋਹ ਲਿਆ। ਇਸ ਦੇ ਨਾਲ ਹੀ ਸਾਲਾਨਾ ਪ੍ਰੀਖਿਆ ਵਿੱਚ ਅੱਵਲ ਰਹਿਣ ਵਿਦਿਆਰਥੀਆਂ ਨੂੰ ਇਨਾਮ ਵੀ ਵੰਡੇ ਗਏ। ਪ੍ਰਿੰਸੀਪਲ ਨੇ ਸਕੂਲ ਦੀਆਂ ਸਾਲਾਨਾ ਪ੍ਰਾਪਤੀਆਂ ਤੇ ਹੋਣ ਵਾਲੀਆਂ ਗਤੀਵਿਧਿਆਂ ਬਾਰੇ ਦੱਸਿਆ। ਇਸ ਮੌਕੇ ਸਟੇਜ ਸੈਕਟਰੀ ਦੀ ਭੂਮਿਕਾ ਮਹਿਕਦੀਪ ਕੌਰ ਤੇ ਮਨਦੀਪ ਕੌਰ ਸੇਖੋਂ ਨੇ ਨਿਭਾਈ। ਸਕੂਲ ਦੇ ਪ੍ਰਧਾਨ ਤੇਜਿੰਦਰ ਪਾਲ ਸਿੰਘ, ਉੱਪ-ਪ੍ਰਧਾਨ ਹਰਿੰਦਰ ਪਾਲ ਸਿੰਘ, ਸੈਕਰੇਟਰੀ ਸਿਮਰਨਪ੍ਰੀਤ ਕੌਰ, ਰੁਪਿੰਦਰ ਕੌਰ, ਇੰਦਰਪ੍ਰੀਤ ਕੌਰ, ਚੀਫ਼ ਐਡਮਿੰਨ ਅਫਸਰ ਜਸਕਰਨ ਸਿੰਘ ਤੇ ਸਮੂਹ ਸਟਾਫ਼ ਨੇ ਇਸ ਮੌਕੇ ਪਹੁੰਚੇ ਇਲਾਕੇ ਦੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ।

## ਧਰਮਪੁਰਾ 'ਚ ਨਵੇਂ ਪੰਚਾਇਤ ਘਰ ਦਾ ਨਿਰਮਾਣ ਸ਼ੁਰੂ




**ਬਰੇਟਾ (ਰੀਤਵਾਲ)**-ਨੇੜਲੇ ਪਿੰਡ ਧਰਮਪੁਰਾ ਵਿਖੇ ਨਵੇਂ ਪੰਚਾਇਤ ਘਰ ਦਾ ਨਿਰਮਾਣ ਸ਼ੁਰੂ ਕੀਤਾ ਗਿਆ।ਪਿੰਡ ਦੇ ਸਰਪੰਚ ਸੁਖਜਿੰਦਰ ਸਿੰਘ ਕਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਸਾਰਾ ਪ੍ਰੋਜੈਕਟ ਪਾਸ ਕਰਵਾਇਆ।ਉਨ੍ਹਾਂ ਦੀ ਅਗਵਾਈ ਵਿੱਚ ਸਰਪੰਚ ਸੁਖਜਿੰਦਰ ਸਿੰਘ ਨੇ ਪਹਿਲਾ ਟੱਕ ਲਗਾ ਕੇ ਨਵੇਂ ਪੰਚਾਇਤ ਘਰ ਦੀ ਸ਼ੁਰੂਆਤ ਕੀਤੀ।ਉਨ੍ਹਾਂ ਕਿਹਾ ਕਿ ਨਵਾਂ ਪੰਚਾਇਤ ਘਰ ਬਣਨ ਨਾਲ ਪਿੰਡ ਦੀ ਦਿੱਖ ਬਦਲ ਜਾਵੇਗੀ ਤੇ ਪਿੰਡ ਦੀਆਂ ਸਹੂਲਤਾਂ ਲਈ ਹੋਰ ਵੀ ਪ੍ਰੋਜੈਕਟ ਮਨਜ਼ੂਰ ਕਰਵਾਏ ਜਾਣਗੇ।

## ਲੋਕ ਰੋਹ ਨੂੰ ਵੇਖਦਿਆਂ ਕੋਈ ਵੀ ਨਹੀਂ ਅੱਪੜਿਆ ਕਬਜ਼ਾ ਲੈਣ



**ਦੋਰਾਹਾ (ਹਰਮਿੰਦਰ ਸੇਠ)**-ਪਿੰਡ ਬਿਲਾਸਪੁਰ ਵਿਖੇ ਬੁੱਧਵਾਰ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਮਹੰਤ ਕੇਸਰ ਦਾਸ ਜੋ ਕਿ 1879 ਤੋਂ ਜ਼ਮੀਨ 'ਤੇ ਖ਼ੁਦ ਕਾਸ਼ਤ ਪੀੜ੍ਹੀ ਦਰ ਪੀੜ੍ਹੀ ਖੇਤੀ ਕਰ ਰਹੇ ਹਨ ਪਰ 1951 ਵਿੱਚ ਕਿਲੇਬੰਦੀ ਦੌਰਾਨ ਇਹ ਜ਼ਮੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਬਿਰਾਜਮਾਨ ਧਰਮਸ਼ਾਲਾ ਦੇ ਨਾਂਅ ਕਰ ਦਿੱਤੀ ਪਰ ਕਾਸ਼ਤਕਾਰਾਂ ਦੇ ਨਾਂਅ 'ਤੇ ਹੀ ਜ਼ਮੀਨ ਚੱਲ ਰਹੀ ਹੈ, ਇਥੇ ਕੋਈ ਗੁਰਦੁਆਰਾ ਸਾਹਿਬ ਨਹੀਂ ਹੈ ਤੇ ਨਾ ਹੀ ਗੁਰਦੁਆਰੇ ਸਾਹਿਬ ਦੇ ਨਾਂਅ ਜ਼ਮੀਨ ਹੈ। ਕੇਵਲ ਕੇਸਰ ਦਾਸ ਦਾ ਡੇਰਾ ਹੀ ਹੈ, ਇਹਨਾਂ ਕਾਸ਼ਤਕਾਰਾਂ ਕੋਲ ਸਭ ਡੇਰੇ ਦੀਆਂ ਲਿਖਤਾਂ ਹਨ ਪਰ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜ਼ਮੀਨ 'ਤੇ ਕਬਜ਼ਾ ਵਾਰੰਟ ਲੈ ਕੇ ਪਹਿਲਾਂ ਵੀ ਦੋ ਵਾਰ ਆਏ ਤੇ ਅੱਜ ਤੀਸਰੀ ਵਾਰ ਪੁਲਸ ਪ੍ਰਸ਼ਾਸਨ ਨੂੰ ਆਉਣਾ ਸੀ ਪਰ ਲੋਕ ਰੋਹ ਨੂੰ ਵੇਖਦਿਆਂ ਕੋਈ ਵੀ ਪ੍ਰਸ਼ਾਸਨ ਨਹੀਂ ਅੱਪੜਿਆਂ। ਬੁਲਾਰਿਆਂ ਕਿਹਾ ਕਿ ਸਰਕਾਰਾਂ ਕਿਸਾਨਾਂ ਨੂੰ ਖਤਮ ਕਰਨੀਆਂ ਚਾਹੁੰਦੀਆਂ ਹਨ ਤੇ ਕਾਰਪੋਰੇਟਾਂ ਨੂੰ ਸਭ ਕੁਝ ਸੰਭਾਲਣ 'ਤੇ ਤੁਲੀਆਂ ਹੋਈਆਂ ਹਨ। ਇਸ ਵੇਲੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਜਨਰਲ ਸਕੱਤਰ ਸੁਦਾਗਰ ਸਿੰਘ ਘੁਡਾਣੀ, ਮਨੋਹਰ ਸਿੰਘ ਕਲਾੜ ਮੀਤ ਪ੍ਰਧਾਨ,ਵਿੱਤ ਸਕੱਤਰ ਰਾਜਿੰਦਰ ਸਿੰਘ ਸਿਆੜ, ਬਲਵੰਤ ਸਿੰਘ ਘੁਡਾਣੀ ਜ਼ਿਲ੍ਹਾ ਆਗੂ, ਚਰਨਜੀਤ ਸਿੰਘ ਫਲੇਵਾਲ, ਯੁਵਰਾਜ ਸਿੰਘ ਘੁਡਾਣੀ, ਨਾਜ਼ਰ ਸਿੰਘ ਸਿਆੜ, ਦਵਿੰਦਰ ਸਿੰਘ ਸਿਰਥਲਾ ਪਰਮਵੀਰ ਸਿੰਘ ਘਲੋਟੀ, ਜਸਵੰਤ ਸਿੰਘ ਭੱਟੀਆਂ ਤੇ ਰਾਜਪਾਲ ਸਿੰਘ ਦੁਧਾਲ ਨੇ ਵੀ ਸੰਬੋਧਨ ਕੀਤਾ।

# ਫੌਜੀ ਹੈਲਥ ਕਲੱਬ ਨੇ ਕਰਾਈ ਮਿਸਟਰ ਇੰਡੀਆ ਬਾਡੀ ਬਿਲਡਿੰਗ ਚੈਂਪੀਅਨਸ਼ਿਪ




**ਮਾਲੇਰਕੋਟਲਾ (ਅਸਗਰ ਪਰਿਹਾਰ)**-ਫੌਜੀ ਹੈਲਥ ਕਲੱਬ ਵੱਲੋਂ ਰੋਇਲ ਜੋਰਡਨ ਵਿਖੇ ਮਿਸਟਰ ਇੰਡੀਆ ਬਾਡੀ ਬਿਲਡਿੰਗ ਚੈਂਪੀਅਨਸ਼ਿਪ-2025 ਕਰਵਾਈ ਗਈ, ਜਿਸ ਵਿੱਚ ਦੇਸ਼ ਭਰ ਤੋਂ ਵੱਡੀ ਗਿਣਤੀ 'ਚ ਬਾਡੀ ਬਿਲਡਰਾਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਪੰਜਾਬ ਘੱਟ ਗਿਣਤੀ ਕਮਿਸ਼ਨ ਪੰਜਾਬ ਦੇ ਮੈਂਬਰ ਸਾਹਿਬਜ਼ਾਦਾ ਨਦੀਮ ਅਨਵਾਰ ਖਾਂ, ਮੁਹੰਮਦ ਨਾਜ਼ਿਮ ਐਕਟਰ ਮੁੰਬਈ, ਸਿਆਮਾ ਅੱਤਰਜ਼, ਕੌਂਸਲਰ ਮੁਹੰਮਦ ਨੌਸ਼ਾਦ ਅਨਵਰ, ਇਜਾਜ ਖਾਲਿਦ ਐਮ.ਡੀ ਗ੍ਰਾਫਟੈਕਸ, ਡਾ.ਤੋਸੀਫ ਅਹਿਮਦ, ਅਬਦੁਲ ਰਸ਼ੀਦ, ਸ਼ਾਹਿਦ ਵਜ਼ੀਰਾ, ਸ਼ਹਿਜ਼ਾਦ (ਹੀਨਾ ਹਵੇਲੀ) ਆਦਿ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਜੇਤੂਆਂ ਨੂੰ ਇਨਾਮ ਵੰਡੇ।


ਸਾਹਿਬਜ਼ਾਦਾ ਨਦੀਮ ਅਨਵਾਰ ਖਾਂ ਨੇ ਫੌਜੀ ਹੈਲਥ ਕਲੱਬ ਵੱਲੋਂ ਕਰਾਈ ਚੈਂਪੀਅਨਸ਼ਿਪ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਸਾਨੂੰ ਆਪਸ ਵਿੱਚ ਜੋੜਨ ਦਾ ਕੰਮ ਕਰਦੇ ਹਨ, ਉੱਥੇ ਹੀ ਨੌਜਵਾਨਾਂ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਣ ਲਈ ਸਹਾਈ ਸਿੱਧ ਹੁੰਦੇ ਹਨ ਤੇ ਸਾਡੀ ਨੌਜਵਾਨ ਪੀੜ੍ਹੀ ਪੰਜਾਬ ਦੇ ਸੱਭਿਆਚਾਰ ਤੋਂ ਵੀ ਜਾਣੂ ਹੁੰਦੀ ਹੈ।ਨਦੀਮ ਅਨਵਾਰ ਖਾਂ ਨੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੀ ਜਵਾਨੀ ਦੀ ਤਰੱਕੀ ਤੇ ਭਲਾਈ ਲਈ ਹਮੇਸ਼ਾ ਹੀ ਵਚਨਬੱਧ ਹੈ।ਇਸ ਮੌਕੇ ਉਨ੍ਹਾਂ ਮੁਕਾਬਲੇ ਚ ਚੰਗੀ ਪ੍ਰਤਿਭਾ ਦਿਖਾਉਣ ਵਾਲੇ ਖਿਡਾਰੀਆਂ ਨੂੰ ਸਨਮਾਨਿਤ ਵੀ ਕੀਤਾ।ਚੈਂਪੀਅਨਸ਼ਿਪ ਦੇ ਮੁੱਖ ਪ੍ਰਬੰਧਕ ਮੁਹੰਮਦ ਫਿਰੋਜ਼ ਫੌਜੀ ਨੇ ਦੱਸਿਆ ਕਿ 60 ਕਿਲੋ ਭਾਰ ਵਰਗ 'ਚ ਨਰੇਸ਼, 65 ਕਿਲੋ ਭਾਰ ਵਰਗ 'ਚ ਚੰਚਲ ਸਿੰਘ, 70 ਕਿਲੋ ਭਾਰ ਵਰਗ 'ਚ ਮੁਹੰਮਦ ਅਮਜ਼ਦ, 75 ਕਿਲੋ ਭਾਰ ਵਰਗ 'ਚ ਸਾਹਿਲ ਅਲੀ, 80 ਕਿਲੋ ਭਾਰ ਵਰਗ 'ਚ ਸੁਰੇਸ਼ ਕੁਮਾਰ ਤੇ 85 ਕਿਲੋ ਭਾਰ ਵਰਗ 'ਚ ਬੰਟੀ ਪੱਟੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਇਸ ਤੋਂ ਇਲਾਵਾ ਓਪਨ ਕੈਟਾਗਿਰੀ 'ਚ ਹਰਜੋਤ ਰਾਏ ਨੇ ਪਹਿਲਾ ਸਥਾਨ ਪ੍ਰਾਪਤ ਕਰਦਿਆਂ ਮਿਸਟਰ ਇੰਡੀਆ ਤੇ ਮਿਸਟਰ ਪੰਜਾਬ ਦਾ ਖਿਤਾਬ ਵੀ ਅਪਣੇ ਨਾਂਅ ਕੀਤਾ।ਉਨ੍ਹਾਂ ਦੱਸਿਆ ਕਿ ਓਵਰ ਆਲ ਜੇਤੂ ਨੂੰ 51 ਹਜ਼ਾਰ ਤੇ ਮਿਸਟਰ ਪੰਜਾਬ ਨੂੰ 31 ਹਜ਼ਾਰ ਰੁਪਏ ਨਕਦ ਸਮੇਤ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

## ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਠੱਲ੍ਹਣ ਲਈ ਮੁਲਾਜ਼ਮਾਂ ਨੂੰ ਫੀਲਡ 'ਚ ਡਟੇ ਰਹਿਣ ਦੇ ਨਿਰਦੇਸ਼

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਝੋਨੇ ਦੀ ਪਰਾਲੀ ਤੇ ਹੋਰ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਅੱਗ ਲਗਾਉਣ ਤੋਂ ਰੋਕਣ ਦੀਆਂ ਘਟਨਾਵਾਂ ਦਾ ਜਾਇਜ਼ਾ ਲੈਂਦਿਆਂ ਜ਼ਿਲ੍ਹੇ ਦੇ ਸਮੂਹ ਕਲੱਸਟਰ ਤੇ ਨੋਡਲ ਅਫ਼ਸਰਾਂ ਨੂੰ ਸਵੇਰ ਤੋਂ ਸ਼ਾਮ ਤੱਕ ਫੀਲਡ ਵਿੱਚ ਡਟੇ ਰਹਿਣ ਦੀਆਂ ਹਦਾਇਤਾਂ ਦਿੱਤੀਆਂ।ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਐੱਸ.ਐੱਸ.ਪੀ., ਵਧੀਕ ਡਿਪਟੀ ਕਮਿਸ਼ਨਰ (ਜ) ਮਨਦੀਪ ਕੌਰ ਤੇ ਵਧੀਕ ਡਿਪਟੀ (ਵਿਕਾਸ) ਸੁਭਾਸ਼ ਚੰਦਰ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸਮੂਹ ਕਲੱਸਟਰ ਤੇ ਨੋਡਲ ਅਫ਼ਸਰਾਂ ਨੂੰ ਨਿਰਦੇਸ਼ ਦਿੱਤੇ ਕਿ ਪਰਾਲੀ ਸਾੜਨ ਦੇ ਮਾਮਲਿਆਂ ਨੂੰ ਠੱਲ੍ਹ ਪਾਉਣ ਲਈ ਫੀਲਡ ਵਿੱਚ ਹੋਰ ਵਧੇਰੇ ਚੌਕਸੀ ਨਾਲ ਨਜ਼ਰ ਰੱਖੀ ਜਾਵੇ ਤੇ ਕਿਸਾਨਾਂ ਨੂੰ ਪਰਾਲੀ ਦੇ ਯੋਗ ਪ੍ਰਬੰਧਨ ਲਈ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ ਨੋਡਲ ਤੇ ਕਲੱਸਟਰ ਅਫਸਰਾਂ ਨੂੰ ਕਿਹਾ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਸੈਟੇਲਾਈਟ ਰਾਹੀਂ ਪਰਾਲੀ ਸਾੜਨ ਦੀਆਂ ਘਟਨਾਵਾਂ ਉੱਪਰ ਨਜ਼ਰ ਰੱਖੀ ਜਾ ਰਹੀ ਹੈ।ਇਸ ਲਈ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਉਨ੍ਹਾਂ ਦੇ ਡਿਊਟੀ ਵਾਲੇ ਸਥਾਨਾਂ 'ਤੇ ਕਿਸੇ ਵੀ ਖੇਤ ਵਿਚਲੀ ਪਰਾਲੀ ਨੂੰ ਅੱਗ ਨਾ ਲੱਗੇ। ਡਿਪਟੀ ਕਮਿਸ਼ਨਰ ਤੇ ਐੱਸ ਐੱਸ ਨੇ ਸਮੂਹ ਨੋਡਲ ਅਫਸਰਾਂ, ਕਲੱਸਟਰ ਅਫਸਰਾਂ ਨੂੰ ਕਿਹਾ ਕਿ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣ ਤੇ ਜੇਕਰ ਉਨ੍ਹਾਂ ਨੂੰ ਕਿਸੇ ਕਿਸਮ ਦੀ ਕੋਈ ਦਿੱਕਤ ਆਉਂਦੀ ਹੈ ਤਾਂ ਉਹ ਜ਼ਿਲ੍ਹਾ ਪ੍ਰਸ਼ਾਸਨ ਨੂੰ ਸੂਚਿਤ ਕਰਨ।

## ਰੂਪ ਵਾਟਿਕਾ ਸਕੂਲ ਵੱਲੋਂ ਐੱਲ ਆਈ ਸੀ ਮੁੱਖ ਦਫ਼ਤਰ ਦਾ ਦੌਰਾ



**ਜਗਰਾਉਂ (ਅਮਿਤ ਖੰਨਾ)**-ਰੂਪ ਵਾਟਿਕਾ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਦੇ 12ਵੀਂ ਜਮਾਤ ਦੇ ਸਾਰੇ ਵਰਗਾਂ ਦੇ ਵਿਦਿਆਰਥੀਆਂ ਨੇ ਲੁਧਿਆਣਾ ਸਥਿਤ ਐੱਲ.ਆਈ.ਸੀ. ਮੁੱਖ ਦਫ਼ਤਰ ਦਾ ਵਿੱਦਿਅਕ ਦੌਰਾ ਕੀਤਾ।ਇਸ ਦੌਰੇ ਦਾ ਉਦੇਸ਼ ਵਿਦਿਆਰਥੀਆਂ ਨੂੰ ਬੀਮਾ ਖੇਤਰ ਦੇ ਕੰਮਕਾਜ ਤੇ ਵਿੱਤੀ ਸਾਖਰਤਾ ਬਾਰੇ ਜਾਗਰੂਕ ਕਰਨਾ ਸੀ। ਇਸ ਮੌਕੇ ਬ੍ਰਾਂਚ ਮੈਨੇਜਰ ਸ੍ਰ. ਮਨਜੀਤ ਸਿੰਘ ਸਿੱਧੂ, ਵਿਕਾਸ ਅਧਿਕਾਰੀ ਸ੍ਰ. ਰਮੇਸ਼ ਸੰਧੀ (ਐੱਸ.ਬੀ.ਏ.) ਤੇ ਸ੍ਰ. ਗਗਨਦੀਪ ਸਿੰਘ ਗਿੱਲ (ਐੱਸ.ਬੀ.ਏ.) ਨੇ ਵਿਦਿਆਰਥੀਆਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਬੀਮਾ ਸਕੀਮਾਂ, ਨਿਵੇਸ਼ ਦੀ ਮਹੱਤਤਾ ਤੇ ਕਰੀਅਰ ਦੇ ਮੌਕਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਵਿੰਮੀ ਠਾਕੁਰ ਨੇ ਵਿਦਿਆਰਥੀਆਂ ਨੂੰ ਇਸ ਵਿੱਦਿਅਕ ਯਾਤਰਾ ਰਾਹੀਂ ਨਵੀਆਂ ਚੀਜ਼ਾਂ ਸਿੱਖਣ ਲਈ ਉਤਸ਼ਾਹਤ ਕੀਤਾ ਅਤੇ ਕਿਹਾ ਕਿ ਅਜਿਹੇ ਦੌਰੇ ਵਿਦਿਆਰਥੀਆਂ ਦੀ ਸ਼ਖਸੀਅਤ ਨੂੰ ਵਿਕਸਤ ਕਰਨ ਵਿੱਚ ਮਦਦਗਾਰ ਹੁੰਦੇ ਹਨ।ਉਨ੍ਹਾਂ ਵਿਦਿਆਰਥੀਆਂ ਦਾ ਮਾਰਗਦਰਸ਼ਨ ਕਰਨ ਵਾਲੇ ਐੱਲ.ਆਈ.ਸੀ. ਅਧਿਕਾਰੀਆਂ ਦਾ ਵੀ ਧੰਨਵਾਦ ਕੀਤਾ।ਅਜਿਹੀਆਂ ਵਿੱਦਿਅਕ ਗਤੀਵਿਧੀਆਂ ਵਿਦਿਆਰਥੀਆਂ ਨੂੰ ਵਿਹਾਰਕ ਗਿਆਨ ਨਾਲ ਜੋੜਦੀਆਂ ਹਨ ਤੇ ਉਨ੍ਹਾਂ ਦੇ ਭਵਿੱਖ ਲਈ ਪ੍ਰੇਰਣਾ ਸਰੋਤ ਬਣਦੀਆਂ ਹਨ।

# ਹਲਕੇ ਦੇ 15 ਪਿੰਡਾਂ ਦੇ ਹੜ੍ਹ ਪ੍ਰਭਾਵਤਾਂ ਨੂੰ 4.32 ਕਰੋੜ ਦਾ ਮੁਆਵਜ਼ਾ ਵੰਡਿਆ



ਦੀਨਾਨਗਰ ( ਬਲਵਿੰਦਰ ਸਿੰਘ ਬਿੱਲਾ )-ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਵੀਰਵਾਰ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਵੱਖ ਵੱਖ 15 ਪਿੰਡਾਂ ਦੇ 1472 ਹੜ੍ਹ ਪ੍ਰਭਾਵਤ ਕਿਸਾਨਾਂ ਨੂੰ ਫਸਲਾਂ ਦੇ ਹੋਏ ਨੁਕਸਾਨ ਦਾ ਲੱਗਭਗ 4.32 ਕਰੋੜ ਰੁਪਏ ਦਾ ਮੁਆਵਜ਼ਾ ਵੰਡਿਆ ਗਿਆ। ਇਸ ਮੌਕੇ ਦੀਨਾਨਗਰ ਦੇ ਤਹਿਸੀਲਦਾਰ ਬਲਵਿੰਦਰ ਸਿੰਘ ਵੀ ਉਹਨਾਂ ਦੇ ਨਾਲ ਮੌਜੂਦ ਸਨ।ਦੀਨਾਨਗਰ ਵਿਧਾਨ ਸਭਾ ਹਲਕੇ ਦੇ ਪਿੰਡਾਂ ਦਾਊਵਾਲ ਤੇ ਡੈਣੀ ਮੀਲਵਾਂ ਵਿਖੇ 361 ਲਾਭਪਾਤਰੀਆਂ ਨੂੰ ਲੱਗਭਗ 1.09 ਕਰੋੜ ਰੁਪਏ, ਨਰੈਣੀਪੁਰ, ਰਸੂਲਪੁਰ, ਮੇਘੀਆਂ ਅਤੇ ਸੁੰਦਰ ਦੇ 186 ਲਾਭਪਾਤਰੀਆਂ ਨੂੰ 82.22 ਲੱਖ ਰੁਪਏ, ਨੀਵਾਂ ਧਕਾਲਾ ਤੇ ਸਾਂਦਰ ਦੇ 268 ਲਾਭਪਾਤਰੀਆਂ ਨੂੰ 41.53 ਲੱਖ ਰੁਪਏ, ਕਠਿਆਲੀ ਤੇ ਬਹਿਲੋਲਪੁਰ ਦੇ 233 ਲਾਭਪਾਤਰੀਆਂ ਨੂੰ 61.12 ਲੱਖ ਰੁਪਏ, ਬਾਊਪੁਰ ਜੱਟਾਂ ਦੇ 50 ਲਾਭਪਾਤਰੀਆਂ ਨੂੰ 16.11 ਲੱਖ ਰੁਪਏ, ਮਲੂਕਚੱਕ ਦੇ 70 ਲਾਭਪਾਤਰੀਆਂ ਨੂੰ 18.02 ਲੱਖ ਰੁਪਏ ਅਤੇ ਚੌਂਤਰਾ, ਕਾਲੂਪੁਰ ਤੇ ਬਾਊਪੁਰ ਅਫਗਾਨਾਂ ਦੇ 304 ਲਾਭਪਾਤਰੀਆਂ ਨੂੰ ਲੱਗਭਗ 1.02 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਦੇ ਮਨਜ਼ੂਰੀ ਪੱਤਰ ਹੜ੍ਹ ਪ੍ਰਭਾਵਤ ਕਿਸਾਨਾਂ ਨੂੰ ਵੰਡਣ ਮੌਕੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਵੰਡੇ ਗਏ ਮਨਜ਼ੂਰੀ ਪੱਤਰਾਂ ਦੀ ਰਾਸ਼ੀ ਸਬੰਧਤ ਹੜ੍ਹ ਪ੍ਰਭਾਵਤ ਕਿਸਾਨਾਂ ਦੇ ਖਾਤਿਆਂ ਵਿੱਚ ਪਾ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਮਾਨ ਸਰਕਾਰ ਦੀ ਪੂਰੀ ਮਸ਼ੀਨਰੀ ਇਸ ਸਮੇਂ ਹੜ੍ਹਾਂ ਨਾਲ ਪ੍ਰਭਾਵਤ ਹੋਏ ਲੋਕਾਂ ਦੀ ਸਹਾਇਤਾ ਵਿੱਚ ਲੱਗੀ ਹੋਈ ਹੈ, ਤਾਂ ਜ ਹੜ੍ਹ ਪ੍ਰਭਾਵਿਤ ਲੋਕਾਂ ਦਾ ਜੀਵਨ ਲੀਹ 'ਤੇ ਲਿਆਂਦਾ ਜਾ ਸਕੇ।

ਉਹਨਾਂ ਕਿਹਾ ਕਿ ਜਿਵੇਂ ਜਿਵੇਂ ਡਾਟਾ ਮੁਕੰਮਲ ਹੁੰਦਾ ਜਾ ਰਿਹਾ ਹੈ ਉਸੇ ਅਨੁਸਾਰ ਲੋਕਾਂ ਤੱਕ ਸਹਾਇਤਾ ਨਾਲੋ ਨਾਲ ਪਹੁੰਚਾਈ ਜਾ ਰਹੀ ਹੈ ਅਤੇ ਬਾਕੀ ਰਹਿੰਦੇ ਹੜ੍ਹ ਪ੍ਰਭਾਵਿਤ ਲੋਕਾਂ ਤੱਕ ਵੀ ਮੁਆਵਜ਼ਾ ਰਾਸ਼ੀ ਜਲਦੀ ਹੀ ਪਹੁੰਚਾ ਦਿੱਤੀ ਜਾਵੇਗੀ।

# ਮਿਡ ਡੇ ਮੀਲ ਵਰਕਰਾਂ ਨੂੰ ਮਿਹਨਤਾਨਾ ਤੁਰੰਤ ਦਿੱਤਾ ਜਾਵੇ : ਸੀਟੂ



ਛੇਹਰਟਾ, (ਮਨੋਜ ਕੁਮਾਰ)- ਮਿਡ ਡੇ ਮੀਲ ਵਰਕਰ ਯੂਨੀਅਨ ਪੰਜਾਬ ਦੀ ਜ਼ਿਲ੍ਹਾ ਇਕਾਈ ਤੇ ਸੀਟੂ ਨੇ ਵਰਕਰਾਂ ਨੂੰ ਅਕਤੂਬਰ ਮਹੀਨੇ ਦੇ ਮਾਣ ਭੱਤਾ 3000 ਦੀ ਥਾਂ 'ਤੇ ਸਿਰਫ 1500 ਰੁਪਏ ਦਿੱਤੇ ਜਾਣ ਦੀ ਪੁਰਜ਼ੋਰ ਨਿਖੇਧੀ ਕੀਤੀ ਗਈ। ਇਸ ਬਾਰੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ (ਐ.ਸਿ.) ਅੰਮ੍ਰਿਤਸਰ ਵੱਲੋਂ 6 ਨਵੰਬਰ ਨੂੰ ਪੱਤਰ ਜਾਰੀ ਕਰ ਦਿੱਤਾ ਗਿਆ ਹੈ। ਇਸ ਪੱਤਰ ਦੀ ਕਾਮਰੇਡ ਸੁੱਚਾ ਸਿੰਘ ਅਜਨਾਲਾ ਸੂਬਾਈ ਵਿੱਤ ਸਕੱਤਰ ਤੇ ਜ਼ਿਲ੍ਹਾ ਜਨਰਲ ਸਕੱਤਰ ਸੀਟੂ ਨੇ ਨਿਖੇਧੀ ਕਰਦਿਆਂ ਮੰਗ ਕੀਤੀ ਹੈ ਕਿ ਇਹ ਮਹੀਨਾ ਤਿਓਹਾਰਾਂ ਦਾ ਹੈ। ਇਸ ਕਰਕੇ ਮਿਡ ਡੇ ਮੀਲ ਵਰਕਰਾਂ ਨੂੰ ਬਣਦਾ ਮਿਹਨਤਾਨਾ 3000 ਰੁਪਏ ਤੁਰੰਤ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਘੱਟੋ-ਘੱਟ ਉਜ਼ਰਤ ਦੇ ਘੇਰੇ ਵਿਚ ਲਿਆ ਕੇ ਵਰਕਰਾਂ ਨੂੰ 26 ਹਜ਼ਾਰ ਰੁਪਏ ਮਹੀਨਾ ਤਨਖਾਹ ਦਿੱਤੀ ਜਾਵੇ। ਵਰਕਰਾਂ ਤੋਂ ਖਾਣਾ ਬਣਾਉਣ ਤੋਂ ਇਲਾਵਾ ਹੋਰ ਕੋਈ ਵੀ ਕੰਮ ਨਾ ਲਿਆ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਮਿਡ ਡੇ ਮੀਲ ਵਰਕਰਾਂ ਦੀ ਸੂਬਾਈ ਮੀਟਿੰਗ 17 ਨਵੰਬਰ ਨੂੰ ਸੱਦ ਲਈ ਗਈ ਹੈ, ਜਿਸ ਵਿਚ ਪੰਜਾਬ ਸਰਕਾਰ ਵੱਲੋਂ ਘੱਟ ਬਜਟ ਐਲਾਨ ਕਰਨ ਵਿਰੁੱਧ ਸੰਘਰਸ਼ ਦੀ ਰੂਪ ਰੇਖਾ ਉਲੀਕੀ ਜਾਵੇਗੀ। ਇਸ ਮੌਕੇ ਸੁਮਨ ਰਾਣੀ ਸੂਬਾਈ ਜਨਰਲ ਸਕੱਤਰ, ਸਪਨਾ ਰਾਣੀ ਜ਼ਿਲ੍ਹਾ ਮੀਤ ਪ੍ਰਧਾਨ, ਅਮਰਜੀਤ ਕੌਰ, ਗੁਰਮੀਤ ਕੌਰ, ਚਰਨਜੀਤ ਮਜੀਠਾ, ਜੀਤ ਰਾਜ ਬਾਵਾ, ਰਾਕੇਸ਼ ਭਾਰਦਵਾਜ, ਸੁਵਿੰਦਰ ਸਿੰਘ ਮੀਰਾਂਕੋਟ, ਭੁਪਿੰਦਰਜੀਤ ਸਿੰਘ ਛੀਨਾ, ਯਸ਼ਪਾਲ, ਕਿਰਪਾ ਰਾਮ, ਆਦਿ ਹਾਜ਼ਰ ਸਨ।

# ਪੰਜਾਬੀ ਭਾਸ਼ਾ ਓਲੰਪਿਆਡ ਲਈ ਫ਼ੀਸ ਵਸੂਲੀ ਤੁਰੰਤ ਬੰਦ ਕੀਤੀ ਜਾਵੇ : ਜੀ ਐੱਸ ਟੀ ਯੂ



ਝਬਾਲ (ਹਰਜਿੰਦਰ ਸਿੰਘ ਸੋਨੀ)-ਗੌਰਮਿੰਟ ਸਕੂਲ ਟੀਚਰ ਯੂਨੀਅਨ ਦੀ ਇੱਕ ਜ਼ਰੂਰੀ ਮੀਟਿੰਗ ਬਲਜਿੰਦਰ ਵਡਾਲੀ ਦੀ ਪ੍ਰਧਾਨਗੀ ਹੇਠ ਅੰਮ੍ਰਿਤਸਰ ਵਿਖੇ ਹੋਈ। ਮੀਟਿੰਗ ਵਿੱਚ ਪ੍ਰਧਾਨ ਨੇ ਕਿਹਾ ਕਿ ਪੰਜਾਬ ਸਰਕਾਰ ਉੱਝ ਤਾਂ ਪੰਜਾਬੀ ਬੋਲੀ ਹਿਤੈਸ਼ੀ ਹੋਣ ਦੇ ਦਮਗਜੇ ਮਾਰਦੀ ਹੈ ਪਰ ਸਰਕਾਰੀ ਸਕੂਲਾਂ ਵਿੱਚ ਹੋ ਰਹੇ ਪੰਜਾਬੀ ਭਾਸ਼ਾ ਓਲੰਪਿਆਡ ਲਈ ਵਿਦਿਆਰਥੀਆਂ 'ਤੇ ਐਂਟਰੀ ਫੀਸ ਥੋਪ ਦਿੱਤੀ ਗਈ ਹੈ।ਇੱਥੋਂ ਤਾਂ ਗਰੀਬ ਵਿਦਿਆਰਥੀ ਇਹ ਫੀਸ ਦੇ ਨਹੀਂ ਸਕਦੇ ਜਰੂਰ ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਐਂਟਰੀ ਸਬੰਧੀ ਫਰਮਾਨ ਚਾੜ੍ਹ ਦਿੱਤਾ ਗਿਆ ਹੈ।ਇਸ ਲਈ ਅਧਿਆਪਕ ਆਪਣੇ ਪੱਲਿਓਂ ਫੀਸਾਂ ਦੇ ਕੇ ਵਿਦਿਆਰਥੀਆਂ ਦੀ ਐਂਟਰੀ ਕਰਵਾ ਰਹੇ ਹਨ। ਮੀਟਿੰਗ ਵਿੱਚ ਉਚੇਚੇ ਤੌਰ 'ਤੇ ਪਹੁੰਚੇ ਸੂਬਾ ਕਾਰਜਕਾਰੀ ਜਨਰਲ ਸਕੱਤਰ ਜਿੰਦਰ ਪਾਇਲਟ ਨੇ ਕਿਹਾ ਕਿ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਦੇ ਮੁਲਾਂਕਣ ਕੀਤੇ ਜਾਂ ਰਹੇ ਹੋਰ ਫੀਸਾਂ ਅਤੇ ਫੰਡ ਪੰਜਾਬ ਸਰਕਾਰ ਆਪਣੇ ਪੱਧਰ 'ਤੇ ਪ੍ਰਬੰਧ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਦੇਵੇ ਅਤੇ ਅਗਾਮੀ ਪੰਜਾਬ ਸਰਕਾਰ ਦੇ ਬਜਟ ਵਿੱਚ ਸਿੱਖਿਆ ਬਜਟ ਵਿੱਚ ਇਸ ਤਰ੍ਹਾਂ ਦੀਆਂ ਪ੍ਰੀਖਿਆਵਾਂ ਆਦਿ ਲਈ ਵਾਧੂ ਬਜਟ ਦਾ ਰੱਖਣ ਦਾ ਪੱਕਾ ਪ੍ਰਬੰਧ ਕਰੇ। ਯੂਨੀਅਨ ਮੰਗ ਕਰਦੀ ਹੈ ਕਿ ਇਸ ਫੀਸ ਨੂੰ ਰੱਦ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਵਿਦਿਆਰਥੀ ਪੰਜਾਬੀ ਭਾਸ਼ਾ ਓਲੰਪਿਆਡ ਵਿੱਚ ਰਜਿਸਟਰਡ ਹੋ ਸਕਣ। ਸੀਨੀਅਰ ਮੀਤ ਪ੍ਰਧਾਨ ਉਂਕਾਰ ਸਿੰਘ ਅਤੇ ਮੀਤ ਪ੍ਰਧਾਨ ਭੁਪਿੰਦਰ ਸੰਧੀ ਨੇ ਸਰਕਾਰ ਦੀ ਮੁਲਾਜ਼ਮਾਂ ਪ੍ਰਤੀ ਬੇਰੁਖੀ ਦੀ ਨਿੰਦਿਆ ਕਰਦਿਆਂ ਮੁਲਾਜ਼ਮਾਂ ਨੂੰ 16 ਨਵੰਬਰ ਦੀ ਧੂਰੀ ਰੈਲੀ ਵਿੱਚ ਵਹੀਰਾਂ ਘੱਤ ਕੇ ਸ਼ਾਮਿਲ ਹੋਣ ਦੀ ਅਪੀਲ ਕੀਤੀ।ਇਸ ਸਮੇਂ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਸਕੱਤਰ ਰਕੇਸ਼ ਧਵਨ,ਪ੍ਰੈੱਸ ਸਕੱਤਰ ਧਰਮਿੰਦਰ ਛੀਨਾ, ਕੁਲਦੀਪ ਸ਼ਰਮਾ, ਸੁਖਚੈਨ ਸਿੰਘ, ਅਨਿਲ ਪ੍ਰਤਾਪ, ਦਿਨੇਸ਼ ਹੁਸ਼ਿਆਰ ਨਗਰ,ਸ਼ਾਮ ਲਾਲ ਸ਼ਰਮਾ, ਸੁਖਦੇਵ ਸਿੰਘ, ਗੁਰਬੀਰ ਸਿੰਘ ਆਦਿ ਹਾਜ਼ਰ ਸਨ।

# ਹਿੰਦੂ ਕੰਨਿਆ ਮਹਾਂਵਿਦਿਆਲਿਆ 'ਚ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਸਮਾਗਮ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸਥਾਨਕ ਹਿੰਦੂ ਕੰਨਿਆ ਮਹਾਂਵਿਦਿਆਲਿਆ ਧਾਰੀਵਾਲ ਵਿਖੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਨ ਡੀ ਅਨੰਦ, ਸਕੱਤਰ ਰਮੇਸ਼ ਕੋਹਲੀ ਅਤੇ ਪ੍ਰਿੰਸੀਪਲ ਡਾ. ਰਜਵਿੰਦਰ ਕੌਰ ਰਹਿਨੁਮਾਈ ਹੇਠ ਐਨ ਐਸ ਐਸ ਵਿਭਾਗ ਅਤੇ ਰੈਡ ਰਿਬਨ ਕਲੱਬ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਨੂੰ ਸਮਰਪਤ ਕਾਲਜ ਵਿਖੇ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਗੁਰਦੁਆਰਾ ਸ੍ਰੀ ਨਾਨਕਪੁਰੀ ਧਾਰੀਵਾਲ ਦੇ ਹੈੱਡ ਗ੍ਰੰਥੀ ਬਾਬਾ ਦਲਜੀਤ ਸਿੰਘ ਅਤੇ ਸਾਥੀ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ ਅਤੇ ਕਥਾ ਵਿਚਾਰਾਂ ਕਰਦੇ ਹਨ ਗੁਰੂ ਸਾਹਿਬ ਜੀ ਦੀ ਸ਼ਹੀਦੀ ਦਾ ਦ੍ਰਿਸ਼ ਨਾਲ ਸਾਂਝਾ ਕੀਤਾ ਗਿਆ। ਇਸ ਮੌਕੇ ਭਾਸ਼ਣ ਪ੍ਰਤੀਯੋਗਤਾ ਮੁਕਾਬਲੇ ਅਤੇ ਲੈਕਚਰ ਵੀ ਕਰਵਾਇਆ ਗਿਆ ਜਿਸ ਵਿੱਚ ਵਿਸ਼ੇਸ਼ ਤੌਰ ਤੇ ਗੁਰਦਾਸਪੁਰ ਜ਼ਿਲ੍ਹਾ ਸੰਘ ਪ੍ਰਚਾਰਕ ਵਿਕਰਮ ਨੇ ਸ਼ਿਰਕਤ ਕੀਤੀ। ਉਹਨਾਂ ਨੇ ਗੁਰੂ ਸਾਹਿਬ ਦੀ ਜੀਵਨੀ, ਸਿੱਖਿਆਵਾਂ ਤੇ ਕੁਰਬਾਨੀਆਂ ਬਾਰੇ ਜਾਣਕਾਰੀ ਦਿੱਤੀ। ਕਾਲਜ ਦੀਆਂ ਵਿਦਿਆਰਥਣਾਂ ਇਸ਼ਮੀਤ ਕੌਰ ਅਤੇ ਬਲਪ੍ਰੀਤ ਕੌਰ ਵੱਲੋਂ ਵੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਸ਼ਹੀਦੀ ਸਬੰਧੀ ਭਾਸ਼ਣ ਦਿੱਤੇ ਗਏ। ਅੰਤ ਵਿੱਚ ਪ੍ਰਿੰਸੀਪਲ ਡਾ. ਰਜਵਿੰਦਰ ਕੌਰ ਨੇ ਆਈਆਂ ਹੋਈਆਂ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਦੌਰਾਨ ਕਾਲਜ ਦਾ ਸਮੁੱਚਾ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ। ਇਸ ਮੌਕੇ ਲੰਗਰ ਅਤੁੱਟ ਵਰਤਾਇਆ ਗਿਆ।

# ਤਰਨਜੀਤ ਸਿੰਘ ਸੰਧੂ ਵੱਲੋਂ ਭਾਜਪਾ ਦੇ ਮੰਡਲ ਪ੍ਰਧਾਨਾਂ ਨਾਲ ਮੀਟਿੰਗ



ਛੇਹਰਟਾ, (ਮਨੋਜ ਕੁਮਾਰ) : ਅੰਮ੍ਰਿਤਸਰ ਲੋਕ ਸਭਾ ਹਲਕਾ ਤੋਂ ਭਾਜਪਾ ਦੇ ਇੰਚਾਰਜ ਤਰਨਜੀਤ ਸਿੰਘ ਸੰਧੂ ਨੇ ਸ਼ਹਿਰ ਦੇ ਸਿਆਸੀ ਮਾਮਲਿਆਂ 'ਤੇ ਚਰਚਾ ਕਰਨ ਲਈ ਆਪਣੇ ਨਿਵਾਸ ਸਥਾਨ 'ਤੇ ਭਾਜਪਾ ਦੇ ਮੰਡਲ ਪ੍ਰਧਾਨਾਂ ਨਾਲ ਮੀਟਿੰਗ ਕੀਤੀ। ਸੰਧੂ ਨੇ ਸਾਰੇ ਮੰਡਲ ਪ੍ਰਧਾਨਾਂ ਨੂੰ ਵਿਕਸਤ ਭਾਰਤ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ। ਇਸ ਮੌਕੇ ਸੂਬੇ ਦੀਆਂ ਵਿਕਾਸ ਯੋਜਨਾਵਾਂ 'ਤੇ ਟਿੱਪਣੀ ਕਰਦਿਆਂ ਸੰਧੂ ਨੇ ਕਿਹਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਮੋਰਚੇ 'ਤੇ ਅਸਫ਼ਲ ਸਾਬਤ ਹੋਈ ਹੈ ਤੇ ਸੂਬੇ ਦੇ ਲੋਕ ਆਉਣ ਵਾਲੇ ਸਮੇਂ ਵਿਚ ਭਾਜਪਾ ਨੂੰ ਬਦਲ ਵਜੋਂ ਦੇਖ ਰਹੇ ਹਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕੱਟੜਾ ਸੰਤ ਸਿੰਘ ਦੇ ਮੰਡਲ ਪ੍ਰਧਾਨ ਰੋਮੀ ਚੋਪੜਾ ਨੇ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਨੇ ਬਿਜਲੀ ਬਿੱਲਾਂ ਵਿਚ ਰਾਹਤ ਦੇ ਕੇ ਹੋਰ ਟੈਕਸਾਂ ਦੀਆਂ ਦਰਾਂ ਵਧਾ ਕੇ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਵਿਚ ਵਿਕਾਸ ਦਾ ਕੋਈ ਨਾਮੋ-ਨਿਸ਼ਾਨ ਨਹੀਂ ।ਐੱਮ.ਪੀ. ਤੇ ਵਿਧਾਇਕ ਜ਼ਿੰਮੇਵਾਰੀਆਂ ਤੋਂ ਭੱਜ ਰਹੇ ਹਨ। ਅੰਮ੍ਰਿਤਸਰ ਸ਼ਹਿਰ ਦੀਆਂ ਸੜਕਾਂ ਉਪਰ ਕੂੜੇ ਦੇ ਢੇਰਾਂ ਤੋਂ ਇਲਾਵਾ ਕੁਝ ਵੀ ਦਿਖਾਈ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ ਬੀ.ਆਰ.ਟੀ.ਸੀ. ਦੀ ਆਮ ਜਨਤਾ ਨੂੰ ਬਹੁਤ ਸਹੂਲਤ ਸੀ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਬੱਸ ਸੇਵਾ ਦਾ ਭੋਗ ਪਾ ਕੇ ਰੱਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮੈਟਰੋ ਬੱਸਾਂ ਦੀਆਂ ਬੈਟਰੀਆਂ ਤੇ ਹੋਰ ਕੀਮਤੀ ਸਾਮਾਨ ਚੋਰ ਲੈ ਗਏ ਹਨ। ਕਰੋੜਾਂ ਰੁਪਿਆਂ ਦੀਆਂ ਬੱਸਾਂ ਖਲੋਤੀਆਂ-ਖਲੋਤੀਆਂ ਹੀ ਕੰਡਮ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਲੋਕ ਪੰਜਾਬ ਦਾ ਵਿਕਾਸ ਚਾਹੁੰਦੇ ਹਨ ਤਾਂ ਸੂਬੇ ਵਿਚ ਇਸ ਵਾਰ ਭਾਜਪਾ ਦੀ ਸਰਕਾਰ ਲੈ ਕੇ ਆਉਣ। ਭਾਜਪਾ ਦੀ ਸਰਕਾਰ ਬਣਨ 'ਤੇ ਹੀ ਗੁਰੂ ਨਗਰੀ ਦਾ ਵਿਕਾਸ ਸ਼ਿਖਰ 'ਤੇ ਪਹੁੰਚ ਸਕਦਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਭੈਣਾਂ ਨਾਲ ਬਹੁਤ ਵੱਡਾ ਧੋਖਾ ਕੀਤਾ ਹੈ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਸ ਪਾਰਟੀ ਨੇ ਹਰ ਇਕ ਔਰਤ ਦੇ ਖਾਤੇ ਵਿਚ ਪੈਸੇ ਪਾਉਣ ਦਾ ਵਾਅਦਾ ਕੀਤਾ ਸੀ। ਭੈਣਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੀ ਉਡੀਕ ਕਰਦੇ ਹੋਏ 46 ਮਹੀਨੇ ਹੋ ਗਏ ਹਨ ਪਰ ਉਨ੍ਹਾਂ ਦੇ ਖ਼ਾਤੇ ਵਿਚ ਅਜੇ ਤਕ ਇਕ ਰੁਪਿਆ ਨਹੀਂ ਆਇਆ। ਇਸ ਮੌਕੇ ਮੰਡਲ ਪ੍ਰਧਾਨ ਵਰਿੰਦਰ ਸਵੀਟੀ, ਟਹਿਲ ਸਿੰਘ, ਸੁਧੀਰ ਬਜਰੰਗੀ, ਰਾਕੇਸ਼ ਮਹਾਜਨ, ਗੁਰਪ੍ਰੀਤ ਰਾਜਾ, ਰਾਜਿੰਦਰ ਸ਼ਰਮਾ, ਮੋਹਿਤ ਵਰਮਾ, ਅਨਿਲ ਮਹਿਰਾ, ਨਿਪੁਣ ਸ਼ਰਮਾ ਮਿੰਟੂ ਆਦਿ ਮੌਜੂਦ ਸਨ।

# ਮੁਕਤਾ ਸ਼ਰਮਾ ਤ੍ਰਿਪਾਠੀ ਦੀ ਪੁਸਤਕ 'ਮੁਕਤਾਮਣੀ ਜੀਵਨ ਸੂਤਰ' ਲੋਕ ਅਰਪਣ



**ਡੇਰਾ ਬਾਬਾ ਨਾਨਕ/ਧਾਰੀਵਾਲ (ਰਮੇਸ਼ ਸ਼ਰਮਾ/ਮਨਦੀਪ ਸਿੰਘ ਵਿੱਕੀ)**- ਵਿਸ਼ਵ ਵਿਰਾਸਤੀ ਸੱਭਿਆਚਾਰਕ ਅਤੇ ਪੰਜਾਬੀ ਮਾਂ ਬੋਲੀ ਅਕਾਦਮੀ ਵੱਲੋਂ ਸ਼ਿਵਾਲਿਕ ਕਾਲਜ ਗੁਰਦਾਸਪੁਰ ਵਿਖੇ ਉੱਘੀ ਕਵਿੱਤਰੀ ਮੁਕਤਾ ਸ਼ਰਮਾ ਤ੍ਰਿਪਾਠੀ ਦੀ ਪੁਸਤਕ 'ਮੁਕਤਾਮਣੀ ਜੀਵਨ ਸੂਤਰ' ਲੋਕ-ਅਰਪਣ ਕੀਤੀ ਗਈ। ਇਸ ਪੁਸਤਕ ਲੋਕ ਅਰਪਣ ਅਤੇ ਪੁਸਤਕ ਚਰਚਾ ਸਮਾਰੋਹ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਪਰਮਜੀਤ ਪੀ ਈ ਐਸ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਜਦੋਂ ਕਿ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਅਨਿਲ ਕੁਮਾਰ ਸ਼ਰਮਾ, ਈ.ਓ. ਨਗਰ ਕੌਂਸਲ ਤਲਵਾੜਾ ਬ੍ਰਿਜਮੋਹਨ ਅਤੇ ਮੈਨੇਜਿੰਗ ਡਾਇਰੈਕਟਰ ਡਾਕਟਰ ਸਤਵਿੰਦਰ ਸਿੰਘ ਵਿਸ਼ੇਸ਼ ਮਹਿਮਾਨਾ ਵਜੋਂ ਸ਼ਾਮਿਲ ਹੋਏ। ਇਸ ਸਮਾਰੋਹ ਦੀ ਪ੍ਰਧਾਨਗੀ ਸਟੇਟ ਤੇ ਨੈਸ਼ਨਲ ਐਵਾਰਡੀ ਡਾਕਟਰ ਪਰਮਜੀਤ ਸਿੰਘ ਕਲਸੀ ਜ਼ਿਲ੍ਹਾ ਭਾਸ਼ਾ ਅਫ਼ਸਰ (ਸਾਬਕਾ), ਗੁਰਦਾਸਪੁਰ ਤੇ ਅੰਮ੍ਰਿਤਸਰ ਨੇ ਕੀਤੀ। ਮੁੱਖ ਵਕਤਾ ਦੇ ਰੂਪ ਵਿੱਚ ਹਿੰਦੀ ਲੈਕਚਰਰ ਮਧੂ ਬਲਗੋਤਰਾ ਸ਼ਾਮਿਲ ਹੋਏ। ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ ਅਤੇ ਪ੍ਰਧਾਨਗੀ ਕਰ ਰਹੇ ਵਿਦਵਾਨਾਂ ਵੱਲੋਂ ਇਸ ਪੁਸਤਕ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਧਿਆਪਕਾ ਮੁਕਤਾ ਸ਼ਰਮਾ ਤ੍ਰਿਪਾਠੀ ਵੱਲੋਂ ਲਿਖੀ ਪੁਸਤਕ ਵਿੱਚ ਬਹੁਤ ਹੀ ਸੁਲਝੇ ਵਿਚਾਰ ਪੇਸ਼ ਕੀਤੇ ਹਨ, ਜੋ ਸਮਾਜ ਨਾਲ ਵਿਚਾਰਾਤਮਕ ਸਾਂਝ ਪਾਉਂਦੇ ਹੋਏ ਸਾਕਰਾਤਮਕ ਸੇਧ ਦਿੰਦੇ ਹਨ। ਉਨ੍ਹਾਂ ਕਵਿੱਤਰੀ ਤ੍ਰਿਪਾਠੀ ਨੂੰ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੰਦੇ ਹੋਏ ਇਹ ਆਸ ਪ੍ਰਗਟਾਈ ਕਿ ਉਨ੍ਹਾਂ ਦੇ ਉਪਰਾਲੇ ਇਸੇ ਤਰ੍ਹਾਂ ਜਾਰੀ ਰਹਿਣਗੇ। ਸਮਾਗਮ ਦਾ ਸੰਚਾਲਨ ਮਾਲਤੀ ਗਿਆਨਪੀਠ ਪੁਰਸਕਾਰ ਵਿਜੇਤਾ ਅਤੇ ਸਟੇਟ ਐਵਾਰਡੀ ਗੁਰਮੀਤ ਸਿੰਘ ਭੋਮਾ ਵੱਲੋਂ ਕੀਤਾ ਗਿਆ। ਲੇਖਿਕਾ ਮੁਕਤਾ ਸ਼ਰਮਾ ਵੱਲੋਂ ਆਏ ਹੋਏ ਮੁੱਖ ਮਹਿਮਾਨ ਵਿਸ਼ੇਸ਼ ਮਹਿਮਾਨਾਂ ਅਤੇ ਪ੍ਰਧਾਨਗੀ ਮੰਡਲ ਦਾ ਸਨਮਾਨ ਲੋਈ ਤੇ ਸਨਮਾਨ ਚਿੰਨ੍ਹ ਨਾਲ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸਾਹਿਤਕਾਰਾਂ, ਪਾਠਕਾਂ ਤੇ ਵਿਦਿਆਰਥੀਆਂ ਨੇ ਵੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਇਸ ਦੌਰਾਨ ਕਵਿੱਤਰੀ ਮੁਕਤਾ ਸ਼ਰਮਾ ਤ੍ਰਿਪਾਠੀ ਨੇ ਹਾਜ਼ਰ ਸਾਹਿਤਕਾਰਾਂ ਤੇ ਅਧਿਆਪਕਾਂ ਦਾ ਧੰਨਵਾਦ ਕੀਤਾ। ਸਮਾਗਮ ਵਿੱਚ ਮਸ਼ਹੂਰ ਵਿਅੰਗ ਕਵੀ ਵਰਿੰਦਰ ਜਟਵਾਨੀ ਲੁਧਿਆਣਾ, ਸੁਖਬੀਰ ਕੌਰ ਰਿਟਾਇਰਡ ਹਿੰਦੀ ਅਧਿਆਪਿਕਾ, ਭਲਿੰਦਰ ਸਿੰਘ, ਸ਼ਿਵ ਕੁਮਾਰ ਤ੍ਰਿਪਾਠੀ, ਬ੍ਰਿਜ ਮੋਹਨ ਈ.ਓ. ਤਲਵਾੜਾ, ਨਰਿੰਦਰ ਤ੍ਰਿਪਾਠੀ, ਬੇਟੀਆਂ ਸਾਧਿਆ, ਸਾਨਿਆ, ਨੀਤੂ ਮੈਮ, ਗੁਰਵਿੰਦਰ ਸਿੰਘ, ਰਾਜੇਸ਼ ਸੋਨੀ ਸਰ, ਅੰਮ੍ਰਿਤ ਸੇਠੀ ਮੈਮ, ਅੰਕਿਤਾ ਸ਼ਰਮਾ, ਮਨਜੀਤ ਕੌਰ, ਰਮਨਦੀਪ ਕੌਰ, ਸੰਦੀਪ ਸਲਹੋਤਰਾ ਸੀਨੀਅਰ ਲਾਇਬ੍ਰੇਰੀਅਨ, ਰਾਕੇਸ਼ ਕਲਰਕ, ਤੁਸ਼ਾਰ ਅਤੇ ਦਾਨਵੀਰ ਵਿਦਿਆਰਥੀ ਆਦਿ ਹਾਜ਼ਰ ਸਨ।

# ਹਰਚੋਵਾਲ ਚੌਕ 'ਚ ਸੜਕ ਨਾ ਬਣਨ ਕਾਰਨ ਲਗਾਇਆ ਧਰਨਾ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਪਿਛਲੇ ਤਕਰੀਬਨ ਡੇਢ ਸਾਲ ਲੰਮੇ ਸਮੇਂ ਤੋਂ ਹਰਚੋਵਾਲ ਤੋਂ ਡੱਲਾ ਮੋੜ ਦੀ ਸੜਕ ਰਿਪੇਅਰ ਦਾ ਕੰਮ ਚਲ ਰਿਹਾ ਹੈ ਜੋ ਕਿ ਬਹੁਤ ਹੀ ਢਿੱਲੀ ਰਫ਼ਤਾਰ ਨਾਲ ਚੱਲ ਰਿਹਾ ਸੀ ਅਤੇ ਕੁਝ ਦਿਨ ਤੋਂ ਸੜਕ ਬਣਾਉਣ ਦਾ ਕੰਮ ਠੇਕੇਦਾਰ ਵੱਲੋਂ ਬੰਦ ਕਰ ਦਿੱਤਾ ਗਿਆ ਸੀ, ਜਿਸ ਨੂੰ ਲੈ ਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ, ਮਾਝਾ ਕਿਸਾਨ ਸੰਘਰਸ਼ ਕਮੇਟੀ ਪੰਜਾਬ, ਲੋਕ ਇਨਸਾਫ ਮੋਰਚਾ, ਜੱਥੇਬੰਦੀਆਂ ਅਤੇ ਇਲਾਕੇ ਦੇ ਲੋਕ ਅਤੇ ਸਮੂਹ ਹਰਚੋਵਾਲ ਦੇ ਦੁਕਾਨਦਾਰਾਂ ਵੱਲੋਂ ਅੱਡਾ ਹਰਚੋਵਾਲ ਨੂੰ ਬੰਦ ਕਰਕੇ ਧਰਨਾ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਧਰਨਾਕਾਰੀਆਂ ਵੱਲੋਂ ਪ੍ਰਸ਼ਾਸਨ ਅਤੇ ਸੜਕ ਬਣਾਉਣ ਵਾਲੇ ਠੇਕੇਦਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਪਹੁੰਚੇ ਠੇਕੇਦਾਰ ਰਾਹੁਲ ਵੱਲੋਂ ਧਰਨਕਾਰੀਆਂ ਕੋਲੋਂ 5 ਤੋਂ 6 ਦਿਨ ਸਮਾਂ ਮੰਗਿਆਂ ਗਿਆ ਅਤੇ ਉਸ ਵੱਲੋਂ ਕਿਹਾ ਗਿਆ ਕਿ ਜਲਦੀ ਸੜਕ ਦਾ ਕੰਮ ਮੁਕੰਮਲ ਕਰ ਦਿੱਤਾ ਜਾਵੇਂਗਾ।ਜਿਸ ਤੋਂ ਬਾਅਦ ਧਰਨਾ ਸਮਾਪਤ ਕਰ ਦਿੱਤਾ ਗਿਆ।ਇਸ ਮੌਕੇ ਜਗਤਾਰ ਸਿੰਘ ਖ਼ਾਲਸਾ, ਬਲਵਿੰਦਰ ਸਿੰਘ ਰਾਜੂ ਔਲਖ ਪ੍ਰਧਾਨ ਮਾਝਾ ਕਿਸਾਨ ਸੰਘਰਸ਼ ਕਮੇਟੀ, ਸੋਨੂੰ ਔਲਖ ਪ੍ਰਧਾਨ ਲੋਕ ਇਨਸਾਫ ਮੋਰਚਾ, ਸੋਨੂੰ ਚੱਡਾ ਜ਼ਿਲ੍ਹਾ ਪ੍ਰਧਾਨ ਗੁਰਦਾਸਪੁਰ, ਰਾਜਵਿੰਦਰ ਸਿੰਘ ਪ੍ਰਧਾਨ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ, ਗੁਰਵਿੰਦਰ ਸਿੰਘ ਲਾਡੀ, ਡਾ ਭੁਪਿੰਦਰ ਸਿੰਘ ਗਿੱਲ, ਅਜੀਤ ਸਿੰਘ, ਪ੍ਰਕਾਸ਼ ਚੰਦ,ਸੂਬੇਦਾਰ ਰਛਪਾਲ ਸਿੰਘ ਭਰਥ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜ਼ੋਨ ਪ੍ਰਧਾਨ, ਨਰਿੰਦਰ ਸਿੰਘ ਮੈਂਬਰ ਪੰਚਾਇਤ ਹਰਚੋਵਾਲ, ਰੌਕੀ ਨੰਬਰਦਾਰ, ਜਥੇਦਾਰ ਬਖ਼ਸ਼ੀਸ਼ ਸਿੰਘ, ਸੁਖਵਿੰਦਰ ਸਿੰਘ, ਸੂਬੇਦਾਰ ਤਰਲੋਕ ਸਿੰਘ, ਸੂਬੇਦਾਰ ਰਤਨ ਸਿੰਘ, ਨਿਸ਼ਾਨ ਸਿੰਘ, ਸੁਖਦੇਵ ਸਿੰਘ ਫੌਜੀ, ਮੁਖਤਿਆਰ ਸਿੰਘ, ਕੁਲਵਿੰਦਰ ਸਿੰਘ ਬਿੱਲਾ, ਬਲਦੇਵ ਸਿੰਘ ਫੌਜੀ, ਜਸਪਾਲ ਸਿੰਘ ਫੌਜੀ, ਕਾਮਰੇਡ ਬਲਦੇਵ ਸਿੰਘ, ਸਰਬਜੀਤ ਸਿੰਘ, ਬਚਨ ਸਿੰਘ ਸਰਪੰਚ ਭਾਮੜੀ, ਇਕਬਾਲ ਸਿੰਘ ਸਾਬਕਾ ਸਰਪੰਚ ਭਾਮੜੀ, ਪ੍ਰਕਾਸ਼ ਚੰਦ, ਗੁਰਿੰਦਰਪਾਲ ਸਿੰਘ ਸਾਬੀ, ਸਿਮਰਨਜੀਤ ਸਿੰਘ ਹਰਚੋਵਾਲ, ਲਵ ਹਰਚੋਵਾਲ, ਅਮਨ ਹਰਚੋਵਾਲ, ਅਸ਼ਵਨੀ ਕੁਮਾਰ, ਆਦਿ ਹਾਜ਼ਰ ਸਨ

# ਉੱਪਲ ਬਰਾਦਰੀ ਜਠੇਰਿਆਂ ਦੀ ਮੇਲ 23 ਨੂੰ



ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-ਉਪਲ ਭਾਈਚਾਰੇ ਦੇ ਜਠੇਰਿਆਂ ਦੀ ਮੇਲ 23 ਨਵੰਬਰ ਨੂੰ ਉਪਲ ਗੋਤ ਦੇ ਕੁੱਲ ਦੇਵਤਾ ਬਾਬਾ ਨਾਰ ਸਿੰਘ ਦੇ ਮੰਦਰ ਪਰਮੰਡਲ ਜ਼ਿਲ੍ਹਾ ਸਾਂਭਾ (ਜੰਮੂ ਕਸ਼ਮੀਰ) ਵਿਖੇ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਦੇ ਨਾਲ ਮਨਾਈ ਜਾਵੇਗੀ।ਜਿਸ ਵਿੱਚ ਦੇਸ਼ ਵਿਦੇਸ਼ ਤੋਂ ਉਪਲ ਗੋਤ ਭਾਈਚਾਰੇ ਦੇ ਪਰਵਾਰ ਸ਼ਰਧਾ ਭਾਵਨਾ ਤੇ ਉਤਸ਼ਾਹ ਦੇ ਨਾਲ ਸ਼ਾਮਲ ਹੋਣਗੇ।ਇਹ ਜਾਣਕਾਰੀ ਕਮੇਟੀ ਮੈਂਬਰਾਂ ਤੇ ਸੇਵਾਦਾਰਾਂ ਵਲੋਂ ਦਿੱਤੀ ਗਈ।ਉਹਨਾਂ ਕਿਹਾ ਕੀ ਹਵਨ ਯੱਗ ਵੀ ਹੋਵੇਗਾ ਅਤੇ ਵੱਖ ਵੱਖ ਭਜਨ ਮੰਡਲੀਆਂ ਵਲੋਂ ਸਤਿਸੰਗ ਵੀ ਕੀਤਾ ਜਾਵੇਗਾ। ਲੰਗਰ ਭੰਡਾਰਾ ਵੀ ਸਾਰਾ ਦਿਨ ਅਤੁੱਟ ਵਰਤਾਇਆ ਜਾਵੇਗਾ।ਇਸ ਮੌਕੇ ਪਰਮੰਡਲ ਕਮੇਟੀ ਮੈਂਬਰ ਰਮਨੀਕ ਕੁਮਾਰ ਉਪਲ, ਡਾ. ਗੁਰਦੀਪ ਕੁਮਾਰ ਉਪਲ, ਮਨੀਸ਼ ਉਪਲ, ਵਿਕਰਮਦਿੱਤੀਆ ਉਪਲ ਅਜਨਾਲਾ, ਸ਼੍ਰੇਆ ਉਪਲ, ਐਡਵੋਕੇਟ ਅਵਧ ਉਪਲ, ਡਾ. ਕੀਮਤੀ ਲਾਲ ਉਪਲ, ਪਵਨ ਕੁਮਾਰ ਉਪਲ, ਰਾਜੀਵ ਉਪਲ, ਨਵੀਨ ਉਪਲ, ਸੰਦੀਪ ਉਪਲ, ਰਾਜੇਸ਼ ਉਪਲ, ਰਿਆਸ ਉਪਲ, ਕੁਲਦੀਪ ਉਪਲ, ਰਾਜ ਕੁਮਾਰ ਉਪਲ, ਪ੍ਰਦੀਪ ਉਪਲ, ਅਭੀ ਉਪਲ, ਅਮਿਤ ਉਪਲ, ਬੱਬਲੂ ਉਪਲ, ਅੰਕੁਸ਼ ਉਪਲ, ਵਿੱਕੀ ਉਪਲ, ਰਾਜਿੰਦਰ ਕੁਮਾਰ, ਵਿਜੈ ਉਪਲ, ਆਦਿ ਸੇਵਾਦਾਰ ਹਾਜ਼ਰ ਸਨ।

# ਕੈਬਨਿਟ ਮੰਤਰੀ ਨੇ ਹੜ੍ਹ ਪੀੜਤਾਂ ਨੂੰ 45 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਦੀ ਕੀਤੀ ਵੰਡ



ਪਠਾਨਕੋਟ (ਦਵਿੰਦਰ ਸਿੰਘ)- ਹੜ੍ਹ ਪੀੜਤ ਪਰਵਾਰਾਂ ਨੂੰ ਫਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਲਈ ਪਿੰਡ ਨਰੋਟ ਜੈਮਲ ਸਿੰਘ ਵਿਖੇ ਸਥਿਤ ਬੀ ਡੀ ਪੀ ਓ ਦਫਤਰ ਵਿਖੇ ਵਿਖੇ ਸਮਾਰੋਹ ਆਯੋਜਿਤ ਕੀਤਾ ਗਿਆ। ਸਮਾਰੋਹ ਵਿੱਚ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਬਤੌਰ ਮੁੱਖ ਮਹਿਮਾਨ ਹਾਜ਼ਰ ਹੋਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀ.ਸੀ. ਵਿੰਗ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਨੀਰੂ ਬਾਲਾ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਹਾਜ਼ਰ ਸਨ। ਇਸ ਮੌਕੇ ਸੰਬੋਧਨ ਕਰਦਿਆਂ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਨੇ ਕਿਹਾ ਕਿ ਪਿਛਲੇ ਦਿਨਾਂ ਦੌਰਾਨ ਹੜ੍ਹਾਂ ਦੀ ਮਾਰ ਕਰਕੇ ਪੂਰੇ ਪੰਜਾਬ ਅੰਦਰ ਲੋਕਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੇ ਵੀ 82 ਪਿੰਡਾਂ ਅੰਦਰ ਹੜ੍ਹਾਂ ਦੇ ਕਾਰਨ ਫਸਲਾਂ ਪ੍ਰਭਾਵਤ ਹੋਈਆਂ, ਲੋਕਾਂ ਦੇ ਘਰ ਟੁੱਟ ਗਏ, ਪਸ਼ੂ ਧੰਨ ਦਾ ਨੁਕਸਾਨ ਹੋਇਆ, ਲੋਕਾਂ ਨੂੰ ਜਾਨਾਂ ਵੀ ਗਵਾਣੀਆਂ ਪਈਆਂ, ਆਦਿ ਹੋਰ ਵੀ ਕਈ ਤਰ੍ਹਾਂ ਦਾ ਖੇਤਰ ਅੰਦਰ ਨੁਕਸਾਨ ਹੋਇਆ। ਉਨ੍ਹਾਂ ਕਿਹਾ ਕਿ ਫਸਲਾਂ ਦੇ ਹੋਏ ਨੁਕਸਾਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਘੋਸ਼ਣਾ ਕੀਤੀ ਸੀ ਕਿ ਹੜ੍ਹਾਂ ਦੀ ਮਾਰ ਨਾਲ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਨਾਲ ਦੀ ਨਾਲ ਲੋਕਾਂ ਤੱਕ ਪੁਜਦਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅੱਜ ਇੱਕ ਵਾਰ ਫਿਰ ਨਰੋਟ ਜੈਮਲ ਸਿੰਘ ਵਿਖੇ ਆਯੋਜਿਤ ਸਮਾਰੋਹ ਦੌਰਾਨ ਹੜ੍ਹ ਪ੍ਰਭਾਵਤ ਵੱਖ-ਵੱਖ ਪਿੰਡਾਂ ਜਿਸ ਵਿੱਚ ਪਿੰਡ ਪੰਮਾ, ਪਿੰਡ ਪੋਲਾ, ਪਿੰਡ ਪਹਾੜੀ ਚੱਕ ਅਤੇ ਪਿੰਡ ਵਾੜਵਾ ਦੇ ਕਰੀਬ 200 ਪਰਵਾਰਾਂ ਨੂੰ ਫਸਲਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਜਿਸ ਦੀ ਰਾਸ਼ੀ ਕਰੀਬ 45 ਲੱਖ ਰੁਪਏ ਦੀ ਵੰਡ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਬਾਕੀ ਪਿੰਡਾਂ ਨੂੰ ਵੀ ਆਣ ਵਾਲੇ ਦਿਨ੍ਹਾਂ ਦੇ ਅੰਦਰ ਫਸਲਾਂ ਦਾ ਮੁਆਵਜ਼ਾ ਦਿੱਤਾ ਜਾਵੇਗਾ।

# 33 ਵਾਂ ਸਾਲਾਨਾ ਸਮਾਗਮ 19 ਨੂੰ

**ਬਿਆਸ (ਪਰਮਜੀਤ ਸਿੰਘ ਰੱਖੜਾ)**

ਕਸਬਾ ਬਿਆਸ ਦੇ ਸਰਪੰਚ ਸੁਰਿੰਦਰਪਾਲ ਲੱਡੂ, ਸਰਪ੍ਰਸਤ ਡਾਕਟਰ ਵੀਰ ਪਵਨ ਕੁਮਾਰ ਭਾਰਦਵਾਜ, ਪ੍ਰਧਾਨ ਦਵਿੰਦਰਪਾਲ ਸਿੰਘ ਰੱਖੜਾ, ਪ੍ਰਧਾਨ ਰਾਮ ਸਰੂਪ ਗਾਰਡ ਤੇ ਪ੍ਰਧਾਨ ਰਾਜੀਵ ਕੁਮਾਰ ਬੱਬਲੂ ਨੇ ਦੱਸਿਆ ਕਿ ਮੇਨ ਬਾਜ਼ਾਰ ਬਿਆਸ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ 19 ਨਵੰਬਰ (ਬੁੱਧਵਾਰ) ਨੂੰ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਅਤੇ 21 ਨਵੰਬਰ (ਸ਼ੁੱਕਰਵਾਰ) ਨੂੰ ਭੋਗ ਪਾਏ ਜਾਣਗੇ। ਭੋਗ ਉਪਰੰਤ ਭਾਈ ਹਰਵਿੰਦਰਪਾਲ ਸਿੰਘ ਲਿਟਲ ਮਾਤਾ ਕੌਲਾਂ ਜੀ ਭਲਾਈ ਕੇਂਦਰ ਅੰਮ੍ਰਿਤਸਰ ਅਤੇ ਭਾਈ ਮਹਿਤਾਬ ਸਿੰਘ ਜਲੰਧਰ ਵਾਲੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਇਸੇ ਪ੍ਰੋਗਰਾਮ ਦੌਰਾਨ 22 ਨਵੰਬਰ (ਸ਼ਨੀਵਾਰ) ਰਾਤ ਵਿਸ਼ਾਲ ਭਗਵਤੀ ਜਾਗਰਣ ਕਰਵਾਇਆ ਜਾਵੇਗਾ। ਜਾਗਰਣ ਵਿੱਚ ਮਨੀ ਲਾਡਲਾ, ਲਵਿਸ਼ ਲਵ (ਦੋਵੇਂ ਅੰਮ੍ਰਿਤਸਰ) ਅਤੇ ਮਹੰਤ ਅਸ਼ਵਨੀ ਸ਼ਰਮਾ ਦੀ ਭਜਨ ਮੰਡਲੀ ਮਾਤਾ ਦੀਆਂ ਭੇਟਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।ਇਸ ਵਾਰ ਜਾਗਰਣ ਦੌਰਾਨ ਦੋ ਲੱਕੀ ਡਰਾਅ ਵੀ ਕੱਢੇ ਜਾਣਗੇ।ਇਸ ਮੌਕੇ ਬਾਬਾ ਪੱਪੂ, ਸਾਜਨ ਕਪੂਰ, ਮੰਗੂ, ਰਾਜਨ ਅਰੋੜਾ, ਕੰਵਰਦੀਪ ਸਿੰਘ ਕਾਕਾ, ਸਵਿੰਦਰ ਸਿੰਘ ਛਿੰਦ, ਗਗਨ ਅਰੋੜਾ ਬਿੱਲਾ ਬਿਸ਼ਟ, ਪੱਪੀ ਕਵਾਲਟੀ ਸਵੀਟ, ਕਵਲ ਤੇ ਸਾਹਿਲ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਵਿਧਾਨ ਸਭਾ ਦਾ ਸੈਸ਼ਨ ਬੁਲਾ ਕੇ ਬਿਜਲੀ ਬਿੱਲ 2025 ਦਾ ਖਰੜਾ ਰੱਦ ਕਰੇ : ਉਦੀਪੁਰ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਮੰਡਲ ਯੂਨਿਟ ਗੁਰਦਾਸਪੁਰ ਦੀ ਨਵੀਂ ਚੁਣੀ ਹੋਈ ਕਮੇਟੀ ਦੀ ਮੀਟਿੰਗ ਮੰਡਲ ਪ੍ਰਧਾਨ ਸਾਥੀ ਅਮਨਦੀਪ ਸਿੰਘ ਧਾਲੀਵਾਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸਰਕਲ ਗੁਰਦਾਸਪੁਰ ਦੇ ਪ੍ਰਧਾਨ ਕਾਮਰੇਡ ਬਲਵਿੰਦਰ ਉਦੀਪੁਰ ਮੀਤ ਪ੍ਰਧਾਨ ਸਾਹਿਬ ਸਿੰਘ ਧਾਲੀਵਾਲ ਸ਼ਾਮਲ ਹੋਏ। ਮੀਟਿੰਗ ਵਿੱਚ ਇਕ ਮਤਾ ਪਾ ਕੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਕੇਂਦਰ ਸਰਕਾਰ ਵੱਲੋਂ ਭੇਜੇ ਬਿਜਲੀ ਬਿੱਲ 2025 ਦੇ ਖਰੜੇ ਨੂੰ ਵਿਧਾਨ ਸਭਾ ਦਾ ਅਜਲਾਸ ਬੁਲਾ ਕੇ ਮੁਕੰਮਲ ਰੂਪ ਵਿੱਚ ਰੱਦ ਕਰਕੇ ਕੇਂਦਰ ਸਰਕਾਰ ਨੂੰ ਭੇਜਿਆ ਜਾਵੇ ਅਤੇ ਮਹਿਕਮੇ ਦੀਆਂ ਜਾਇਦਾਦਾਂ ਵੇਚਣ 'ਤੇ ਪੂਰਨ ਤੌਰ 'ਤੇ ਰੋਕ ਲਗਾਈ ਜਾਵੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸਰਕਲ ਪ੍ਰਧਾਨ ਅਤੇ ਪੰਜਾਬ ਦੇ ਮੀਤ ਪ੍ਰਧਾਨ ਕਾਮਰੇਡ ਬਲਵਿੰਦਰ ਉਦੀਪੁਰ ਦੱਸਿਆ ਕਿ ਬਿਜਲੀ ਬਿੱਲ ਪੰਜਾਬ ਦੇ ਮਜ਼ਦੂਰਾਂ, ਮੁਲਾਜ਼ਮਾਂ, ਕਿਸਾਨਾਂ ਤੇ ਆਮ ਲੋਕਾਂ ਲਈ ਘਾਤਕ ਹੈ, ਲੋਕਾਂ ਨੂੰ ਮਿਲਦੀਆਂ ਸਬਸਿਡੀਆਂ ਹੌਲੀ ਹੌਲੀ ਖ਼ਤਮ ਹੋ ਜਾਣਗੀਆਂ ਅਤੇ ਵੱਡੇ ਪੱਧਰ 'ਤੇ ਬਿਜਲੀ ਦੇ ਵੰਡ ਸਿਸਟਮ ਨੂੰ ਪ੍ਰਾਈਵੇਟ ਕੰਪਨੀਆਂ ਦੇ ਹਵਾਲੇ ਕਰ ਦਿੱਤਾ ਜਾਵੇਗਾ ਜਿਸ ਨਾਲ ਪਬਲਿਕ ਸੈਕਟਰ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਜਾਵੇਗਾ ਅਤੇ ਬਿਜਲੀ ਦੇ ਰੇਟ ਵਧਣ ਨਾਲ ਬਿਜਲੀ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਚਲੇ ਜਾਵੇਗੀ ਅਤੇ ਕਾਰਪੋਰੇਟ ਘਰਾਣਿਆਂ ਵਲੋਂ ਖਪਤਕਾਰਾਂ ਦੀ ਲੁੱਟ ਕੀਤੀ ਜਾਵੇਗੀ। ਇਸ ਲਈ ਪੰਜਾਬ ਦੇ ਲੋਕਾਂ ਨੂੰ ਬਿਜਲੀ ਸੋਧ ਬਿੱਲ 2025 ਨੂੰ ਰੱਦ ਕਰਾਉਣ ਲਈ ਸਾਂਝੇ ਸੰਘਰਸ਼ਾਂ ਨੂੰ ਲਾਮਬੰਦ ਕਰਨਾ ਪਵੇਗਾ। ਮੀਟਿੰਗ ਵਿੱਚ ਸਾਥੀ ਸਾਹਿਬ ਸਿੰਘ ਧਾਲੀਵਾਲ ਨੇ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਮੁਲਾਜ਼ਮਾਂ ਦੀਆਂ ਮੰਗਾਂ ਦਾ ਨਿਪਟਾਰਾ ਕੀਤਾ ਜਾਵੇ, ਰੋਕਿਆ ਹੋਇਆ 16 ਪ੍ਰਤੀਸ਼ਤ ਮਹਿਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਕੀਤੀਆਂ ਜਾਣ, 2004 ਤੇ ਬਾਅਦ ਭਰਤੀ ਹੋਏ ਮੁਲਾਜ਼ਮ ਤੇ ਪੁਰਾਣੀ ਪੈਨਸ਼ਨ ਸਕੀਮ ਬਿਨਾਂ ਸ਼ਰਤ ਬਹਾਲ ਕੀਤੀ ਜਾਵੇ, ਸਰਕਾਰੀ ਅਦਾਰਿਆਂ ਵਿਚ ਠੇਕਾ ਸਿਸਟਮ ਖ਼ਤਮ ਕਰਕੇ ਪਕੀ ਭਰਤੀ ਪੂਰੀਆਂ ਤਨਖ਼ਾਹਾਂ ਤੇ ਭੱਤਿਆਂ ਸਮੇਤ ਕੀਤੀ ਜਾਵੇ ਤਾਂ ਜੋ ਕਰਮਚਾਰੀਆਂ ਵਿਚ ਫੈਲੇ ਰੋਸ ਨੂੰ ਖ਼ਤਮ ਕੀਤਾ ਜਾ ਸਕੇ।

ਮੀਟਿੰਗ ਵਿੱਚ ਮੰਡਲ ਸਕੱਤਰ ਜੇ ਪੀ ਜੰਜੂਆ, ਅਨਿਲ ਕੁਮਾਰ ਸ਼ਰਮਾ, ਇੰਜੀ ਮਲਕੀਤ ਸਿੰਘ ਢਿੱਲੋਂ, ਰਣਜੀਤ ਸਿੰਘ ਦੋਰਾਗਲਾ ਲਖਵਿੰਦਰ ਸਿੰਘ ਟਾਂਡਾ ਹਰਪ੍ਰੀਤ ਸਿੰਘ ਗਿੱਲ ਆਦਿ ਆਗੂ ਹਾਜ਼ਰ ਸਨ।

# ਵਿਦਿਆਰਥੀ ਸਿੱਖਿਆ ਦੇ ਨਾਲ-ਨਾਲ ਖੇਡਾਂ 'ਤੇ ਵੀ ਧਿਆਨ ਦੇਣ : ਔਜਲਾ, ਡਾ.ਵੇਰਕਾ



ਅੰਮ੍ਰਿਤਸਰ (ਅਰੋੜਾ)- ਸਿੱਖਿਆ ਅਤੇ ਖੇਡ ਜਗਤ ਵਿੱਚ ਆਪਣੀ ਖਾਸ ਭੂਮਿਕਾ ਨਿਭਾ ਰਹੇ ਪ੍ਰਭਾਕਰ ਸੈਕੰਡਰੀ ਸਕੂਲ ਦੇ ਮੈਦਾਨ ਵਿੱਚ ਦੋ ਦਿਨਾ 28ਵਾਂ ਸਲਾਨਾ ਖੇਡ ਟੂਰਨਾਮੈਂਟ ਡਾਇਰੈਕਟਰ ਰਾਜੇਸ਼ ਪ੍ਰਭਾਕਰ, ਪ੍ਰਿੰਸੀਪਲ ਰਚਨਾ ਸਲਵਾਨ ਦੀ ਪ੍ਰਧਾਨਗੀ ਵਿੱਚ ਆਯੋਜਿਤ ਕੀਤਾ ਗਿਆ। ਖੇਡ ਸਮਾਗਮ ਦਾ ਸ਼ੁੱਭ ਆਰੰਭ ਸਾਂਸਦ ਗੁਰਜੀਤ ਸਿੰਘ ਔਜਲਾ ਅਤੇ ਸਾਬਕਾ ਕੈਬਿਨੇਟ ਮੰਤਰੀ ਡਾ. ਰਾਜ ਕੁਮਾਰ ਵੇਰਕਾ ਅਤੇ ਸਮਾਜ ਸੇਵਕ ਸਤੀਸ਼ ਬੱਲੂ ਵੱਲੋਂ ਸੰਯੁਕਤ ਰੂਪ ਨਾਲ ਰੰਗ ਬਿਰੰਗੇ ਗੁਬਾਰੇ ਛੱਡ ਕੇ ਕੀਤਾ ਗਿਆ। ਇਸ ਖੇਡ ਪ੍ਰਤਿਯੋਗਿਤਾ ਵਿੱਚ ਬਾਸਕਟਬਾਲ, ਬੈਡਮਿੰਟਨ, ਰੱਸੀ ਕੂਦ, ਪੀ.ਟੀ. ਸ਼ੋਅ ਵਰਗੀਆਂ ਪ੍ਰਤੀਯੋਗਿਤਾਵਾਂ ਕਰਵਾਈਆਂ ਗਈਆਂ। 200 ਦੇ ਲਗਭਗ ਵਿਜੇਤਾਵਾਂ ਨੇ ਮੁੱਖ ਮਹਿਮਾਨ ਵੱਲੋਂ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਆਪਣੇ ਸੰਬੋਧਨ ਵਿੱਚ ਸਾਂਸਦ ਔਜਲਾ ਅਤੇ ਡਾ. ਵੇਰਕਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਸਿੱਖਿਆ ਦੇ ਨਾਲ ਨਾਲ ਖੇਡਾਂ ਵਿੱਚ ਵੀ ਧਿਆਨ ਦੇਣ ਕਿਉਂਕਿ ਸਵਸਥ ਸਰੀਰ ਨਾਲ ਹੀ ਅਸੀਂ ਆਪਣੇ ਭਵਿੱਖ ਨੂੰ ਸੰਵਾਰ ਸਕਦੇ ਹੋ। ਸਮਾਗਮ ਵਿੱਚ ਕਰਨਲ ਸ਼ਿਵ ਪਟਿਆਲ, ਅਨੀਤਾ ਸ਼ਰਮਾ, ਗੁਰਸ਼ਰਨ ਕੌਰ, ਗੁਰਿੰਦਰ ਸਿੰਘ ਮੱਟੂ, ਇੰਦੂ ਕਾਲੀਆ, ਅਸ਼ਵਨੀ ਕੁਮਾਰ, ਗੁਰਦੀਪ ਸਿੰਘ, ਰਾਜ ਸ਼ਰਮਾ, ਰਿੰਪੀ ਸ਼ਰਮਾ, ਰਣਜੀਤ ਕੌਰ, ਅਮਨਦੀਪ ਕੌਰ, ਪ੍ਰਿਆ ਵਾਲੀਆ, ਮੁਸਕਾਨ ਕੌਰ ਅਤੇ ਪੂਰੇ ਸਕੂਲ ਸਟਾਫ਼ ਨੇ ਭਾਗ ਲਿਆ।

# ਫਸਲਾਂ ਦੇ ਖਰਾਬੇ ਦੀ ਰਾਸ਼ੀ ਬਿਨਾਂ ਕਿਸੇ ਦੇਰੀ ਕਿਸਾਨਾਂ ਨੂੰ ਮਿਲ ਰਹੀ : ਐੱਸ ਡੀ ਐੱਮ



ਅੰਮ੍ਰਿਤਸਰ ( ਨਰਿੰਦਰ ਜੀਤ ਸਿੰਘ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਅਨੁਸਾਰ ਹਰੇਕ ਹੜ੍ਹ ਪੀੜਤ ਪਰਵਾਰਾਂ ਦੇ ਖਾਤਿਆਂ ਵਿੱਚ ਫਸਲਾਂ ਦੇ ਖਰਾਬੇ ਦੀ ਰਾਸ਼ੀ ਨੂੰ 25 ਨਵੰਬਰ ਤੱਕ ਉਨ੍ਹਾਂ ਬੈਂਕ ਖਾਤਿਆਂ ਵਿੱਚ ਪੁੱਜਣੀ ਯਕੀਨੀ ਬਣਾਈ ਜਾਵੇ ਤਾਂ ਜੋ ਬਿਨਾਂ ਕਿਸੇ ਦੇਰੀ ਦੇ ਹਰ ਪੀੜਤ ਪਰਵਾਰਾਂ ਦੀ ਮਦਦ ਹੋ ਸਕੇ। ਐਸ.ਡੀ.ਐਮ. ਲੋਪੋਕੇ ਸੰਜੀਵ ਸ਼ਰਮਾ ਨੇ ਦੱਸਿਆ ਕਿ ਲੋਪੋਕੇ ਸਬ ਡਵੀਜ਼ਨ ਅਧੀਨ ਪੈਂਦੇ ਪਿੰਡ ਮੁਜੱਫਰਪੁਰ, ਸੈਦਪੁਰ ਕਲਾਂ ਅਤੇ ਕੋਟਲਾ ਸੁਰਜਾ ਲੋਹਾਰ ਵਿਖੇ ਹੜ੍ਹ ਪੀੜਤ ਪਰਵਾਰਾਂ ਨੂੰ ਕਰੀਬ 5 ਲੱਖ ਰੁਪਏ ਦੇ ਸੈਂਕਸ਼ਨ ਪੱਤਰ ਜਾਰੀ ਕੀਤੇ ਗਏ ਹਨ। ਉਨਾਂ ਕਿਹਾ ਕਿ ਇਹ ਅਦਾਇਗੀ ਫਸਲਾਂ ਦੇ ਖਰਾਬੇ ਦੀ ਹੈ। ਸ਼ਰਮਾ ਨੇ ਦੱਸਿਆ ਕਿ ਅੱਜ ਕਰੀਬ ਜੋ 5 ਲੱਖ ਰੁਪਏ ਦੀ ਰਾਸ਼ੀ ਦੀ ਵੰਡ ਕੀਤੀ ਗਈ ਹੈ ਇਹ ਸ਼ਾਮ ਤੱਕ ਜਾਂ ਕੱਲ੍ਹ ਸਵੇਰ ਤੱਕ ਖਾਤਿਆਂ ਵਿੱਚ ਪੁਜ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਤੁਹਾਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਤੁਰੰਤ ਉਨਾਂ ਦੇ ਧਿਆਨ ਵਿੱਚ ਲਿਆਂਦਾ ਜਾਵੇ ਅਤੇ ਉਸੇ ਸਮੇਂ ਹੀ ਉਨਾਂ ਦੇ ਮੁਸ਼ਕਿਲ ਦਾ ਹੱਲ ਕੀਤਾ ਜਾਵੇਗਾ। ਐਸ ਡੀ ਐਮ ਨੇ ਦੱਸਿਆ ਕਿ ਸਬ ਡਵੀਜ਼ਨ ਲੋਪੋਕੇ ਅਧੀਨ ਪੈਂਦੇ ਪਿੰਡਾਂ ਵਿੱਚ ਹੜ੍ਹ ਪੀੜਤ ਪਰਵਾਰਾਂ ਨੂੰ 25 ਨਵੰਬਰ ਤੱਕ ਮੁਆਵਜ਼ਾ ਰਾਸ਼ੀ ਦੀ ਵੰਡ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿਸੇ ਕਿਸਾਨ ਦੀ ਮੁਆਵਜ਼ਾ ਰਾਸ਼ੀ ਕਿਸੇ ਤਕਨੀਕੀ ਕਾਰਨਾਂ ਕਰਕੇ ਜਾਂ ਹੋਰ ਕਾਰਨਾਂ ਕਰਕੇ ਨਹੀਂ ਮਿਲਦੀ ਤਾਂ ਉਹ ਤੁਰੰਤ ਆਪਣੇ ਹਲਕੇ ਦੇ ਪਟਵਾਰੀ ਜਾਂ ਸਿੱਧੇ ਤੌਰ 'ਤੇ ਮੇਰੇ ਨਾਲ ਸੰਪਰਕ ਕਰਨ।ਇਸ ਮੌਕੇ ਨਾਇਬ ਤਹਿਸੀਦਾਰ ਲੋਪੋਕੇ ਹਰੀਸ਼ ਕੁਮਾਰ ਨੇ ਹੜ੍ਹ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਰਾਸ਼ੀ ਦੇ ਸੈਂਕਸ਼ਨ ਪੱਤਰ ਦੀ ਵੰਡ ਕੀਤੀ ਅਤੇ ਪੀੜਤ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸੰਬੰਧਤ ਪਟਵਾਰੀ ਨਾਲ ਮਿਲ ਕੇ ਆਪਣੇ ਬੈਂਕ ਖਾਤੇ, ਆਈ ਐਫ ਸੀ ਕੋਡ ਅਤੇ ਆਧਾਰ ਕਾਰਡ ਜ਼ਰੂਰ ਦਰੁਸਤ ਕਰਵਾਉਣ ਤਾਂ ਜੋ ਅਦਾਇਗੀ ਸਮੇਂ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਉਨਾਂ ਦੱਸਿਆ ਕਿ ਸਾਰੇ ਪਿੰਡਾਂ ਵਿੱਚ ਗੁਰਦੁਆਰਿਆਂ ਰਾਹੀਂ ਮੁਨਾਦੀ ਵੀ ਕਰਵਾਈ ਜਾ ਰਹੀ ਹੈ ਅਤੇ ਹਰੇਕ ਪਿੰਡ ਵਿੱਚ ਪ੍ਰਸ਼ਾਸਨ ਖੁਦ ਪਹੁੰਚ ਕੇ ਫਸਲਾਂ ਦੇ ਖਰਾਬੇ ਦਾ ਮੁਆਵਜ਼ਾ ਵੰਡੇਗਾ।ਇਸ ਮੌਕੇ ਇਸਤਰੀ ਵਿੰਗ ਦੀ ਹਲਕਾ ਇੰਚਾਰਜ ਰਵਲੀਨ ਸੰਧੂ, ਕਾਨੂੰਨਗੋ ਨਿਰਵੈਲ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਕਟਾਰੂ ਚੱਕ ਨੇ ਪੰਜ ਪਿੰਡਾਂ ਦੇ ਅੰਦਰ ਬਣਾਏ ਜਾਣ ਵਾਲੇ ਸਟੇਡੀਅਮ ਦਾ ਰੱਖਿਆ ਨੀਹ ਪੱਥਰ



ਪਠਾਨਕੋਟ (ਦਵਿੰਦਰ ਸਿੰਘ) ਅੱਜ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਇੱਕ ਵਾਰ ਫਿਰ ਤੋਂ ਨਵੇਕਲੀ ਪਹਿਲ ਕਦਮੀ ਕਰਦਿਆਂ ਪੰਜ ਹੋਰ ਪਿੰਡਾਂ ਵਿੱਚ ਖੇਡ ਸਟੇਡੀਅਮ ਦੇ ਨੀਹ ਪੱਥਰ ਰੱਖੇ ਗਏ ਹਨ ਜੋ ਜਲਦੀ ਹੀ ਬਣਾ ਕੇ ਪਿੰਡਾਂ ਨੂੰ ਸਮਰਪਿਤ ਕੀਤੇ ਜਾਣਗੇ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਵਿਧਾਨ ਸਭਾ ਹਲਕਾ ਭੋਆ ਦੇ ਵੱਖ ਵੱਖ ਪਿੰਡਾਂ ਅੰਦਰ ਸਟੇਡੀਅਮ ਨਿਰਮਾਣ ਦੇ ਨੀਹ ਪੱਥਰ ਰੱਖਣ ਮਗਰੋਂ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵ ਸ਼੍ਰੀ ਨਰੇਸ਼ ਸੈਣੀ ਜ਼ਿਲਾ ਪ੍ਰਧਾਨ ਬੀਸੀ ਵਿੰਗ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਰਾਜਾ ਬਕਨੌਰ, ਦੀਪਕ ਰਾਜ ਸਰਪੰਚ ਪਿੰਡ ਬਕਨੌਰ, ਨੰਬਰਦਾਰ ਦਰਸ਼ਨ ਪਾਲ, ਨਰੇਸ਼ ਕੁਮਾਰ ਸਰਪੰਚ ਪਿੰਡ ਪੱਖੋ ਚੱਕ, ਰਸ਼ਪਾਲ ਸਿੰਘ, ਵੀਨਾ ਸ਼ਰਮਾ ਸਰਪੰਚ ਰਤਨਗੜ੍ਹ, ਪ੍ਰੇਮ ਸ਼ਰਮਾ, ਪੰਚਾਇਤ ਮੈਂਬਰ ਹੈਪੀ ਸ਼ਰਮਾ, ਪੰਚਾਇਤ ਮੈਂਬਰ ਅਜੀਤ ਕੁਮਾਰ, ਮਨੀਸ਼ ਕੁਮਾਰ ਸਰਪੰਚ ਪਿੰਡ ਧੋਬੜਾ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜ ਕਰਤਾ ਹਾਜ਼ਰ ਸਨ।

ਇਸ ਮੌਕੇ ਤੇ ਸੰਬੋਧਿਤ ਕਰਦਿਆਂ ਸ਼੍ਰੀ ਲਾਲ ਚੰਦ ਕਟਾਰੂ ਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕੀ ਅੱਜ ਵਿਧਾਨ ਸਭਾ ਹਲਕਾ ਭੋਆ ਦੇ ਅੰਦਰ ਪੰਜ ਹੋਰ ਪਿੰਡਾਂ ਅੰਦਰ ਜਿਸ ਵਿੱਚ ਪਿੰਡ ਬਕਨੌਰ, ਪਿੰਡ ਰਤਨਗੜ੍ਹ, ਪਿੰਡ ਪੱਖੋ ਚੱਕ, ਪਿੰਡ ਧੋਬੜਾ ਅਤੇ ਪਿੰਡ ਚਸ਼ਵਾਂ ਵਿਖੇ ਬਣਾਏ ਜਾਣ ਵਾਲੇ ਖੇਡ ਸਟੇਡੀਅਮ ਦਾ ਨੀਹ ਪੱਥਰ ਰੱਖਿਆ ਗਿਆ ਹੈ। ਉਹਨਾਂ ਦੱਸਿਆ ਕਿ ਬਣਾਏ ਜਾਣ ਵਾਲੇ ਹਰੇਕ ਖੇਡ ਸਟੇਡੀਅਮ ਦੇ ਨਿਰਮਾਣ ਤੇ ਕਰੀਬ 30 ਲੱਖ ਰੁਪਏ ਖਰਚ ਕੀਤੇ ਜਾਣਗੇ ਇਸ ਤਰ੍ਹਾਂ ਕਰੀਬ 10 ਕਰੋੜ ਰੁਪਏ ਦੀ ਲਾਗਤ ਦੇ ਨਾਲ ਵਿਧਾਨ ਸਭਾ ਹਲਕਾ ਭੋਆ ਦੇ 30 ਪਿੰਡਾਂ ਅੰਦਰ ਖੇਡ ਸਟੇਡੀਅਮ ਬਣਾਏ ਜਾਣਗੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੂਰੇ ਪੰਜਾਬ ਦੇ ਕਰੀਬ 3000 ਪਿੰਡਾਂ ਅੰਦਰ 1100 ਕਰੋੜ ਰੁਪਏ ਖਰਚ ਕਰਕੇ ਖੇਡ ਸਟੇਡੀਅਮ ਦਾ ਨਿਰਮਾਣ ਕੀਤਾ ਜਾ ਰਿਹਾ ਹੈ।

ਉਹਨਾਂ ਕਿਹਾ ਕਿ ਆਉਣ ਵਾਲੇ ਇੱਕ ਹਫਤੇ ਦੇ ਅੰਦਰ ਅੰਦਰ ਜਿਹਨਾਂ ਪਿੰਡਾਂ ਅੰਦਰ ਸਟੇਡੀਅਮ ਬਣਾਏ ਜਾਣੇ ਹਨ ਉੱਥੇ ਸਟੇਡੀਅਮ ਦੇ ਨਿਰਮਾਣ ਕਾਰਜ ਆਰੰਭ ਕੀਤੇ ਜਾਣਗੇ ਅਤੇ ਜਲਦੀ ਹੀ ਇਹਨਾਂ ਸਟੇਡੀਅਮ ਦਾ ਨਿਰਮਾਣ ਕਰਕੇ ਪਿੰਡਾਂ ਨੂੰ ਇਹ ਸਟੇਡੀਅਮ ਸਪੁਰਦ ਕੀਤੇ ਜਾਣਗੇ। ਉਹਨਾਂ ਕਿਹਾ ਕਿ ਇਹਨਾਂ ਖੇਡ ਸਟੇਡੀਅਮ ਦੇ ਅੰਦਰ ਪਖਾਨੇ ਅਤੇ ਡੀਪ ਬੋਰ ਤੋ ਇਲਾਵਾ ਵੱਖ ਵੱਖ ਖੇਡਾਂ ਦੇ ਟਰੈਕ ਬਣਾਏ ਜਾਣਗੇ। ਉਹਨਾਂ ਕਿਹਾ ਕਿ ਅਸੀਂ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੇ ਧੰਨਵਾਦੀ ਹਾਂ ਕਿ ਉਹਨਾਂ ਨੇ ਨੌਜਵਾਨਾਂ ਨੂੰ ਖੇਡਾਂ ਦੇ ਨਾਲ ਜੋੜਨ ਦੇ ਲਈ ਇੱਕ ਵੱਡਾ ਤੋਹਫਾ ਇੱਕ ਵੱਡੀ ਰਾਸ਼ੀ ਖੇਡ ਸਟੇਡੀਅਮ ਦੇ ਨਿਰਮਾਣ ਦੇ ਲਈ ਦਿੱਤੀ ਹੈ। ਉਹਨਾਂ ਕਿਹਾ ਕਿ ਇਹ ਖੇਡ ਸਟੇਡੀਅਮ ਜਿੱਥੇ ਹਲਕੇ ਅੰਦਰ ਨੌਜਵਾਨਾਂ ਵਿੱਚੋਂ ਉੱਚ ਕੋਟੀ ਦੇ ਖਿਡਾਰੀਆਂ ਨੂੰ ਤਰਾਸ਼ ਕੇ ਸਾਹਮਣੇ ਲੈ ਕੇ ਆਉਣਗੇ ਜਿਸ ਦੇ ਨਾਲ ਇਲਾਕੇ ਦਾ ਨਾਮ ਪੂਰੇ ਪੰਜਾਬ ਅੰਦਰ ਪੂਰੇ ਹਿੰਦੁਸਤਾਨ ਅੰਦਰ ਰੋਸ਼ਨ ਹੋਵੇਗਾ ਅਤੇ ਨੌਜਵਾਨਾਂ ਨੂੰ ਇੱਕ ਨਵੀਂ ਸੇਧ ਮਿਲੇਗੀ। ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਇਹਨਾਂ ਖੇਡ ਸਟੇਡੀਅਮ ਦੀ ਬਦੌਲਤ ਜਿਆਦਾ ਤੋਂ ਜਿਆਦਾ ਨੌਜਵਾਨ ਖੇਡਾਂ ਦੇ ਨਾਲ ਜੁੜਨਗੇ ਅਤੇ ਦੂਸਰੇ ਨੌਜਵਾਨਾਂ ਦੇ ਲਈ ਵੀ ਪ੍ਰੇਰਨਾ ਦਾ ਸਰੋਤ ਬਣਨਗੇ। ਉਨਾ ਕਿਹਾ ਕਿ ਇਹਨਾਂ ਖੇਡ ਸਟੇਡੀਅਮ ਦੇ ਨਿਰਮਾਣ ਨੂੰ ਲੈ ਕੇ ਉਹ ਵਿਧਾਨ ਸਭਾ ਹਲਕਾ ਭੋਆ ਦੇ ਵਾਸੀਆਂ ਨੂੰ ਵਧਾਈ ਦਿੰਦੇ ਹਨ ਕੀ ਉਹਨਾਂ ਦੇ ਬੱਚਿਆਂ ਨੂੰ ਪੰਜਾਬ ਸਰਕਾਰ ਦੇ ਉਪਰਾਲਿਆ ਸਦਕਾ ਖੇਡਾਂ ਦੇ ਨਾਲ ਜੁੜਨ ਦੇ ਲਈ ਇੱਕ ਵਧੀਆ ਪਲੇਟਫਾਰਮ ਮਿਲਣ ਜਾ ਰਿਹਾ ਹੈ ।

## ਅੱਜ ਬਿਜਲੀ ਬੰਦ ਰਹੇਗੀ

ਬਿਆਸ (ਪਰਮਜੀਤ ਸਿੰਘ ਰੱਖੜਾ)-ਐਕਸੀਅਨ ਰਾਜ ਕੁਮਾਰ ਨੇ ਦੱਸਿਆ ਕਿ 14 ਨਵੰਬਰ (ਸ਼ੁੱਕਰਵਾਰ) ਨੂੰ ਪੀ ਐੱਸ ਪੀ ਸੀ ਐੱਲ ਟੀਮ ਵੱਲੋਂ 132 ਕੇ ਵੀ ਗਰਿੱਡ ਬਿਆਸ ਵਿੱਚ 11 ਕੇ ਵੀ ਬਸਬਾਰ ਨੰਬਰ-1 ਦੀ ਜ਼ਰੂਰੀ ਮੁਰੰਮਤ ਕਰਨ ਲਈ 11 ਕੇ ਵੀ ਬੁੱਢਾ ਥੇਹ, 11 ਕੇ ਵੀ, ਐੱਮ ਈ ਐੱਸ , 11 ਕੇ ਵੀ ਰੇਲਵੇ ਸਟੇਸ਼ਨ ਬਿਆਸ, 11 ਕੇ ਵੀ ਬਿਆਸ ਰੂਰਲ ਫੀਡਰ ਸਮਾਂ ਸਵੇਰੇ 10-00 ਤੋਂ 4-00 ਵਜੇ ਸ਼ਾਮ ਤੱਕ ਬਿਜਲੀ ਸਪਲਾਈ ਬੰਦ ਰਹੇਗੀ।↔

# ਆਨੰਦ ਗਰੁੱਪ ਆਫ ਕਾਲਜਿਜ਼ ਦੀਆਂ ਵਿਦਿਆਰਥਣਾਂ ਵੱਲੋਂ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਰੈਲੀ ਕੱਢੀ



ਮਜੀਠਾ (ਸੋਇਮ ਆਨੰਦ ) ਅੰਮ੍ਰਿਤਸਰ ਪਠਾਨਕੋਟ ਜੀ. ਟੀ. ਰੋਡ ਤੇ ਸਥਿਤ ਆਨੰਦ ਗਰੁੱਪ ਆਫ ਕਾਲਜਿਜ਼ ਜੇਠੂਵਾਲ ਦੀਆਂ ਵਿਦਿਆਰਥਣਾਂ ਵਲੋਂ ਨਸ਼ਿਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਇਕ ਵਿਸ਼ਾਲ ਜਾਗਰੂਕਤਾ ਰੈਲੀ ਕੱਢੀ ਗਈ। ਰੈਲੀ ਨੂੰ ਕਾਲਜ ਦੇ ਚੇਅਰਮੈਨ ਡਾ. ਐੱਮ. ਐੱਮ. ਆਨੰਦ, ਵਾਈਸ ਚੇਅਰਮੈਨ ਡਾ. ਜਸਵਿੰਦਰ ਸਿੰਘ ਢਿੱਲੋਂ, ਡਾਇਰੈਕਟਰ ਸੁਰਿਯਾ ਆਨੰਦ, ਪ੍ਰਿੰਸੀਪਲ ਕੰਵਲਬੀਰ ਕੌਰ ਮਾਹਲ ਵਲੋਂ ਰਵਾਨਾ ਕੀਤਾ ।

ਇਹ ਰੈਲੀ ਵੱਖ-ਵੱਖ ਪਿੰਡਾਂ ਤੋਂ ਹੁੰਦੀ ਹੋਈ ਵਾਪਸ ਸ਼ਾਮ ਨੂੰ ਕਾਲਜ ਵਿਖੇ ਸਮਾਪਤ ਹੋਈ। ਕਾਲਜ ਦੇ ਡਾਇਰਕੈਟਰ ਸੁਰਿਯਾ ਆਨੰਦ ਨੇ ਇਸ ਰੈਲੀ ਨੂੰ ਰਵਾਨਾ ਕਰਨ ਸਮੇਂ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਦੇ ਅਜੋਕੇ ਸਮੇਂ ਵਿੱਚ ਨੌਜਵਾਨ ਪੀੜੀ ਨਸ਼ਿਆਂ ਵਿਚ ਗਰਕ ਹੋ ਰਹੀ ਹੈ। ਸਾਡਾ ਸਭ ਦਾ ਇਹ ਮੁੱਢਲਾ ਫਰਜ਼ ਹੈ ਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਹੰਭਲਾ ਮਾਰੀਏ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰੀਏ। ਉਨ੍ਹਾਂ ਕਿਹਾ ਕਿ ਚੰਗੇ ਤੇ ਨਰੋਏ ਸਮਾਜ ਲਈ ਤੇ ਸਮਾਜਿਕ ਬੁਰਾਈਆਂ ਨੂੰ ਖਤਮ ਕਰਨ ਲਈਨਸ਼ਿਆਂ ਨੂੰ ਖਤਮ ਕਰਨਾ ਸਮੇਂ ਦੀ ਮੁੱਖ ਲੋੜ ਹੈ ਅਤੇ ਪੁਲਿਸ ਵਲੋਂ ਜੋ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਵਿੱਢੀ ਹੈ ਉਹ ਇਕ ਸ਼ਲਾਘਾਯੋਗ ਕਦਮ ਹੈ, ਜਿਸ ਕਰਕੇ ਇਸ ਮੁਹਿੰਮ ਤਹਿਤ ਕਈ ਨਸ਼ੇ ਦੇ ਸੌਦਾਗਰਾਂ ਨੂੰ ਨੱਥ ਪਾਈ ਹੈ।

ਇਸ ਮੌਕੇ ਆਨੰਦ ਕਾਲਜ ਦੇ ਡਾਇਰੈਕਟਰ ਸੁਰਿਆ ਆਨੰਦ, ਪ੍ਰਿੰਸੀਪਲ ਕੰਵਰਬੀਰ ਕੌਰ ਮਾਹਲ,ਗੀਤੂ ਕਾਲੀਆ, ਹਰਪ੍ਰੀਤ ਕੌਰ,ਬਲਜੀਤ ਕੌਰ , ਸਰੁਚੀਪਾਲ ,ਰਮਿੰਦਰਜੀਤ ਕੌਰ ,ਜੋਤੀ ਬਾਲਾ ,ਜਗਰੂਪ ਕੌਰ ,ਸੋਨਲ ਮਹਾਜਨ ,ਭੁਪਿੰਦਰ ਕੌਰ ਸਮੇਤ ਹੋਰ ਸਟਾਫ ਤੇ ਵਿਦਿਆਰਥਣਾਂ ਹਾਜ਼ਰ ਸਨ।

# ਆਵਾਰਾ ਕੁੱਤਿਆਂ ਨੂੰ ਸ਼ੈਲਟਰ ਹੋਮਾਂ 'ਚ ਰੱਖਣ ਬਾਰੇ ਸੁਪਰੀਮ ਕੋਰਟ ਦੇ ਹੁਕਮਾਂ ਦਾ ਸਵਾਗਤ

ਜਲੰਧਰ: ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲਪੀਯੂ) ਦੇ ਫਾਊਂਡਰ-ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਜਨਤਕ ਥਾਵਾਂ ਤੋਂ ਆਵਾਰਾ ਕੁੱਤਿਆਂ ਨੂੰ ਹਟਾਉਣ ਅਤੇ ਉਨ੍ਹਾਂ ਨੂੰ ਸ਼ੈਲਟਰ ਹੋਮਾਂ ਵਿੱਚ ਰੱਖਣ ਬਾਰੇ ਸੁਪਰੀਮ ਕੋਰਟ ਦੇ ਆਦੇਸ਼ ਦਾ ਸਵਾਗਤ ਕੀਤਾ ਹੈ।ਹਾਲਾਂਕਿ ਡਾ. ਮਿੱਤਲ ਨੇ ਚੇਤਾਵਨੀ ਦਿੱਤੀ ਕਿ ਇਹ ਆਦੇਸ਼ ਤਦ ਹੀ ਸਫਲ ਹੋਵੇਗਾ ਜਦੋਂ ਸ਼ੈਲਟਰਾਂ ਲਈ ਲੋੜੀਂਦਾ ਬੁਨਿਆਦੀ ਢਾਂਚਾ ਉਪਲਬਧ ਹੋਵੇਗਾ।ਡਾ. ਮਿੱਤਲ ਨੇ ਕਿਹਾ ਕਿ ਸਿੱਖਿਆ ਸੰਸਥਾਵਾਂ, ਹਸਪਤਾਲਾਂ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਅਤੇ ਹੋਰ ਜਨਤਕ ਥਾਵਾਂ ਤੋਂ ਆਵਾਰਾ ਕੁੱਤਿਆਂ ਨੂੰ ਹਟਾ ਕੇ ਸ਼ੈਲਟਰ ਹੋਮਾਂ ਵਿੱਚ ਭੇਜਣ ਦਾ ਸੁਪਰੀਮ ਕੋਰਟ ਦਾ ਨਿਰਦੇਸ਼ ਕੁੱਤਿਆਂ ਦੀ ਭਲਾਈ ਲਈ ਤਾਂ ਹੈ, ਪਰ ਸਵਾਲ ਇਹ ਹੈ ਕਿ ਕੀ ਸਾਡੇ ਕੋਲ ਸ਼ੈਲਟਰਾਂ ਲਈ ਲੋੜੀਂਦਾ ਢਾਂਚਾ ਉਪਲਬਧ ਹੈ ? ਇਸ ਸੰਦਰਭ ਵਿੱਚ ਡਾ. ਮਿੱਤਲ ਨੇ 27 ਜੁਲਾਈ 2024 ਨੂੰ ਸੰਸਦ ਵਿੱਚ ਦਿੱਤੇ ਆਪਣੇ ਭਾਸ਼ਣ ਨੂੰ ਯਾਦ ਕੀਤਾ।


## ਉੱਤਰ ਰੇਲਵੇ

**ਟੈਂਡਰ ਨੋਟਿਸ ਨੰ: 05/2025-26/94255685 ਮਿਤੀ :- 13.11.2025**

**ਭੰਡਾਰ ਦੀ ਆਪੂਰਤੀ ਲਈ ਮੰਗ ਟੈਂਡਰ ਇਲੈਕਟ੍ਰੋਨਿਕ ਟੈਂਡਰ ਈ ਪ੍ਰਣਾਲੀ ਦੇ ਅੰਤਰਗਤ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀ. ਮੰਡਲ ਸਾਮਗਰੀ ਪ੍ਰਬੰਧਕ/ਉੱਤਰ ਰੇਲਵੇ/ਭੰਡਾਰ ਬਰਾਂਚ/ਫ਼ਿਰੋਜ਼ਪੁਰ ਦੁਵਾਰਾ ਸੰਭਰਣਕਰਤਾਵਾਂ ਤੋਂ ਹੇਠਾ ਲਿਖੇ ਮਦਾਂ ਦੇ ਲਈ ਟੈਂਡਰ ਮੰਗ ਕੀਤੀ ਜਾਂਦੀ ਹੈ:-

| ਲ. ਨੰ: | ਟੈਂਡਰ ਨੰਬਰ | ਮਾਲ ਦਾ ਵੇਰਵਾ | ਮਾਤਰਾ | ਟੈਂਡਰ ਖੁਲਣ ਦੀ ਮਿਤੀ |
|---|---|---|---|---|
| 1 | 94255685 | Supply, Installation, Testing and Commissioning of 500 KVA Silent DG set complying CPWD Part-VII spec with latest amendment. Details specification as per attached "Annexure-A." | 02 Nos. | 08.12.2025 |

**ਟੈਂਡਰ ਸ਼ਰਤਾਂ**- ireps ਦੀ ਵੈੱਬਸਾਈਟ www.ireps.gov.in ਉਤੇ ਉਪਲਬਧ ਹੈ । ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਟੈਂਡਰ ਵਿਚ ਭਾਗ ਲੈਣਾ ਅਤੇ ਰਜਿਸਟਰਡ ਕਰਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਪ੍ਰਮਾਣਿਤ ਏਜੰਸੀ ਤੋਂ ਕਲਾਸ - III ਡਿਜੀਟਲ ਪ੍ਰਮਾਣ ਪੱਤਰ (ਜੇਕਰ ਪਹਿਲਾ ਤੋਂ ਪ੍ਰਾਪਤ ਨਹੀਂ ਕੀਤਾ ਹੈ) ਪ੍ਰਾਪਤ ਕਰਨਾ ਹੋਵੇਗਾ। ਹੱਥ ਨਾਲ ਲਿਖੀ ਟੈਂਡਰ ਸਵੀਕਾਰ ਨਹੀਂ ਕੀਤੀ ਜਾਵੇਗੀ । 3533/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

14 Nov Page 12.qxd 11/13/2025 10:22 PM Page 1



# ਅਮੀਸ਼ ਤ੍ਰਿਪਾਠੀ ਨੇ ਕਾਨਫਰੰਸ 'ਚ ਨੌਜਵਾਨਾਂ ਨੂੰ ਕੀਤਾ ਪ੍ਰੇਰਿਤ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ) ਵਿਖੇ ਆਯੋਜਿਤ ਇੰਡੀਆ ਇੰਟਰਨੈਸ਼ਨਲ ਮੂਵਮੈਂਟ ਵਾਰ ਦ ਯੂਨੀਫੀਕੇਸ਼ਨ ਆਫ ਨੇਸ਼ਨਜ਼ (ਆਈ ਆਈ ਐੱਮ ਯੂ ਐੱਨ) ਜਲੰਧਰ ਕਾਨਫਰੰਸ 2025 ਵਿੱਚ ਗਿਆਨ, ਲੀਡਰਸ਼ਿਪ ਅਤੇ ਸੱਭਿਆਚਾਰ ਦਾ



ਇੱਕ ਸ਼ਾਨਦਾਰ ਜਸ਼ਨ ਦੇਖਿਆ ਗਿਆ। ਵੱਖ-ਵੱਖ ਸੰਸਥਾਵਾਂ ਦੇ 2,000 ਤੋਂ ਵੱਧ ਨੌਜਵਾਨ ਡੈਲੀਗੇਟਾਂ ਨੇ ਭਾਗ ਲਿਆ। ਇਸ ਤਿੰਨ ਦਿਨਾਂ ਸਮਾਗਮ ਨੇ ਐੱਲ ਪੀ ਯੂ ਕੈਂਪਸ ਨੂੰ ਵਿਚਾਰਾਂ, ਕੂਟਨੀਤੀ ਅਤੇ ਸਹਿਯੋਗ ਦੇ ਇੱਕ ਜੀਵੰਤ ਕੇਂਦਰ ਵਿੱਚ ਬਦਲ ਦਿੱਤਾ। ਇਸ ਵਿੱਚ 'ਵਸੁਧੈਵ ਕੁਟੁੰਬਕਮ' ਦੁਨੀਆ ਇੱਕ ਪਰਵਾਰ ਹੈ ਦੇ ਭਾਰਤ ਦੇ ਸਦੀਵੀ ਦਰਸ਼ਨ ਨੂੰ ਸੁੰਦਰਤਾ ਨਾਲ ਪੇਸ਼ ਕੀਤਾ। ਇਸ ਕਾਨਫਰੰਸ ਵਿੱਚ ਪ੍ਰਸਿੱਧ ਭਾਰਤੀ ਲੇਖਕ ਅਤੇ ਆਈ ਆਈ ਐੱਮ ਯੂ ਐੱਨ ਸਲਾਹਕਾਰ ਅਮੀਸ਼ ਤ੍ਰਿਪਾਠੀ, ਐੱਲ ਪੀ ਯੂ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਸੰਧੂ, ਡਾ. ਸੰਜੇ ਲਖਨਪਾਲ ਕਾਰਜਕਾਰੀ ਡੀਨ, ਅਤੇ ਅਰਸ਼ੀਆਨ ਮਲਿਕ, ਸੀਨੀਅਰ ਡਾਇਰੈਕਟਰ ਆਈ ਆਈ ਐੱਮ ਯੂ ਐੱਨ ਨੇ ਸ਼ਿਰਕਤ ਕੀਤੀ। ਤ੍ਰਿਪਾਠੀ ਨੇ ਗਿਆਨ ਅਤੇ ਹਮਦਰਦੀ ਨੂੰ ਸੰਤੁਲਿਤ ਕਰਨ ਦੀ ਮਹੱਤਤਾ 'ਤੇ ਆਪਣੇ ਸੁਝਾਅ ਭਾਸ਼ਣ ਨਾਲ ਨੌਜਵਾਨ ਦਰਸ਼ਕਾਂ ਨੂੰ ਪ੍ਰੇਰਿਤ ਕੀਤਾ। ਭਾਰਤ ਦੀ ਵਿਸ਼ਾਲ ਸੱਭਿਆਚਾਰਕ ਵਿਰਾਸਤ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਨੇ ਨੌਜਵਾਨਾਂ ਨੂੰ ਅਜਿਹੀ ਲੀਡਰਸ਼ਿਪ ਅਪਣਾਉਣ ਦੀ ਅਪੀਲ ਕੀਤੀ ਜੋ ਮੁੱਲ-ਅਧਾਰਿਤ ਅਤੇ ਅਗਾਂਹਵਧੂ ਸੋਚ ਦੋਵਾਂ ਤਰ੍ਹਾਂ ਦੀ ਹੋਵੇ। ਸੈਸ਼ਨ ਦੌਰਾਨ, ਡੈਲੀਗੇਟਾਂ ਨੇ ਡਿਪਲੋਮੈਟਾਂ ਅਤੇ ਨੀਤੀ ਨਿਰਮਾਤਾਵਾਂ ਦੀ ਭੂਮਿਕਾ ਨਿਭਾਈ, ਲਿੰਗ-ਅਧਾਰਿਤ ਹਿੰਸਾ, ਨੌਜਵਾਨ ਬੇਰੁਜ਼ਗਾਰੀ, ਅਤੇ ਸੋਸ਼ਲ ਮੀਡੀਆ ਦੇ ਮਾਨਸਿਕ ਸਿਹਤ ਪ੍ਰਭਾਵਾਂ ਵਰਗੇ ਵਿਸ਼ਵਵਿਆਪੀ ਮੁੱਦਿਆਂ 'ਤੇ ਬਹਿਸ ਅਤੇ ਚਰਚਾ ਕੀਤੀ। ਤਬਦੀਲੀ ਦੀ ਜ਼ਰੂਰਤ ਅਤੇ ਅਸਲ-ਸੰਸਾਰ ਦੀਆਂ ਮੰਗਾਂ ਨੂੰ ਹੋਰ ਜੋੜਦੇ ਹੋਏ, ਜ਼ਿਲ੍ਹਾ ਰੁਜ਼ਗਾਰ ਅਤੇ ਉੱਦਮ ਬਿਊਰੋ, ਜਲੰਧਰ ਦੀ ਡਿਪਟੀ ਡਾਇਰੈਕਟਰ ਨੀਲਮ ਮਹਾਏ ਨੇ ਨੌਜਵਾਨ ਮਨਾਂ ਨਾਲ ਆਪਣੀ ਮੁਹਾਰਤ ਸਾਂਝੀ ਕੀਤੀ।

# ਲੋੜਵੰਦ ਮਰੀਜ਼ਾਂ ਨੂੰ ਕਿਸੇ ਵੀ ਕਿਸਮ ਦੀ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ : ਗੁਰਮੁਖ ਸਿੰਘ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸ੍ਰੀ ਗੁਰੂ ਅਮਰਦਾਸ ਜੀ ਸੇਵਾ ਸੁਸਾਇਟੀ ਉੜਮੁੜ ਟਾਂਡਾ ਵੱਲੋਂ ਗੁਰੂ ਅਮਰਦਾਸ ਜੀ ਦਾ ਓਟ ਆਸਰਾ ਲੈ ਕੇ ਲੋੜਵੰਦ ਮਰੀਜ਼ਾਂ ਲਈ ਫ੍ਰੀ ਹਸਪਤਾਲ ਵਾਲਾ ਬੈੱਡ, ਵਹੀਲ ਚੇਅਰ, ਆਕਸੀਜਨ ਸਿਲੰਡਰ, ਵਾਕਰ ਦੀ ਸੇਵਾ ਬਾਬਾ ਹਰੀ ਸਿੰਘ ਵੱਲੋਂ ਸਰਬਤ ਦੇ ਭਲੇ ਦੀ



ਅਰਦਾਸ ਕਰ ਕੇ ਸ਼ੁਰੂ ਕੀਤੀ ਗਈ। ਸੰਸਥਾ ਦੇ ਮੁੱਖ ਸੇਵਾਦਾਰ ਗੁਰਮੁਖ ਸਿੰਘ ਮਸੀਤੀ ਦੱਸਿਆ ਕਿ ਇਹ ਸੇਵਾ ਪਿੰਡ ਮਸੀਤ ਪਲ ਕੋਟ ਤੋਂ ਧਰਮਿੰਦਰ ਜੀਤ ਸਿੰਘ ਦੇ ਦਸਵੰਧ ਨਾਲ ਸ਼ੁਰੂ ਕੀਤੀ ਗਈ ਹੈ। ਉਹਨਾਂ ਦੱਸਿਆ ਕਿ ਪਹਿਲਾਂ ਵੀ ਸੰਸਥਾ ਵੱਲੋਂ ਸਾਰੀ ਸੰਗਤ ਦੇ ਸਹਿਯੋਗ ਨਾਲ ਰੋਜ਼ਾਨਾ ਟਾਂਡਾ ਦੇ ਹਸਪਤਾਲਾਂ 'ਚ ਦੁੱਧ ਦੀ ਸੇਵਾ ਅੰਬੂਲੈਂਸ ਦੀ ਸੇਵਾ ਅਤੇ ਹੋਰ ਲੋਕ ਭਲਾਈ ਦੇ ਕਾਰਜ ਕਿਤੇ ਜਾ ਰਹੇ ਨੇ ਤੇ ਅੱਗੇ ਤੋਂ ਵੀ ਸੰਸਥਾ ਮਨੁੱਖਤਾ ਦੀ ਸੇਵਾ ਹਿੱਤ ਕਾਰਜ ਕਰਦੀ ਰਹੇਗੀ। ਇਸ ਮੌਕੇ ਤੇ ਰਾਜ ਵਿਰਕ, ਬਾਬਾ ਬਲਬਿੰਦਰ ਸਿੰਘ, ਰਾਜੇਸ਼ ਭੱਲਾ, ਭਾਈ ਮਨਜੀਤ ਸਿੰਘ ਖਾਲਸਾ, ਰਾਜਿੰਦਰ ਮਾਰਸ਼ਲ, ਸੋਨੂ ਮਾਰਸ਼ਲ, ਅਮਰੀਕ ਸਿੰਘ, ਰਵਿੰਦਰ ਸਿੰਘ ਮੁਨਕ ਸਰਬਤ ਦਾ ਭਲਾ ਸੋਸਾਇਟੀ ਤੋਂ ਡਾਕਟਰ ਸ਼ਿਵਰਾਜ ਰੇਖੀ, ਡਾਕਟਰ ਕੇਵਲ ਸਿੰਘ, ਦੁਆਬਾ ਕਿਸਾਨ ਕਮੇਟੀ ਤੋਂ ਜੰਗਵੀਰ ਸਿੰਘ ਚੌਹਾਨ ਅਤੇ ਉਹਨਾਂ ਦੇ ਸਾਥੀ, ਹਰਦੀਪ ਖੁੱਡਾ, ਇਕ ਓਂਕਾਰ ਤੇਰਾਂ ਤੇਰਾਂ ਸੋਸਾਇਟੀ ਤੋਂ ਸੁਖਵਿੰਦਰ ਸਿੰਘ ਜੌਹਲ ਤੇ ਸਾਥੀ, ਗੁਰੂ ਨਾਨਕ ਦੇਵ ਬਲੱਡ ਅਤੇ ਸੇਵਾ ਸੋਸਾਇਟੀ ਤੋਂ ਪਰਮਜੀਤ ਸਿੰਘ ਸੰਨੀ ਪੰਡਿਤ, ਪਰਮਜੀਤ ਸਿੰਘ ਬਾਬੂ, ਸਤਨਾਮ ਸਿੰਘ, ਹਰਜਿੰਦਰ ਸਿੰਘ, ਸੁਖਜੀਤ ਕੌਰ ਟਿੰਮੀ, ਪਰਮਜੀਤ ਕੌਰ, ਪੱਲਵੀ ਮਦਾਨ, ਗੁਰਪ੍ਰੀਤ ਕੌਰ, ਕੁਲਦੀਪ ਕੌਰ, ਜਸਤੇਜ, ਹਰਮਨ ਅਭਿਸ਼ੇਕ, ਕੁਲਤੇਜ, ਅਰਸ਼ਵੀਰ, ਨਿਧੀ ਭੱਲਾ, ਵਿਸ਼ਾਖਾ ਭੱਲਾ ਅਤੇ ਹੋਰ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ। ਇਹ ਉਪਰਾਲਾ ਗੁਰਵਿੰਦਰ ਸਿੰਘ ਸਿੱਧੂ ਹੈਪੀ ਸੰਸਥਾ ਦੇ ਮੁੱਖ ਸਲਾਹਕਾਰ ਦੇ ਸਹਿਯੋਗ ਨਾਲ ਕੀਤਾ ਗਿਆ।

# ਗਿਲਜੀਆਂ ਬਣੇ ਹੁਸ਼ਿਆਰਪੁਰ ਕਾਂਗਰਸ ਦੇ ਪ੍ਰਧਾਨ



**ਅੱਡਾ ਸਰਾਂ (ਜਸਵੀਰ ਕਾਜਲ)**- ਕਾਂਗਰਸ ਹਾਈ ਕਮਾਂਡ ਵੱਲੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਜ਼ਿਲ੍ਹਾ ਕਮੇਟੀ ਦੇ ਮੈਂਬਰ ਨੌਜਵਾਨ ਆਗੂ ਐਡਵੋਕੇਟ ਦਲਜੀਤ ਸਿੰਘ ਗਿਲਜੀਆਂ ਨੂੰ ਹੁਸ਼ਿਆਰਪੁਰ ਕਾਂਗਰਸ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਐਲਾਨ ਉਪਰੰਤ ਜ਼ਿਲ੍ਹੇ ਦੀ ਕਾਂਗਰਸੀ ਲੀਡਰਸ਼ਿਪ ਤੇ ਵਰਕਰਾਂ ਨੇ ਇਸ ਨਿਯੁਕਤੀ ਦਾ ਭਰਵਾਂ ਸਵਾਗਤ ਕੀਤਾ ਹੈ। ਇਸ ਦੌਰਾਨ ਸਾਬਕਾ ਕੈਬਨਿਟ ਮੰਤਰੀ ਪੰਜਾਬ ਸੰਗਤ ਸਿੰਘ ਗਿਲਜੀਆਂ ਦੀ ਮੌਜੂਦਗੀ ਵਿਚ ਕੌਂਸਲਰਾਂ, ਸਰਪੰਚਾਂ-ਪੰਚਾਂ ਅਤੇ ਕਾਂਗਰਸੀ ਕਾਰਕੁੰਨਾਂ ਨੇ ਐਡਵੋਕੇਟ ਦਲਜੀਤ ਸਿੰਘ ਗਿਲਜੀਆਂ ਦਾ ਸਨਮਾਨ ਕਰਦੇ ਹੋਏ ਇਸ ਚੋਣ ਲਈ ਕਾਂਗਰਸ ਹਾਈ ਕਮਾਂਡ ਦਾ ਧੰਨਵਾਦ ਕੀਤਾ । ਇਸ ਮੌਕੇ ਸਾਬਕਾ ਮੰਤਰੀ ਗਿਲਜੀਆਂ ਦਾ ਆਸ਼ੀਰਵਾਦ ਲੈਂਦੇ ਹੋਏ ਐਡਵੋਕੇਟ ਦਲਜੀਤ ਨੇ ਪਾਰਟੀ ਆਲਾ ਕਮਾਂਡ ਸੋਨੀਆ ਗਾਂਧੀ, ਪ੍ਰਧਾਨ ਮਲਿਕਾ ਅਰਜੁਨ ਖੜਗੇ, ਰਾਹੁਲ ਗਾਂਧੀ, ਅੰਬਿਕਾ ਸੋਨੀ, ਇੰਚਾਰਜ ਭੁਪੇਸ਼ ਬਘੇਲ, ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਸੀ. ਐਮ. ਚਰਨਜੀਤ ਸਿੰਘ ਚੰਨੀ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਜ਼ਿਲ੍ਹਾ ਲੀਡਰਸ਼ਿਪ ਦਾ ਧੰਨਵਾਦ ਕਰਦੇ ਹੋਏ ਆਖਿਆ ਕਿ ਉਹ ਜੋ ਜ਼ਿੰਮੇਵਾਰੀ ਪਾਰਟੀ ਨੇ ਸੌਂਪੀ ਹੈ, ਉਸ ਨੂੰ ਤਨਦੇਹੀ ਅਤੇ ਮਿਹਨਤ ਨਾਲ ਨਿਭਾਉਂਦੇ ਹੋਏ ਸਾਰੀ ਲੀਡਰਸ਼ਿਪ ਨੂੰ ਨਾਲ ਲੈ ਕੇ ਜ਼ਿਲ੍ਹੇ ਵਿਚ ਪਾਰਟੀ ਦੀ ਮਜ਼ਬੂਤੀ ਲਈ ਸੇਵਾਵਾਂ ਦੇਣਗੇ । ਇਸ ਮੌਕੇ ਜੋਗਿੰਦਰ ਸਿੰਘ ਗਿਲਜੀਆਂ, ਬਲਾਕ ਕਾਂਗਰਸ ਪ੍ਰਧਾਨ ਅਵਤਾਰ ਸਿੰਘ ਬਾਜਵਾ, ਸੁਖਵਿੰਦਰਜੀਤ ਸਿੰਘ ਬੀਰਾ, ਯੂਥ ਪ੍ਰਧਾਨ ਲੱਬਾ ਜਹੂਰਾ, ਐੱਸ. ਸੀ. ਵਿੰਗ ਪ੍ਰਧਾਨ ਪਰਵਿੰਦਰ ਸਹਿਬਾਜ਼ਪੁਰ, ਗੁਰਸੇਵਕ ਮਾਰਸ਼ਲ, ਰਾਕੇਸ਼ ਬਿੱਟੂ, ਦੇਸ ਰਾਜ ਡੋਗਰਾ, ਰਵਿੰਦਰਪਾਲ ਸਿੰਘ ਗੋਰਾ, ਵਿਪਨ ਮਰਵਾਹਾ, ਰਾਜੇਸ਼ ਲਾਡੀ, ਆਸ਼ੂ ਵੈਦ, ਨੰਬਰਦਾਰ ਜਗਜੀਵਨ ਜੱਗੀ, ਗੁਰਵਿੰਦਰ ਸਿੰਘ ਗੰਧੂਵਾਲ, ਗੁਰਦੇਵ ਸਿੰਘ, ਬ੍ਰਹਮਜੀਤ ਸੈਣੀ, ਪੰਕਜ ਸਚਦੇਵਾ, ਬਲਦੇਵ ਰਾਜ ਆਦਿ ਮੌਜੂਦ ਸਨ ।

# ਪਾਸਪੋਰਟ ਅਦਾਲਤ 'ਚ 250 ਤੋਂ ਵੱਧ ਅਰਜ਼ੀਆਂ ਪ੍ਰਵਾਨ

**ਜਲੰਧਰ (ਇਕਬਾਲ ਸਿੰਘ ਉੱਭੀ)**- ਖੇਤਰੀ ਪਾਸਪੋਰਟ ਦਫ਼ਤਰ (ਆਰ ਪੀ ਓ), ਜਲੰਧਰ ਵੱਲੋਂ ਬੁੱਧਵਾਰ ਨੂੰ ਇੱਕ ਪਾਸਪੋਰਟ ਅਦਾਲਤ ਲਗਾਈ ਗਈ, ਜਿਸ ਵਿੱਚ ਪਾਸਪੋਰਟ ਨਾਲ ਸਬੰਧਤ ਵੱਖ-ਵੱਖ ਮਾਮਲਿਆਂ ਦੇ ਹੱਲ ਲਈ ਲਗਭਗ 350 ਬਿਨੈਕਾਰਾਂ ਨੇ ਹਿੱਸਾ ਲਿਆ। ਇਸ ਪਹਿਲਕਦਮੀ ਦਾ ਉਦੇਸ਼ ਲੰਬਿਤ ਮਾਮਲਿਆਂ ਵਿੱਚ ਤੇਜ਼ੀ ਲਿਆਉਣਾ ਅਤੇ ਨਾਗਰਿਕਾਂ ਨੂੰ ਸੁਚਾਰੂ ਸੇਵਾਵਾਂ ਪ੍ਰਦਾਨ ਕਰਨਾ ਸੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਖੇਤਰੀ ਪਾਸਪੋਰਟ ਅਫ਼ਸਰ ਯਸ਼ਪਾਲ ਨੇ ਦੱਸਿਆ ਕਿ ਪਾਸਪੋਰਟ ਜਾਰੀ ਕਰਨ ਲਈ 250 ਤੋਂ ਵੱਧ ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਦਕਿ ਬਾਕੀ ਮਾਮਲਿਆਂ 'ਤੇ ਜ਼ਰੂਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਅਦਾਲਤ ਦੌਰਾਨ ਅਧਿਕਾਰੀਆਂ ਵੱਲੋਂ 350 ਤੋਂ ਵੱਧ ਮਾਮਲਿਆਂ ਦੀ ਸੁਣਵਾਈ ਕੀਤੀ ਗਈ, ਜਿਨ੍ਹਾਂ ਵਿੱਚੋਂ 250 ਨੂੰ ਮੌਕੇ 'ਤੇ ਹੀ ਪ੍ਰਵਾਨਗੀ ਦਿੱਤੀ ਗਈ। ਆਰ.ਪੀ.ਓ. ਨੇ ਕਿਹਾ ਕਿ ਬਿਨੈਕਾਰਾਂ ਦੀ ਸਹੂਲਤ ਅਤੇ ਪਾਸਪੋਰਟ ਸੇਵਾਵਾਂ ਦੀ ਤੇਜ਼ੀ ਨਾਲ ਸਪੁਰਦਗੀ ਨੂੰ ਯਕੀਨੀ ਬਣਾਉਣ ਲਈ ਅਜਿਹੀਆਂ ਅਦਾਲਤਾਂ ਅਤੇ ਵਿਸ਼ੇਸ਼ ਕੈਂਪ ਨਿਯਮਿਤ ਤੌਰ 'ਤੇ ਲਗਾਏ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ ਪੈਂਡਿੰਗ ਫਾਈਲਾਂ ਵਾਲੇ ਬਿਨੈਕਾਰ ਕਿਸੇ ਵੀ ਕੰਮਕਾਜ ਵਾਲੇ ਦਿਨ ਸਵੇਰੇ 9:30 ਵਜੇ ਤੋਂ ਦੁਪਹਿਰ 12:30 ਵਜੇ ਦਰਮਿਆਨ, ਪੂਰਵ ਆਨਲਾਈਨ ਅਪਾਇੰਟਮੈਂਟ ਦੇ ਨਾਲ ਜਾਂ ਬਿਨਾਂ, ਸਾਰੇ ਸਬੰਧਿਤ ਦਸਤਾਵੇਜ਼ ਲੈ ਕੇ ਦਫ਼ਤਰ ਆ ਸਕਦੇ ਹਨ।

# ਸ਼ਹੀਦੀ ਦਿਹਾੜੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਲਈ 'ਵ੍ਹਾਈਟ ਸਿਟੀ' ਪ੍ਰੋਜੈਕਟ ਦੀ ਸ਼ੁਰੂਆਤ

**ਚੰਡੀਗੜ੍ਹ/ ਸ੍ਰੀ ਅਨੰਦਪੁਰ ਸਾਹਿਬ, (ਗੁਰਜੀਤ ਬਿੱਲਾ)**- ਸ੍ਰੀ ਅਨੰਦਪੁਰ ਸਾਹਿਬ ਦੇ ਅਧਿਆਤਮਿਕ ਅਤੇ ਇਤਿਹਾਸਕ ਮਾਹੌਲ ਨੂੰ ਸਿਖਰ 'ਤੇ ਲਿਜਾਣ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸ਼ਰਧਾਪੂਰਵਕ ਢੰਗ ਨਾਲ ਮਨਾਉਣ ਲਈ 'ਵ੍ਹਾਈਟ ਸਿਟੀ' ਪ੍ਰੋਜੈਕਟ ਦੀ



ਸ਼ੁਰੂਆਤ ਕੀਤੀ ਗਈ ਹੈ।ਇਸ ਮੌਕੇ ਕਿਲ੍ਹਾ ਅਨੰਦਗੜ੍ਹ ਸਾਹਿਬ ਕਾਰ ਸੇਵਾ ਵਾਲੇ ਬਾਬਾ ਸਤਨਾਮ ਸਿੰਘ ਵੱਲੋਂ ਅਰਦਾਸ ਕੀਤੀ ਗਈ ਅਤੇ ਪੰਜਾਬ ਦੇ ਸਿੱਖਿਆ ਮੰਤਰੀ ਅਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਵਿਧਾਇਕ ਸ. ਹਰਜੋਤ ਸਿੰਘ ਬੈਂਸ ਨੇ ਸਥਾਨਕ ਬੱਸ ਸਟੈਂਡ ਤੋਂ ਪੂਰੇ ਸ਼ਹਿਰ ਨੂੰ ਸਫੇਦ ਰੰਗ ਨਾਲ ਰੰਗਣ ਲਈ ਪੇਂਟ ਬੁਰਸ਼ ਨਾਲ ਇਸ ਅਹਿਮ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ।ਇਸ ਪ੍ਰੋਜੈਕਟ ਦੇ ਦ੍ਰਿਸ਼ਟੀਕੋਣ ਬਾਰੇ ਜਾਣਕਾਰੀ ਦਿੰਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ, 'ਅਸੀਂ ਸ੍ਰੀ ਅਨੰਦਪੁਰ ਸਾਹਿਬ ਨੂੰ ਸੁੰਦਰਤਾ, ਸ਼ਾਂਤੀ ਅਤੇ ਸ਼ਰਧਾ ਦਾ ਚਾਨਣ ਮੁਨਾਰਾ ਬਣਾਉਣ ਦੇ ਰਾਹ 'ਤੇ ਨਿਕਲੇ ਹਾਂ। ਇਹ ਪ੍ਰੋਜੈਕਟ ਸਾਡੀ ਅਮੀਰ ਵਿਰਾਸਤ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨਾਲ ਇੱਕ ਵਾਅਦਾ ਹੈ। ਪਵਿੱਤਰ ਨਗਰੀ ਦੀ ਰੂਹਾਨੀਅਤ ਨੂੰ ਪਹਿਲਾਂ ਹੀ ਮਹਿਸੂਸ ਕੀਤਾ ਜਾ ਰਿਹਾ ਹੈ ਕਿਉਂਕਿ ਅਸੀਂ ਹਰ ਗਲੀ ਅਤੇ ਕੋਨੇ ਨੂੰ ਸਾਫ਼ ਕਰ ਰਹੇ ਹਾਂ, ਹਰ ਸੜਕ ਦਾ ਨਵੀਨੀਕਰਨ ਕਰ ਰਹੇ ਹਾਂ ਅਤੇ ਸ਼ਹਿਰ ਨੂੰ ਸਫੇਦ ਰੰਗ ਵਿੱਚ ਰੰਗ ਰਹੇ ਹਾਂ।' ਸਾਰੇ ਭਾਈਚਾਰਿਆਂ ਤੋਂ ਮਿਲ ਰਹੇ ਭਰਵੇਂ ਸਮਰਥਨ ਦਾ ਜ਼ਿਕਰ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਲੋਕ ਭਲਾਈ ਨੂੰ ਸਮਰਪਿਤ ਵਿਅਕਤੀਆਂ ਨੇ ਸ਼ੁਰੂਆਤੀ ਪੜਾਅ ਲਈ 20,000 ਲੀਟਰ ਤੋਂ ਵੱਧ ਸਫੇਦ ਪੇਂਟ ਦਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਆਪਸੀ ਭਾਈਚਾਰੇ ਅਤੇ ਸਮੂਹਿਕ ਯਤਨਾਂ ਦੀ ਭਾਵਨਾ ਦਾ ਇੱਕ ਪ੍ਰਤੱਖ ਪ੍ਰਮਾਣ ਹੈ।

# ਪੋਸਟ ਮੈਟ੍ਰਿਕ ਤੇ ਅਸ਼ੀਰਵਾਦ ਸਕੀਮਾਂ ਅਧੀਨ ਅਦਾਇਗੀ ਤੇਜ਼ੀ ਨਾਲ ਕੀਤੀ ਜਾਵੇ : ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਨੁਸੂਚਿਤ



ਜਾਤੀਆਂ ਅਤੇ ਹਾਸ਼ੀਏ 'ਤੇ ਪਏ ਵਰਗਾਂ ਦੀ ਭਲਾਈ ਲਈ ਵਚਨਬੱਧ ਹੈ।ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਸਮਾਜਿਕ ਨਿਆਂ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਐੱਸ ਸੀ ਸਬ ਪਲਾਨ ਅਧੀਨ ਹੋਏ ਕਾਰਜਾਂ ਦਾ ਜਾਇਜ਼ਾ ਲਿਆ ਅਤੇ ਨਿਰਦੇਸ਼ ਦਿੱਤੇ ਕਿ ਸਾਰੇ ਵਿਭਾਗਾਂ ਤੋਂ ਇਹ ਰਿਪੋਰਟ ਜਲਦੀ ਪ੍ਰਾਪਤ ਕੀਤੀ ਜਾਵੇ ਕਿ ਜਾਰੀ ਕੀਤੀ ਗਈ ਰਾਸ਼ੀ ਵਿੱਚੋਂ ਅਨੁਸੂਚਿਤ ਜਾਤੀ ਭਾਈਚਾਰੇ ਨੂੰ ਕਵਰ ਕਰਨ ਲਈ ਕਿਹੜੇ ਕਦਮ ਚੁੱਕੇ ਜਾ ਰਹੇ ਹਨ। ਮੰਤਰੀ ਨੇ ਸਪੱਸ਼ਟ ਕੀਤਾ ਕਿ ਜਾਰੀ ਐੱਸ ਸੀ ਐੱਸ ਪੀ ਬਜਟ ਦੀ ਵਰਤੋਂ ਸਿਰਫ਼ ਐੱਸ ਸੀ ਭਾਈਚਾਰੇ ਦੀ ਭਲਾਈ ਲਈ ਹੀ ਕੀਤੀ ਜਾਵੇ ਅਤੇ ਵਿਭਾਗ ਦੇ ਅਧਿਕਾਰੀ ਇਸ ਬਜਟ ਅਧੀਨ ਹੋਏ ਕੰਮਾ ਦੀ ਮੋਨੀਟਰਿੰਗ ਕਰਨੀ ਸੁਨਿਸ਼ਚਿਤ ਕਰਨ ।ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਮਾਜਿਕ ਨਿਆਂ ਵਿਭਾਗ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਅਤੇ ਹਾਸ਼ੀਏ 'ਤੇ ਪਏ ਲੋਕਾਂ ਦੀ ਭਲਾਈ ਲਈ ਕੰਮ ਕਰਦਾ ਹੈ। ਇਸ ਲਈ ਇਹਨਾਂ ਯੋਜਨਾਵਾਂ ਨੂੰ ਲਾਗੂ ਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਜਾਂ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਲਾਪਰਵਾਹੀ ਕਰਨ ਵਾਲੇ ਅਧਿਕਾਰੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# ਅੱਖਾਂ ਦਾ ਮੁਫ਼ਤ ਚੈੱਕਅੱਪ ਕੈਂਪ ਅੱਜ

**ਕਾਲਾ ਸੰਘਿਆਂ (ਮਨਜੀਤ ਮਾਨ)**- ਜ਼ਿਲ੍ਹਾ ਕਪੂਰਥਲਾ ਦੇ ਅਧੀਨ ਪੈਂਦੇ ਪਿੰਡ ਸਿੱਧਵਾਂ ਦੋਨਾਂ ਵਿਖੇ ਅਮਰੀਕਾ ਦੀ ਸਮਾਜ ਸੇਵੀ ਸੰਸਥਾ ਯੂਨਾਇਟਡ ਸਿੱਖ ਮਿਸ਼ਨ ਦੇ ਸਹਿਯੋਗ ਨਾਲ



ਬਲਵਿੰਦਰ ਸਿੰਘ ਸਿੱਧੂ ਯੂ ਐੱਸ ਏ, ਬਹਾਦਰ ਸਿੰਘ ਸਿੱਧੂ ਯੂ ਐੱਸ ਏ ਵੱਲੋਂ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ 14 ਨਵੰਬਰ ਨੂੰ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਗੁਰਦੁਆਰਾ ਗੜ੍ਹਗਾਣਾ ਸਾਹਿਬ ਵਿਖੇ ਲਗਾਇਆ ਜਾ ਰਿਹਾ ਹੈ। ਪ੍ਰੈੱਸ ਨੂੰ ਇਹ ਜਾਣਕਾਰੀ ਦਿੰਦਿਆਂ ਉੱਘੇ ਸਮਾਜ ਸੇਵਕ ਭਾਈ ਅਵਤਾਰ ਸਿੰਘ ਸਿੱਧਵਾਂ ਦੋਨਾਂ ਵਾਲਿਆ ਨੇ ਦੱਸਿਆ ਕਿ ਇਸ ਮੌਕੇ ਅਰੋੜਾ ਹਸਪਤਾਲ ਜਲੰਧਰ ਦੇ ਅੱਖਾਂ ਦੇ ਮਾਹਿਰ ਡਾਕਟਰ ਅਮਨਦੀਪ ਸਿੰਘ ਅਰੋੜਾ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕਰਨਗੇ ਤੇ ਮਰੀਜ਼ਾਂ ਦੀਆਂ ਅੱਖਾਂ ਵਿੱਚ ਲੈਂਜ਼ ਪਾਉਣਗੇ ਤੇ ਮਰੀਜ਼ਾਂ ਨੂੰ ਦਵਾਈਆਂ ਤੇ ਐਨਕਾਂ ਮੁਫ਼ਤ ਦਿੱਤੀਆਂ ਜਾਣਗੀਆਂ। ਮਰੀਜ਼ਾਂ ਨੂੰ ਲੈ ਕੇ ਆਉਣ ਜਾਣ ਦਾ ਪ੍ਰਬੰਧ ਪ੍ਰਬੰਧਕ ਕਮੇਟੀ ਵੱਲੋਂ ਕੀਤਾ ਗਿਆ। ਭਾਈ ਅਵਤਾਰ ਸਿੰਘ ਨੇ ਹੋਰ ਦੱਸਿਆ ਕਿ ਬਿਆਸ ਪਿੰਡ ਜ਼ਿਲ੍ਹਾ ਜਲੰਧਰ ਵਿਖੇ ਵੀ ਅਮਰੀਕਾ ਦੀ ਸਮਾਜ ਸੇਵੀ ਸੰਸਥਾ ਵੱਲੋਂ ਹਸਪਤਾਲ ਚਾਲੂ ਕੀਤਾ ਗਿਆ ਹੈ ਜਿਸ ਵਿਚ ਮਹੀਨੇ ਦੀ ਹਰ ਪਹਿਲੀ ਤਰੀਕ ਨੂੰ 11 ਵਜੇ ਤੱਕ ਮਰੀਜ਼ਾਂ ਦੀਆਂ ਅੱਖਾਂ ਦਾ ਮੁਫ਼ਤ ਚੈੱਕਅਪ ਕੀਤਾ ਜਾਂਦਾ ਹੈ ।

# ਆਪਣੇ 'ਤੇ ਹੋਏ ਹਮਲੇ ਖਿਲਾਫ਼ ਪੱਤਰਕਾਰ ਨੇ ਥਾਣੇ ਅੱਗੇ ਦਿੱਤਾ ਧਰਨਾ

**ਨੂਰਮਹਿਲ (ਪੱਤਰ ਪ੍ਰੇਰਕ)** ਬੀਤੀ 21 ਅਕਤੂਬਰ ਨੂੰ ਨੂਰਮਹਿਲ ਤੋਂ ਪੱਤਰਕਾਰ ਬਾਲ ਕ੍ਰਿਸ਼ਨ ਬਾਲੀ 'ਤੇ ਕੁਝ ਲੋਕਾਂ ਨੇ ਘਰ ਵਿੱਚ ਦਾਖਲ ਹੋ ਕੇ ਕੁਹਾੜੀਆਂ ਨਾਲ ਹਮਲਾ ਕਰ




ਦਿੱਤਾ ਅਤੇ ਘਰ ਦੇ ਗੇਟ 'ਤੇ ਕੁਹਾੜੀਆਂ ਮਾਰੀਆਂ, ਨਾਲ ਹੀ ਬਾਲੀ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਦਿੱਤੀਆਂ।ਪੱਤਰਕਾਰ ਬਾਲੀ ਨੇ ਕਿਸੇ ਤਰ੍ਹਾਂ ਇਨ੍ਹਾਂ ਤੋਂ ਬਚ ਕੇ ਆਪਣੀ ਜਾਨ ਬਚਾਈ। ਪੱਤਰਕਾਰ ਬਾਲੀ ਦਾ ਕਹਿਣਾ ਹੈ ਕਿ ਅੱਜ 22 ਦਿਨ ਬੀਤ ਜਾਣ 'ਤੇ ਵੀ ਥਾਣਾ ਨੂਰਮਹਿਲ ਦੀ ਪੁਲਸ ਨੇ ਮੁਲਜ਼ਮਾਂ 'ਤੇ ਕੋਈ ਵੀ ਕਾਰਵਾਈ ਨਹੀਂ ਕੀਤੀ, ਜਿਸ ਤੋਂ ਨਿਰਾਸ਼ ਹੋ ਕੇ ਉਸ ਨੇ ਥਾਣਾ ਨੂਰਮਹਿਲ ਦੇ ਗੇਟ ਅੱਗੇ ਜ਼ੋਰਦਾਰ ਧਰਨਾ ਦਿੱਤਾ ਅਤੇ ਆਪਣੇ 'ਤੇ ਹੋਏ ਇਸ ਹਮਲੇ ਦੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ। ਉਪਰੰਤ ਥਾਣਾ ਨੂਰਮਹਿਲ ਦੇ ਐੱਸ ਐੱਚ ਓ ਨੇ ਧਰਨੇ 'ਤੇ ਬੈਠੇ ਬਾਲੀ ਨੂੰ ਵਿਸ਼ਵਾਸ ਦਿਵਾਇਆ ਅਤੇ ਕਿਹਾ ਕਿ ਸਾਨੂੰ ਦੋ ਦਿਨ ਦਾ ਸਮਾਂ ਦਿਓ।ਤੁਹਾਨੂੰ ਪੂਰਾ-ਪੂਰਾ ਇਨਸਾਫ ਮਿਲੇਗਾ।ਪੁਲਸ ਵੱਲੋਂ ਦਿੱਤੇ ਭਰੋਸੇ ਬਾਅਦ ਪੱਤਰਕਾਰ ਬਾਲੀ ਨੇ ਧਰਨਾ ਸਮਾਪਤ ਕੀਤਾ।

# ਵੈੱਲਫੇਅਰ ਐਸੋਸੀਏਸ਼ਨ ਵੱਲੋਂ ਲੋੜਵੰਦ ਪਰਵਾਰ ਦੀ ਮਦਦ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਚੌਧਰੀ ਗਿਆਨ ਸਿੰਘ ਵੈਲਫ਼ੇਅਰ ਐਸੋਸ਼ੀਏਸ਼ਨ ਸੰਸਥਾ ਵਲੋਂ ਸ਼ਗਨ ਲੜੀ ਤਹਿਤ ਕੰਢੀ ਖੇਤਰ ਦੇ ਪਿੰਡ ਬਾੜੀ ' ਚ ਲੋੜਵੰਦ ਪਰਿਵਾਰ ਦੀ ਬੇਟੀ ਦੇ ਵਿਆਹ ਲਈ 5100 ਰੁਪਏ ਸ਼ਗਨ ਰਾਸ਼ੀ ਭੇਟ ਕੀਤੀ। ਸੰਸਥਾ ਦੇ ਸੂਬਾ ਪ੍ਰਧਾਨ ਪ੍ਰਿੰਸ ਪਲਿਆਲ ਨੇ ਕਿਹਾ ਕਿ ਨਿਰਸਵਾਰਥ ਭਾਵਨਾ ਤੇ ਜਾਤ ਪਾਤ ਤੋਂ ਉੱਪਰ ਉੱਠ ਕੇ ਸਵ. ਰਾਏ ਸਾਹਿਬ ਚੌਧਰੀ ਗਿਆਨ ਸਿੰਘ ਦੁਆਰਾ ਸਮੁੱਚੇ ਸਮਾਜ ਪ੍ਰਤੀ ਕੀਤੇ ਸ਼ਲਾਘਾਯੋਗ ਕੰਮਾਂ ਨੂੰ ਯਾਦ ਕਰਕੇ ਉਨ੍ਹਾਂ ਦੇ ਪੂਰਨਿਆਂ ਤੇ ਚੱਲਣ ਦੀ ਲੋੜ ਹੈ। ਸਵ. ਰਾਏ ਸਾਹਿਬ ਨੇ ਸਮੁੱਚੇ ਸਮਾਜ ਨੂੰ ਸਿਖਿਅਤ ਕਰਨ ਲਈ ਇਲਾਕੇ 'ਚ ਸਕੂਲ ਖੋਲ੍ਹੇ ਤੇ ਅਗਿਆਨਤਾ ਦੇ ਹਨ੍ਹੇਰੇ ਨੂੰ ਸਮਾਜ ਵਿੱਚੋਂ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਫੈਲਾਉਣ 'ਚ ਅਣਥੱਕ ਮਿਹਨਤ ਤੇ ਸਿਦਕ ਨਾਲ ਕੰਮ ਕਰਦੇ ਹੋਏ ਜ਼ਿੰਦਗੀ ਦੇ ਬੇਸ਼ਕੀਮਤੀ ਪਲਾਂ ਨੂੰ ਸਮਾਜ ਦੇ ਲੇਖੇ ਲਾਇਆ। ਪ੍ਰਿੰਸ ਪਲਿਆਲ ਨੇ ਕਿਹਾ ਆਉਣ ਵਾਲੇ ਸਮੇਂ 'ਚ ਸੰਸਥਾ ਨੌਜਵਾਨਾਂ ਨੂੰ ਖੇਡਾਂ ਕਿੱਟਾਂ, ਖ਼ੂਨ ਦਾਨ ਕੈਂਪ, ਜ਼ਰੂਰਤਮੰਦ ਵਿਦਿਆਰਥੀਆਂ ਲਈ ਸਟੇਸ਼ਨਰੀ ਤੋਂ ਇਲਾਵਾ ਸਮੂਹਿਕ ਆਨੰਦ ਕਾਰਜ ਕੀਤੇ ਜਾਣਗੇ। ਇਸ ਮੌਕੇ ਪ੍ਰੈਸ ਸੂਬਾ ਸਕੱਤਰ ਸ਼ਾਦੀ ਲਾਲ ਬਹਿਮਾਵਾ, ਨਵਦੀਪ ਸਿੰਘ, ਪੱਤਰਕਾਰ ਦੇਸ ਰਾਜ, ਸਰਪੰਚ ਕਮਲੇਸ਼ ਕੁਮਾਰੀ, ਪ੍ਰੇਮ ਚੰਦ, ਰਾਜੀਵ ਕੁਮਾਰ ਆਦਿ ਹਾਜ਼ਰ ਸਨ ।

# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ ਮੀਟਿੰਗ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਸਰਕਲ ਮੰਡਲ ਅਨੰਦਪੁਰ ਸਾਹਿਬ ਵਿਖੇ ਪੈਨਸ਼ਨਰ ਦੀ ਮਹੀਨਾਵਾਰ ਮੀਟਿੰਗ ਹੋਈ। ਜਿਸ ਵਿੱਚ ਕਰੀਬ 55 ਮੈਂਬਰਾਂ ਨੇ ਹਿੱਸਾ ਲਿਆ। ਮੀਟਿੰਗ ਦੀ ਪ੍ਰਧਾਨਗੀ ਸਾਥੀ ਭਾਗ ਸਿੰਘ ਮੰਡਲ ਪ੍ਰਧਾਨ ਨੇ ਕੀਤੀ। ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਪਿਛਲੇ ਸਮੇਂ ਦੌਰਾਨ ਵਿਛੜੇ ਸਾਥੀ ਭਗਤ ਰਾਮ ਲਾਈਨਮੈਨ, ਸਾਥੀ ਹੁਸ਼ਿਆਰ ਸਿੰਘ ਜੇਈ, ਸਾਥੀ ਨਗੀਨਾ ਜੇ ਈ ਰਿਟਾਇਰ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਤੋਂ ਉਪਰੰਤ ਸਾਥੀਆਂ ਵੱਲੋਂ 7 ਨਵੰਬਰ ਨੂੰ ਪਟਿਆਲਾ ਵਿਖੇ ਦਿੱਤੇ ਧਰਨੇ ਸਬੰਧੀ ਵਿਚਾਰ ਕੀਤੀ ਗਈ, ਜਿਸ ਵਿੱਚ ਕਰੀਬ 40 ਸਾਥੀਆਂ ਨੇ ਹਿੱਸਾ ਲਿਆ, ਵਿਸ਼ੇਸ਼ ਤੌਰ 'ਤੇ ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਦੀਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਅਤੇ ਬੁਲਾਰੇ ਸਾਥੀਆਂ ਨੇ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ ਅਗਲੇ ਸਮੇਂ ਵਿੱਚ ਆਉਣ ਵਾਲੇ ਤਿਖੇ ਸੰਘਰਸ਼ਾਂ ਪ੍ਰਤੀ ਤਿਆਰ ਰਹਿਣ ਤਾਂ ਜੋ ਪੰਜਾਬ ਸਰਕਾਰ ਵਲੋਂ ਕੀਤੇ ਸਮਝੌਤਿਆਂ ਨੂੰ ਲਾਗੂ ਨਾ ਕਰਵਾ ਸਕੇ। ਬੁਲਾਰੇ ਸਾਥੀਆਂ ਵਿੱਚ ਸਾਥੀ ਦਲਜੀਤ ਸਿੰਘ, ਸਾਥੀ ਸ਼ਾਮ ਲਾਲ ਸ਼ਰਮਾ, ਸਾਥੀ ਬਲਵੰਤ ਸਿੰਘ, ਸਾਥੀ ਪ੍ਰੀਤਮ ਸਿੰਘ, ਸਾਥੀ ਰੋਸ਼ਨ ਸਿੰਘ, ਸਾਥੀ ਹਰਦੇਵ ਸਿੰਘ,, ਸਾਥੀ ਧਰਮ ਸਿੰਘ, ਸਾਥੀ ਜਗੀਰ ਸਿੰਘ ਰੌਲੀ,ਸਾਥੀ ਯੋਗਰਾਜ ਸਿੰਘ, ਸਾਥੀ ਪ੍ਰੇਮ ਕੁਮਾਰ ਸ਼ਰਮਾ, ਸਾਥੀ ਬਜਿੰਦਰ ਪੰਡਤ ਨੇ ਧਰਨੇ ਨੂੰ ਸੰਬੋਧਨ ਕਰਦੇ ਹੋਏ ਸਰਕਾਰ ਨੂੰ ਚਿਤਾਵਨੀ ਦਿੱਤੀ ਕੀ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਜ ਨੂੰ 58% ਡੀ ਏ ਜਲਦ ਤੋਂ ਜਲਦੀ ਲਾਗੂ ਕੀਤਾ ਜਾਵੇ ਨਹੀਂ ਤਾਂ ਸਰਕਾਰ ਦੇ ਖਿਲਾਫ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਸਟੇਜ ਦੀ ਅਗਵਾਈ ਸਾਥੀ ਰਕੇਸ਼ ਬਾਲੀ ਕਲਸੇੜਾ ਮੰਡਲ ਸਕੱਤਰ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਨਿਭਾਈ ਗਈ।



# ਧਾਲੀਵਾਲ ਦੂਸਰੀ ਵਾਰ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਬਣੇ ਪ੍ਰਧਾਨ

**ਫਗਵਾੜਾ (ਡਾ. ਰਮਨ)**- ਕਾਂਗਰਸ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵਲੋਂ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੂੰ ਲਗਾਤਾਰ ਦੂਸਰੀ ਵਾਰ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦਾ ਪ੍ਰਧਾਨ ਐਲਾਨੇ ਜਾਣ ਦਾ ਸਵਾਗਤ ਕਰਦੇ ਹੋਏ ਕਾਂਗਰਸ ਪਾਰਟੀ ਦੇ ਜ਼ਿਲ੍ਹਾ ਜਨਰਲ ਸਕੱਤਰ ਤੁਲਸੀ ਰਾਮ ਖੋਸਲਾ ਨੇ ਕਿਹਾ ਕਿ ਧਾਲੀਵਾਲ ਦੇ ਦੁਬਾਰਾ ਪ੍ਰਧਾਨ ਬਣਨ ਨਾਲ ਫਗਵਾੜਾ ਸਮੇਤ ਸਮੁੱਚੇ ਜਿਲ੍ਹੇ ਦੇ ਕਾਂਗਰਸ ਵਰਕਰਾਂ ਵਿੱਚ ਖੁਸ਼ੀ ਅਤੇ ਜੋਸ਼ ਦੀ ਲਹਿਰ ਹੈ। ਬਲਵਿੰਦਰ ਸਿੰਘ ਧਾਲੀਵਾਲ ਦੀ ਰਹਿਨੁਮਾਈ ਹੇਠ ਕਾਂਗਰਸ ਜ਼ਿਲ੍ਹਾ ਕਪੂਰਥਲਾ ਵਿੱਚ ਹੋਰ ਮਜ਼ਬੂਤ ਹੋਵੇਗੀ। ਉਹਨਾਂ ਕਿਹਾ ਕਿ ਪਾਰਟੀ ਪ੍ਰਤੀ ਨਿਭਾਈਆਂ ਬੇਹਤਰੀਨ ਸੇਵਾਵਾਂ ਨੂੰ ਦੇਖਦੇ ਹੋਏ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਰਨਲ ਸਕੱਤਰ ਕੇ ਸੀ ਵੇਨੂਗੋਪਾਲ ਨੇ ਵਿਧਾਇਕ ਧਾਲੀਵਾਲ ਨੂੰ ਮੁੜ ਜ਼ਿਲ੍ਹਾ ਕਾਂਗਰਸ ਪ੍ਰਧਾਨ ਦੀ ਜ਼ਿੰਮੇਵਾਰੀ ਦਿੱਤੀ ਹੈ। ਤੁਲਸੀ ਰਾਮ ਖੋਸਲਾ ਨੇ ਆਲ ਇੰਡੀਆ ਕਾਂਗਰਸ ਕਮੇਟੀ ਦੀ ਚੇਅਰਪਰਸਨ ਸੋਨੀਆ ਗਾਂਧੀ, ਪ੍ਰਧਾਨ ਮਲਿਕਾਰਜੁਨ ਖੜਗੇ, ਸਾਬਕਾ ਪ੍ਰਧਾਨ ਰਾਹੁਲ ਗਾਂਧੀ ਤੋਂ ਇਲਾਵਾ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਇਸ ਨਿਯੁਕਤੀ ਲਈ ਤਹਿ ਦਿਲੋਂ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਬਲਵਿੰਦਰ ਸਿੰਘ ਧਾਲੀਵਾਲ ਪਾਰਟੀ ਦੇ ਮਿਹਨਤੀ, ਪੜ੍ਹੇ ਲਿਖੇ, ਸੂਝਵਾਨ ਤੇ ਨਿਧੜਕ ਆਗੂ ਹਨ। ਜਿਹਨਾਂ ਨੇ ਪਾਰਟੀ ਪ੍ਰਤੀ ਆਪਣੀ ਹਰ ਜਿੰਮੇਵਾਰੀ ਨੂੰ ਬਾਖੂਬੀ ਨਿਭਾਇਆ ਹੈ। ਧਾਲੀਵਾਲ ਦੀ ਰਹਿਨੁਮਾਈ ਹੇਠ ਕਾਂਗਰਸ ਪਾਰਟੀ ਹੋਰ ਮਜ਼ਬੂਤ ਹੋਵੇਗੀ ਅਤੇ 2027 ਦੀਆਂ ਪੰਜਾਬ ਵਿਧਾਨਸਭਾ ਚੋਣਾਂ ਦੌਰਾਨ ਜ਼ਿਲ੍ਹਾ ਕਪੂਰਥਲਾ ਦੀਆਂ ਚਾਰੇ ਸੀਟਾਂ ਤੇ ਕਬਜ਼ਾ ਕਰਕੇ ਸ਼ਾਨਦਾਰ ਜਿੱਤ ਦਾ ਇਤਿਹਾਸ ਰਚਿਆ ਜਾਵੇਗਾ।

# ਮੁੱਖ ਮੰਤਰੀ ਨੇ ਸ਼ੈਫਾਲੀ ਵਰਮਾ ਨੂੰ ਡੇਢ ਕਰੋੜ ਰੁਪਏ ਦਾ ਚੈੱਕ ਤੇ ਗ੍ਰੇਡ ਏ ਗ੍ਰੇਡੇਸ਼ਨ ਸਰਟੀਫਿਕੇਟ ਦੇ ਕੇ ਕੀਤਾ ਸਨਮਾਨਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਵਿਸ਼ਵ ਕੱਪ ਜੇਤੂ-2025 ਭਾਰਤੀ ਮਹਿਲਾ ਕ੍ਰਿਕੇਟ ਟੀਮ ਦੀ ਖਿਡਾਰੀ ਸ਼ੇਫਾਲੀ ਵਰਮਾ ਨੂੰ ਵਧੀਆ ਪ੍ਰਦਰਸ਼ਨ ਕਰਨ ਦੇ ਲਈ 1.50 ਕਰੋੜ ਰੁਪਏ ਦਾ ਚੈਕ ਤੇ ਗ੍ਰੇਡ ਏ ਗ੍ਰੇਡੇਸ਼ਨ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ। ਨਾਲ ਹੀ ਹਰਿਆਣਾ ਰਾਜ ਮਹਿਲਾ ਆਯੋਗ ਵੱਲੋਂ ਕ੍ਰਿਕੇਟਰ ਸ਼ੇਫਾਲੀ ਵਰਮਾ ਨੂੰ ਬ੍ਰਾਂਡ ਏਂਬੇਸਟਰ ਵੀ ਬਣਾਇਆ ਗਿਆ।ਮੁੱਖ ਮੰਤਰੀ ਨੇ ਇਹ ਸਨਮਾਨ ਸੰਤ ਕਬੀਰ ਕੁਟੀਰ ਮੁੱਖ ਮੰਤਰੀ ਨਿਵਾਸ, ਚੰਡੀਗੜ੍ਹ ਵਿੱਚ ਦਿੱਤਾ। ਇਸ ਦੌਰਾਨ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਸ੍ਰੀ ਵਿਪੁਲ ਗੋਇਲ ਅਤੇ ਕ੍ਰਿਕੇਟਰ ਸ਼ੇਫਾਲੀ ਵਰਮਾ ਦੇ ਪਰਿਵਾਰਕ ਮੈਂਬਰ ਦਾਦਾ, ਪਿਤਾ ਅਤੇ ਭਰਾ ਮੌਜੂਦ ਰਹੇ। ਮੁੱਖ ਮੰਤਰੀ ਨੇ ਉਨ੍ਹਾਂ ਨੂੰ ਸਮ੍ਰਿਤੀ ਚਿੰਨ੍ਹ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ।ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸ਼ੇਫਾਲੀ ਵਰਮਾ ਤੇ ਉਨ੍ਹਾਂ ਦੇ ਪਰਿਵਾਰ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਹਰਿਆਣਾ ਨੌਜੁਆਨਾਂ ਦਾ ਹੱਬ ਹੈ ਅਤੇ ਸਾਡੀ ਬੇਟੀਆਂ ਨੇ ਕੌਮਾਂਤਰੀ ਪੱਧਰ 'ਤੇ ਝੰਡੇ ਦਾ ਮਾਨ ਵਧਾਉਣ ਦਾ ਕੰਮ ਕੀਤਾ ਹੈ। ਇਹੀ ਨਹੀਂ ਸੂਬੇ ਦੀ ਬੇਟੀ ਨੇ ਵਲਡ ਕੱਪ ਦੇ ਫਾਈਨਲ ਵਿੱਚ ਅਹਿਮ ਭੂਮਿਕਾ ਨਿਭਾ ਕੇ ਭਾਰਤ ਨੂੰ ਵਲਡ ਚੈਂਪੀਅਨਸ ਬਣਵਾਇਆ ਹੈ।

# ਦਿੱਲੀ ਧਮਾਕੇ ਦੇ ਦੋਸ਼ੀਆਂ ਨੂੰ ਮਿਲੇ ਸਖ਼ਤ ਸਜ਼ਾ : ਰਿੰਪਲ ਕੁਮਾਰ

**ਫਗਵਾੜਾ (ਡਾ. ਰਮਨ)**- ਪਿੰਡ ਵਜੀਦੋਵਾਲ ਦੇ ਸਰਪੰਚ ਰਿੰਪਲ ਕੁਮਾਰ ਨੇ ਦਿੱਲੀ ਵਿੱਚ ਲਾਲ ਕਿਲੇ ਦੇ ਨਜ਼ਦੀਕ ਸੋਮਵਾਰ ਨੂੰ ਹੋਏ ਬੰਬ ਧਮਾਕੇ ਦੀ ਸਖ਼ਤ ਨਿਖੇਧੀ ਕੀਤੀ ਹੈ। ਉਹਨਾਂ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਤੇ ਕਿਹਾ ਕਿ ਵਿਦੇਸ਼ਾਂ 'ਚ ਬੈਠੀਆਂ ਭਾਰਤ ਵਿਰੋਧੀ ਤਾਕਤਾਂ ਅਤੇ ਦਹਿਸ਼ਤਗਰਦਾ ਨੂੰ ਭਾਰਤ ਦੀ ਤਰੱਕੀ ਅਤੇ ਸ਼ਾਂਤੀ ਪਸੰਦ ਨਹੀਂ ਹੈ। ਜਿਸ ਕਰਕੇ ਉਹ ਅਜਿਹੀਆਂ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ। ਉਹਨਾਂ ਧਮਾਕੇ ਵਿੱਚ ਜਾਨਾਂ ਗੁਆਉਣ ਵਾਲੇ ਸ਼ਹਿਰੀਆਂ ਦੇ ਪਰਵਾਰਾਂ ਪ੍ਰਤੀ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਅਤੇ ਜ਼ਖ਼ਮੀ ਹੋਏ ਨਾਗਰਿਕਾਂ ਦੀ ਸਿਹਤਯਾਬੀ ਲਈ ਪਰਮਾਤਮਾ ਅੱਗੇ ਅਰਦਾਸ ਕੀਤੀ ਉੱਥੇ ਹੀ ਪਾਕਿਸਤਾਨ ਨੂੰ ਵੀ ਤਾੜਨਾ ਕੀਤੀ ਕਿ ਉਹ ਭਾਰਤ ਦਾ ਮਾਹੌਲ ਵਿਗਾੜਨ ਦੀ ਬਜਾਏ ਆਪਣੇ ਦੇਸ਼ ਦੇ ਮਾੜੇ ਹਾਲਾਤਾਂ ਨੂੰ ਸੁਧਾਰਨ ਵੱਲ ਧਿਆਨ ਦੇਵੇ।



# ਡੀ ਐੱਮ ਕਮੇਟੀ ਆਨ ਅਸੈਂਬਲ ਇਲੈਕਸ਼ਨਜ ਸੰਬੰਧੀ ਮੀਟਿੰਗ

**ਮੋਹਾਲੀ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਡਿਸਟ੍ਰਿਕਟ ਮੋਨੀਟਰਿੰਗ ਕਮੇਟੀ ਆਨ ਅਸੈਂਬਲ ਇਲੈਕਸ਼ਨ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆ ਚੋਣ ਤਹਿਸੀਲਦਾਰ ਸ੍ਰੀ ਸੰਜੇ ਕੁਮਾਰ ਵੱਲੋਂ ਆਉਣ ਵਾਲੇ ਸਮੇਂ 'ਚ ਹੋਣ ਵਾਲੀਆਂ ਚੋਣਾਂ 'ਚ ਦਿਵਿਆਂਗ ਤੇ ਸੀਨੀਅਰ ਸਿਟੀਜਨਜ਼ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਹੁਣ ਤੋਂ ਉਪਰਾਲੇ ਆਰੰਭੇ ਜਾਣ ਲਈ ਕਿਹਾ ਗਿਆ।ਅਜਿਹੇ ਦਿਵਿਆਂਗ ਵੋਟਰ ਜੋ ਕਿਸੇ ਵੀ ਵਿਧਾਨ ਸਭਾ ਚੋਣ ਹਲਕੇ ਦੀ ਵੋਟਰ ਸੂਚੀ 'ਚ ਸ਼ਾਮਲ ਨਹੀਂ ਹਨ, ਉਨ੍ਹਾਂ ਦੀ ਵੋਟਾਂ ਬਣਾਈਆਂ ਜਾਣ।

# ਖਾਲਸਾ ਕਾਲਜ ਦੀ ਟੀਮ ਨੇ ਅੰਤਰ ਕਾਲਜ ਟੂਰਨਾਮੈਂਟ 'ਚ ਕਾਂਸੀ ਦਾ ਤਮਗਾ ਜਿੱਤਿਆ



**ਮਾਹਿਲਪੁਰ (ਸ.ਫਰੀ)**- ਪਿਛਲੇ ਦਿਨੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਹੋਏ ਅੰਤਰ ਕਾਲਜ ਵਾਲੀਬਾਲ ਟੂਰਨਾਮੈਂਟ (ਲੜਕੇ) ਵਿੱਚ ਵਧੀਆ ਖੇਡ ਦਾ ਪ੍ਰਦਰਸ਼ਨ ਕਰਨ ਵਾਲੀ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੀ ਟੀਮ ਨੇ ਤੀਜੀ ਪੁਜੀਸ਼ਨ ਹਾਸਿਲ ਕਰਕੇ ਯੂਨੀਵਰਸਿਟੀ ਦੇ ਪ੍ਰਬੰਧਕਾਂ ਤੋਂ ਕਾਂਸੀ ਦਾ ਤਮਗਾ ਹਾਸਿਲ ਕੀਤਾ। ਇਸ ਮੌਕੇ ਗੱਲ ਕਰਦਿਆਂ ਕਾਲਜ ਦੇ ਪ੍ਰਿੰ ਡਾ ਪਰਵਿੰਦਰ ਸਿੰਘ, ਵਾਲੀਬਾਲ ਟੀਮ ਦੇ ਕੋਚ ਪ੍ਰੋ. ਇਕਬਾਲ ਸਿੰਘ ਅਤੇ ਟੀਮ ਦੇ ਮੈਨੇਜਰ ਡਾ ਜਤਿੰਦਰ ਕੁਮਾਰ ਨੇ ਦੱਸਿਆ ਕਿ ਅੰਤਰ ਕਾਲਜ ਵਾਲੀਬਾਲ ਟੂਰਨਾਮੈਂਟ ਵਿੱਚ ਕਾਲਜ ਦੇ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਟੂਰਨਾਮੈਂਟ ਵਿੱਚ ਪੰਜਾਬ ਯੂਨੀਵਰਸਿਟੀ ਤੋਂ ਮਾਨਤਾ ਪ੍ਰਾਪਤ ਕਾਲਜਾਂ ਦੀਆਂ ਵਾਲੀਬਾਲ ਟੀਮਾਂ ਨੇ ਹਿੱਸਾ ਲਿਆ ਸੀ ਅਤੇ ਕਾਲਜ ਦੀ ਟੀਮ ਨੇ ਕਾਂਸੀ ਦਾ ਤਮਗਾ ਹਾਸਿਲ ਕਰਕੇ ਸੰਸਥਾ ਦਾ ਮਾਣ ਵਧਾਇਆ ਹੈ। ਇਸ ਮੌਕੇ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ ਅਤੇ ਸਟਾਫ ਨੇ ਵੀ ਟੀਮ ਦੇ ਕੋਚ ਪ੍ਰੋ ਇਕਬਾਲ ਸਿੰਘ, ਟੀਮ ਮੈਨੇਜਰ ਡਾ. ਜਤਿੰਦਰ ਕੁਮਾਰ ਅਤੇ ਖਿਡਾਰੀ ਵਿਦਿਆਰਥੀਆਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ।

# ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਦੀ ਕੋਸ਼ਿਸ਼ ਨੂੰ ਪਿਆ ਬੂਰ : ਪਾਇਲਟ

## ਉੱਚ ਅਧਿਕਾਰੀਆਂ ਵੱਲੋਂ 50% ਅੰਕਾਂ ਦੀ ਸ਼ਰਤ ਹਟਾਉਣ ਦਾ ਪੱਤਰ ਜਾਰੀ

**ਜਲੰਧਰ (ਰਾਜੇਸ਼ ਥਾਪਾ)**- ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਹੈਡਮਾਸਟਰ ਤੇ ਲੈਕਚਰਾਰ ਤੋਂ ਬਤੌਰ ਪ੍ਰਿੰਸੀਪਲ 75% ਪ੍ਰਮੋਸ਼ਨ ਕੋਟੇ ਦੇ ਅਧਾਰ ਤਰੱਕੀਆਂ ਦੀ ਅਰਜ਼ੀਆਂ ਮੰਗੀਆਂ ਗਈਆਂ ਸਨ।ਪਰੰਤੂ ਤਰੱਕੀ ਕਰਨ ਲਈ ਪੋਸਟ ਗ੍ਰੇਜੂਏਸ਼ਨ ਡਿਗਰੀ ਵਿੱਚੋਂ 50% ਅੰਕ ਪ੍ਰਾਪਤ ਕਰਨ ਦੀ ਸ਼ਰਤ ਲਗਾਈ ਗਈ ਸੀ ਜੋ ਕਿ ਬਿਲਕੁਲ ਨਜਾਇਜ਼ ਸੀ।ਇਸ ਸਬੰਧੀ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦਾ ਵਫ਼ਦ ਸਲਾਹਕਾਰ ਬਲਕਾਰ ਸਿੰਘ ਵਲਟੋਹਾ, ਸੁਰਿੰਦਰ ਕੁਮਾਰ ਪੁਆਰੀ ਸੂਬਾ ਪ੍ਰਧਾਨ,ਜਿੰਦਰ ਪਾਇਲਟ ਕਾਰਜਕਾਰੀ ਜਨਰਲ ਸਕੱਤਰ, ਟਹਿਲ ਸਿੰਘ ਸਰਾਭਾ ਪ੍ਰੈਸ ਸਕੱਤਰ, ਜਗਮੋਹਨ ਸਿੰਘ ਚੌਂਤਾ,



ਰਾਕੇਸ਼ ਧਵਨ ਅਤੇ ਬਲਜਿੰਦਰ ਸਿੰਘ ਵਡਾਲੀ ਨੇ ਦੱਸਿਆ ਕਿ ਸੂਬਾ ਕਮੇਟੀ ਦੀ ਅਗਵਾਈ ਹੇਠ ਸਿੱਖਿਆ ਸਕੱਤਰ ਸ੍ਰੀ ਮਤੀ ਅਨੰਦਿਤਾ ਮਿੱਤਰਾ ਅਤੇ ਡਾਇਰੈਕਟਰ ਸੈਕੰਡਰੀ ਸਿੱਖਿਆ ਸ੍ਰੀ ਗੁਰਿੰਦਰ ਸਿੰਘ ਸੋਢੀ ਨੂੰ ਯੂਨੀਅਨ ਵੱਲੋਂ ਇੱਕ ਲਿਖਤੀ ਪੱਤਰ ਲੈ ਕੇ ਮਿਲਿਆ ਅਤੇ ਇਸ ਗ਼ਲਤ ਨਿਯਮ ਨਾਲ ਲਗੀ ਹੋਈ ਸ਼ਰਤ ਨੂੰ ਹਟਾਉਣ ਲਈ ਮੰਗ ਰੱਖੀ ਗਈ।ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਲਗਾਤਾਰ ਇਸ ਬੇਨਿਯਮੀ ਵਿਰੁੱਧ ਕਾਰਵਾਈ ਕੀਤੀ ਗਈ।ਜਿਸ ਵਿੱਚ ਲਗਾਤਾਰ ਡਾਇਰੈਕਟਰ ਸੈਕੰਡਰੀ ਸਿੱਖਿਆ,ਸਿੱਖਿਆ ਸਕੱਤਰ ਪੰਜਾਬ,ਸਿੱਖਿਆ ਮੰਤਰੀ ਤੇ ਮੁੱਖ ਮੰਤਰੀ ਪੰਜਾਬ ਨੂੰ ਪੱਤਰ ਵੀ ਲਿਖੇ ਗਏ ਅਤੇ ਮੀਟਿੰਗਾਂ ਵੀ ਕੀਤੀਆਂ ਗਈਆਂ।ਯੂਨੀਅਨ ਦੀ ਯੋਗ ਅਗਵਾਈ ਸਦਕਾ ਸਕੂਲ ਸਿੱਖਿਆ ਵਿਭਾਗ ਪੰਜਾਬ ਸਰਕਾਰ ਵੱਲੋਂ ਪੱਤਰ ਜਾਰੀ ਕਰਕੇ ਸਪੱਸ਼ਟ ਕੀਤਾ ਗਿਆ ਕਿ ਪ੍ਰਿੰਸੀਪਲ ਦੀ ਪ੍ਰੋਮੋਸ਼ਨ ਦੀ ਅਸਾਮੀ ਲਈ ਪੋਸਟ ਗ੍ਰੇਜੂਏਸ਼ਨ ਦੀ ਵਿੱਦਿਅਕ ਯੋਗਤਾ ਲੋੜੀਂਦੀ ਹੈ,ਪ੍ਰੰਤੂ ਪੋਸਟ ਗ੍ਰੈਜੂਏਸ਼ਨ ਵਿੱਚ ਜਨਰਲ ਕੈਟਾਗਰੀ ਲਈ ਘੱਟੋ-ਘੱਟ 50% ਅੰਕਾਂ ਦੀ ਸ਼ਰਤ ਤੇ ਐੱਸ ਸੀ ,ਐੱਸ.ਟੀ ,ਬੀ ਸੀ,ਓ ਬੀ ਸੀ ਤੇ ਦਿਵਿਆਂਗ ਕੈਟਾਗਰੀ ਲਈ 45% ਅੰਕਾਂ ਦੀ ਸ਼ਰਤ ਲਾਗੂ ਨਹੀਂ ਹੁੰਦੀ ਹੈ।ਇਸ ਨਾਲ ਲੰਬੇ ਸਮੇਂ ਤੋਂ ਤਰੱਕੀ ਦੀ ਉਡੀਕ ਵਿੱਚ ਬੈਠੇ ਲੈਕਚਰਾਰ 'ਤੇ ਹੈੱਡ ਮਾਸਟਰ ਨੂੰ ਤਰੱਕੀ ਮਿਲ ਸਕੇਗੀ ਤੇ ਤਰੱਕੀ ਰਾਹੀਂ ਭਰਨ ਵਾਲੀਆਂ 75 ਪ੍ਰਤੀਸ਼ਤ ਸਾਰੀਆਂ ਖਾਲੀ ਅਸਾਮੀਆਂ ਤੁਰੰਤ ਪਹਿਲਾਂ ਦੀ ਤਰ੍ਹਾਂ ਭਰੀਆਂ ਜਾਣਗੀਆਂ ਅਤੇ ਵੱਡੀ ਗਿਣਤੀ ਵਿੱਚ ਖਾਲੀ ਸਕੂਲਾਂ ਨੂੰ ਪ੍ਰਿੰਸੀਪਲ ਮਿਲ ਜਾਣਗੇ।

# ਧਾਰਮਿਕ ਸਮਾਗਮ 20 ਨੂੰ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਸ਼ਿਵਾਲਿਕ ਪਹਾੜੀਆਂ ਦੀ ਗੋਦ ਵਿੱਚ ਵਸਦੇ ਪਿੰਡ ਲਲਵਾਨ ਵਿਖੇ ਸਥਿਤ ਡੇਰਾ ਸੇਵਾਪੁਰੀ ਵਿਖੇ ਸੰਤ ਬਾਬਾ ਸੇਵਾ ਨੰਦ ਮਹਾਰਾਜ ਜੀ ਦੀ ਯਾਦ ਨੂੰ ਸਮਰਪਿਤ



ਧਾਰਮਿਕ ਸਮਾਗਮ 20 ਨਵੰਬਰ ਦਿਨ ਵੀਰਵਾਰ ਨੂੰ ਬਹੁਤ ਹੀ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਇਸ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਜਗਦੀਸ਼ਵਰਾਨੰਦ ਨੇ ਦੱਸਿਆ ਕਿ ਸਮਾਗਮ ਨੂੰ ਮੁੱਖ ਰੱਖਦਿਆਂ 18 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਨਾਂ ਦੇ ਭੋਗ 20 ਨਵੰਬਰ ਨੂੰ ਪੈਣਗੇ। ਪਾਠ ਦੇ ਭੋਗ ਤੋਂ ਬਾਅਦ ਸਮਾਗਮ ਵਿੱਚ ਪਹੁੰਚੇ ਕੀਰਤਨੀ ਜਥੇ ਅਤੇ ਸੰਤ ਮਹਾਂਪੁਰਸ਼ ਸੰਤ ਬਾਬਾ ਸੇਵਾਨੰਦ ਮਹਾਰਾਜ ਜੀ ਦੇ ਪਰਉਪਕਾਰੀ ਕਾਰਜਾਂ ਤੋਂ ਸੰਗਤਾਂ ਨੂੰ ਜਾਣੂ ਕਰਵਾਉਣਗੇ। ਗੁਰੂ ਕੇ ਲੰਗਰ ਅਤੁੱਟ ਚੱਲਣਗੇ। ਸੰਤ ਬਾਬਾ ਜਗਦੀਸ਼ਵਰਾ ਨੰਦ ਮਹਾਰਾਜ ਨੇ ਇਲਾਕਾ ਨਿਵਾਸੀ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਸਮਾਗਮ ਵਿੱਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

**ਜਨਮ ਦਿਨ ਮੁਬਾਰਕ**



ਦੀਦਾਰ ਕੌਰ, ਤਰਨ ਤਾਰਨ

**ਵਰ੍ਹੇਗੰਢ ਮੁਬਾਰਕ**



ਸੰਦੀਪ ਤੇ ਸਿਮਰਨ ਵਾਸੀ ਰੋਪੜ ਨੂੰ ਵਿਆਹ ਦੀ 15ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।

**ਮੁਬਾਰਕਾਂ**



ਹਰਪ੍ਰੀਤ ਸਿੰਘ ਵਾਸੀ ਸੈਦਪੁਰ ਦਾ ਸ਼ੁੱਭ ਵਿਆਹ ਜਾਗ੍ਰਿਤੀ ਕੌਰ ਵਾਸੀ ਕਾਦੀਆਂ ਨਾਲ ਹੋਇਆ।

# ਨੇਤਰਦਾਨ ਪ੍ਰਣ ਪੱਤਰ ਨਾ ਭਰਨ 'ਤੇ ਵੀ ਅੱਖਾਂ ਦਾਨ ਕੀਤੀਆਂ ਜਾ ਸਕਦੀਆਂ : ਸੰਜੀਵ ਅਰੋੜਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਤਹਿਸੀਲ ਹੋਸ਼ਿਆਰਪੁਰ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਸ਼ਮਸ਼ੇਰ ਸਿੰਘ ਧਾਮੀ ਦੀ ਅਗਵਾਈ ਹੇਠ ਮਿਨੀ ਸਕਤਰੇਤ ਹੁਸ਼ਿਆਰਪੁਰ ਵਿੱਚ ਹੋਈ। ਪੈਨਸ਼ਨਰਾਂ ਨੂੰ ਨੇਤਰਦਾਨ ਬਾਰੇ ਜਾਗਰੂਕ ਕਰਨ ਲਈ ਰੋਟਰੀ ਆਈ ਬੈਂਕ ਵਲੋਂ ਚੇਅਰਮੈਨ ਸੰਜੀਵ ਅਰੋੜਾ, ਪ੍ਰਧਾਨ ਜੇ.ਬੀ. ਬੈਹਲ, ਅਸ਼ਵਨੀ ਦੱਤਾ, ਪ੍ਰੋ. ਦਲਜੀਤ ਸਿੰਘ ਅਤੇ ਜਸਬੀਰ ਕੰਵਰ ਮੌਜੂਦ ਸਨ। ਇਸ ਮੌਕੇ ਪ੍ਰਧਾਨ ਜੇ ਬੀ ਬੈਹਲ ਨੇ ਨੇਤਰਦਾਨ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਜੇ ਤੁਹਾਡੇ ਕਿਸੇ ਨੇੜਲੇ ਦੀ ਮੌਤ ਹੋ ਜਾਂਦੀ ਹੈ ਤਾਂ ਤੁਸੀਂ ਸਿਰਫ਼ ਸੋਸਾਇਟੀ ਦੇ ਕਿਸੇ ਮੈਂਬਰ ਨੂੰ ਇੱਕ ਫੋਨ ਕਰਨਾ ਹੈ, ਤਾਂ ਜੋ ਸੋਸਾਇਟੀ ਦੇ ਮੈਂਬਰ ਵਿਸ਼ੇਸ਼ ਡਾਕਟਰਾਂ ਦੀ ਟੀਮ ਸਮੇਤ ਤੁਹਾਡੇ ਘਰ ਪਹੁੰਚ ਜਾਣਗੇ ਅਤੇ ਅੱਖਾਂ ਲੈਣ ਦੀ ਪ੍ਰਕਿਰਿਆ ਸਿਰਫ਼ 15-20 ਮਿੰਟਾਂ ਵਿੱਚ ਪੂਰੀ ਹੋ ਜਾਂਦੀ ਹੈ। ਚੈਅਰਮੈਨ ਸੰਜੀਵ ਅਰੋੜਾ ਨੇ ਦੱਸਿਆ ਕਿ ਮਰਨ ਉਪਰੰਤ 6 ਤੋਂ 8 ਘੰਟਿਆਂ ਦੇ ਅੰਦਰ ਅੱਖਾਂ ਦਾਨ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਜ਼ਰੂਰੀ ਨਹੀਂ ਕਿ ਜਿਸ ਵਿਅਕਤੀ ਨੇ ਨੇਤਰਦਾਨ ਪ੍ਰਣ ਪੱਤਰ ਭਰਿਆ ਹੋਵੇ ਉਹੀ ਅੱਖਾਂ ਦਾਨ ਕਰ ਸਕਦਾ ਹੈ, ਜੇ ਕਿਸੇ ਨੇ ਪ੍ਰਣ ਪੱਤਰ ਨਹੀਂ ਵੀ ਭਰਿਆ, ਉਸ ਦੀਆਂ ਅੱਖਾਂ ਵੀ ਦਾਨ ਕੀਤੀਆਂ ਜਾ ਸਕਦੀਆਂ ਹਨ। ਇਸ ਮੌਕੇ ਕੁਲਵੰਤ ਸਿੰਘ ਜ਼ਿਲ੍ਹਾ ਪ੍ਰਧਾਨ, ਮਹਿੰਦਰ ਕੁਮਾਰ ਮਹਿਤਾ, ਬਲਬੀਰ ਸਿੰਘ ਸੈਣੀ ਤੇ ਹੋਰ ਮੈਂਬਰ ਵੀ ਮੌਜੂਦ ਸਨ।



# 'ਪੈਸਿਵ ਆਮਦਨ-ਵਿੱਤੀ ਆਜ਼ਾਦੀ ਵੱਲ ਇੱਕ ਕਦਮ' ਵਿਸ਼ੇ 'ਤੇ ਸੈਮੀਨਾਰ

**ਫਗਵਾੜਾ (ਡਾ. ਰਮਨ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ ਪੀ ਯੂ) ਦੇ ਮਿੱਤਲ ਸਕੂਲ ਆਫ਼ ਬਿਜ਼ਨਸ ਵਲੋਂ ਸਥਾਨਕ ਹਦੀਆਬਾਦ ਸਥਿਤ ਮੰਦਿਰ ਬਾਬਾ ਟੋਪੇ ਵਾਲਾ ਵਿਖੇ ਵਿੱਤੀ ਸਾਖਰਤਾ ਤਹਿਤ ਪੈਸਿਵ ਆਮਦਨ-ਵਿੱਤੀ ਆਜਾਦੀ ਵੱਲ ਇਕ ਕਦਮ ਵਿਸ਼ੇ 'ਤੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਦੌਰਾਨ ਸਮਾਜ ਸੇਵਿਕਾ ਸ਼ਿਲਪਾ ਚੱਢਾ ਅਤੇ ਅਧਿਆਪਕਾ ਸ਼ੀਤਲ ਜੋਸ਼ੀ ਕੋਟਰਾਣੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਐੱਲ ਪੀ ਯੂ ਦੀ ਟੀਮ ਦੇ ਕੋਆਰਡੀਨੇਟਰ ਅਕਸ਼ਿਤਾ ਬਾਂਸਲ ਅਤੇ ਮੈਂਬਰ ਹਿਮਾਂਸ਼ੂ ਭੂਮਿਕਾ ਤੇ ਚਾਂਦ ਦੀ ਹਾਜ਼ਰੀ ਵਿੱਚ ਮੁੱਖ ਟ੍ਰੇਨਰ ਮਨਮੀਤ ਕੌਰ ਤੇ ਤਜਿੰਦਰ ਕੌਰ ਨੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪੈਸਿਵ ਆਮਦਨ ਪੈਦਾ ਕਰਨਾ ਵਿੱਤੀ ਸੁਤੰਤਰਤਾ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਹ ਉਹ ਆਮਦਨ ਹੈ ਜੋ ਕਿਰਾਇਆ, ਰਾਇਲਟੀ, ਜਾਂ ਨਿਵੇਸ਼ ਆਮਦਨ ਵਰਗੇ ਮਹੱਤਵਪੂਰਨ ਯਤਨਾਂ ਸਦਕਾ ਬਿਨਾਂ ਮਿਹਨਤ ਪੈਦਾ ਹੁੰਦੀ ਹੈ। ਪੈਸਿਵ ਆਮਦਨ ਕਿਸੇ ਸਰਗਰਮ ਨੌਕਰੀ 'ਤੇ ਨਿਰਭਰ ਹੋਏ ਬਿਨਾਂ ਖਰਚਿਆਂ ਨੂੰ ਪੂਰਾ ਕਰਨ ਵਿੱਚ ਮਦਦ ਕਰਦੀ ਹੈ, ਜਿਸ ਨਾਲ ਵਿੱਤੀ ਤੌਰ 'ਤੇ ਸੁਤੰਤਰਤਾ ਮਿਲਦੀ ਹੈ। ਸਮਾਜ ਸੇਵਿਕਾ ਸ਼ਿਲਪਾ ਚੱਢਾ ਨੇ ਐੱਲ ਪੀ ਯੂ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਲੋਕਾਂ ਲਈ ਲਾਹੇਵੰਦ ਦੱਸਿਆ। ਕੋਆਰਡੀਨੇਟਰ ਅਕਸ਼ਿਤਾ ਬਾਂਸਲ ਅਤੇ ਸਮੁੱਚੀ ਟੀਮ ਵਲੋਂ ਪਤਵੰਤਿਆਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਅਨੂ, ਕਿਰਨ, ਆਰਤੀ, ਸੁਦੇਸ਼ ਰਾਣੀ, ਜੋਤੀ, ਕਮਲਜੀਤ, ਦੇਵੀ ਰਾਣੀ, ਹਰਜੀਤ ਕੌਰ, ਅੰਜਲੀ, ਨੇਹਾ, ਸੁਸ਼ੀਲਾ, ਗੀਤੂ, ਮਨਜੀਤ ਕੌਰ, ਸੀਮਾ ਰਾਣੀ, ਵਿਜੇ ਲਕਸ਼ਮੀ, ਮਨਪ੍ਰੀਤ ਕੌਰ, ਰਾਜਵਿੰਦਰ ਕੌਰ, ਰਜਨੀ, ਅੰਜੂ, ਹਿਮਾਨੀ ਆਦਿ ਹਾਜ਼ਰ ਸਨ।



ਬਹੁਤ ਜਨਮ ਬਿਛੁਰੇ ਥੇ ਮਾਧਉ, ਇਹੁ ਜਨਮੁ ਤੁਮਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ, ਚਿਰ ਭਇਓ ਦਰਸਨੁ ਦੇਖੇ ॥



**ਚੌਧਰੀ ਤਰਲੋਚਨ ਸਿੰਘ ਸੂੰਢ ਜੀ**

(ਸਾਬਕਾ ਵਿਧਾਇਕ, ਬੰਗਾ (ਸ਼ਹੀਦ ਭਗਤ ਸਿੰਘ ਨਗਰ)
ਅਤੇ ਸਾਬਕਾ ਆਈ ਐੱਫ ਐੱਸ ਅਫ਼ਸਰ)

**ਭੋਗ ਅਤੇ ਅੰਤਿਮ ਅਰਦਾਸ**

15 ਨਵੰਬਰ 2025 ਦਿਨ ਸ਼ਨੀਵਾਰ
ਬਾਅਦ ਦੁਪਹਿਰ 12.30 ਤੋਂ ਦੁਪਹਿਰ 2.30 ਵਜੇ ਤੱਕ

ਸਥਾਨ : ਨਵੀਂ ਦਾਣਾ ਮੰਡੀ, ਬੰਗਾ
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਪੰਜਾਬ)

ਵੱਲੋਂ :- ਕੁਲਵਰਨ ਸਿੰਘ ਥਾਂਦੀਆਂ ਪ੍ਰਧਾਨ ਬਲਾਕ ਕਾਂਗਰਸ ਕਮੇਟੀ, ਬੰਗਾ